# *DIRECTORATE OF DISTANCE EDUCATION*

**UNIVERSITY OF JAMMU**
**JAMMU**

## SELF LEARNING MATERIAL
## B.A. SEMESETER - IV

| | |
|---|---|
| **Subject : Punjabi** | **Unit I to III** |
| **Course No. : PB-401** | **Lesson No. 1 to 14** |

**Dr. Hina S. Abrol**
**COURSE CO-ORDINATOR**

**Printed and Published on behalf of the Directorate of Distance Education, University of Jammu, Jammu by the Director, DDE, University of Jammu, Jammu.**

**http:/www.distanceeducationju.in**

# PUNJABI NOVEL

**COURSE CONTRIBUTORS**

- **Dr. Baljeet Kour**
- **Ms. Kusum**
- **Dr. Harbhajan Singh**

**CONTENT EDITING**

- **Dr. Baljeet Kour**
  H.O.D.
  Department of Punjabi
  Jammu University

© Directorate of Distance Education, University of Jammu, Jammu 2018

- All rights reserved. No part of this work may be reproduced in any form, by mimeograph or any other means, without permission in writing from the DDE, University of Jammu.
- The Script writer shall be responsible for the lesson/script submitted to the DDE and any plagiarism shall be his/her entire responsibility.

Printed by : Kanti Offset / 2018 / 200 Nos.

# SYLLABUS

**PUNJABI - 4th Semester**

**EXAMINATION TO BE HELD IN MAY, 2016, 2017 & 2018**

Course No PB-401 | Title : ਪੰਜਾਬੀ ਨਾਵਲ, ਸਿਧਾਂਤ ਅਤੇ ਭਾਸ਼ਾ ਵਿਗਿਆਨ

Duration : 3 Hrs. | (Punjabi Novel, Sahit Sidhant Ate Bhasha Vigiyan)

Credits : 4

Maximum Marks : 100

Theory examination 80

Internal examination 20

Unit I : (ਪੰਜਾਬੀ ਨਾਵਲ)

ਇਕ ਮਿਆਨ ਦੋ ਤਲਵਾਰਾਂ

ਨੋਟ : ਉਪਰੋਕਤ ਨਾਵਲ ਨੂੰ ਹੇਠ ਲਿਖੇ ਪੱਖਾਂ ਤੋਂ ਪੜ੍ਹਿਆ ਅਤੇ ਪੜ੍ਹਾਇਆ ਜਾਵੇ।

: ਵਿਸ਼ਾ ਪੱਖ

: ਪਾਤਰ ਉਸਾਰੀ

: ਪਲਾਟ/ਕਥਾਨਕ

: ਨਾਵਲ ਕਲਾ

: ਨਾਵਲਕਾਰ ਦੀ ਪੰਜਾਬੀ ਸਾਹਿਤ ਨੂੰ ਦੇਣ ਅਤੇ ਸਥਾਨ।

Unit II : (ਸਾਹਿਤ ਸਿਧਾਂਤ)

: ਸਾਹਿਤ ਦੀ ਪਰਿਭਾਸ਼ਾ, ਪ੍ਰਯੋਜਨ ਤੇ ਤੱਤ

: ਸਾਹਿਤ ਤੇ ਸਮਾਜ ਦਾ ਆਪਸੀ ਸੰਬੰਧ

: ਸਾਹਿਤ ਦੇ ਰੂਪ; ਪਰਿਭਾਸ਼ਾ ਤੇ ਤੱਤ (ਨਾਵਲ, ਨਾਟਕ, ਕਹਾਣੀ, ਜੀਵਨੀ ਅਤੇ ਸਵੈਜੀਵਨੀ)।

Unit III: (ਭਾਸ਼ਾ ਵਿਗਿਆਨ)

: ਪੰਜਾਬੀ ਭਾਸ਼ਾ ਦੀ ਬਣਤਰ ਅਤੇ ਵਿਸ਼ੇਸ਼ਤਾਵਾਂ

: ਪੰਜਾਬੀ ਭਾਸ਼ਾ ਦਾ ਇਤਿਹਾਸ

: ਸਵਰ ਅਤੇ ਵਿਅੰਜਨ; ਪਰਿਭਾਸ਼ਾ, ਧੁਨੀਆਂ ਦਾ ਵਰਗੀਕਰਨ।

Book prescribed :

੧. ਇਕ ਮਿਆਨ ਦੋ ਤਲਵਾਰਾਂ : ਨਾਨਕ ਸਿੰਘ

੨. ਸਾਹਿਤ ਸ਼ਾਸਤ੍ਰ : ਰੋਸ਼ਨ ਲਾਲ ਅਹੂਜਾ

੩. ਪੰਜਾਬੀ ਦੀ ਪਾਠ-ਪੁਸਤਕ (ਸੰਪਾ.) ਪ੍ਰੋ. ਬਲਦੇਵ ਸਿੰਘ ਚੀਮਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪਟਿਆਲਾ।

Note : For examination and paper setter

There will be four units in this paper.

Unit I shall have four questions and candidate will be required to attempt two questions.

The nature of question shall be of Literary Criticism as per prescribed text/ contents each question shall carry ten (10) marks 2×10=10

Unit II shall have eight questions and candidate will be required to attempt four questions out of given eight in about 150 words. The nature of the questions shall be text/content oriented as per prescribed text/contents. Each question shall carry five marks. 4×5=20

Unit III shall have four questions and candidate will be required to attempt two questions out of given four in about 600 words. The nature of the questions shall be text/content oriented as per prescribed text/contents in the syllabus. Each question shall carry 10 marks. 2×10=20

Unit IV shall have two parts i.e. (a) & (b) Part (a) shall have five questions and candidate will be required to attempt all the five questions. The question shall be of basic/conceptual/definition & nature. Each question shall carry two marks.

5×2=10

Part (b) shall have ten multiple choice questions 10×1=10

Equal weightage shall be given to all the texts/contents prescribed in the syllabus.

| | | |
|---|---|---|
| Distribution of Internal Assignment | | 20 Marks |
| i) | Class Test | 10 Marks |
| ii) | Two written assignments | 10 Marks (05 Marks each) |

-----0-----

## TABLE OF CONTENTS


| LESSON NO. | TITLE OF THE LESSON | PAGE NO. |
|---|---|---|
| 1. | (ਇਕ ਮਿਆਨ ਦੋ ਤਲਵਾਰਾਂ ਨਾਵਲ ਦਾ ਵਿਸ਼ਾ ਪੱਖ) | 4 |
| 2. | (ਇਕ ਮਿਆਨ ਦੋ ਤਲਵਾਰਾਂ ਨਾਵਲ ਦੀ ਪਾਤਰ ਉਸਾਰੀ) | 16 |
| 3. | (ਇਕ ਮਿਆਨ ਦੋ ਤਲਵਾਰਾਂ ਨਾਵਲ ਦਾ ਪਲਾਟ / ਕਥਾਨਕ) | 25 |
| 4. | (ਨਾਨਕ ਸਿੰਘ ਦੀ ਪੰਜਾਬੀ ਸਾਹਿਤ ਨੂੰ ਦੇਣ ਅਤੇ ਸਥਾਨ) | 35 |
| 5. | (ਇਕ ਮਿਆਨ ਦੋ ਤਲਵਾਰਾਂ ਨਾਵਲ ਦੇ ਆਧਾਰ ਤੇ ਨਾਨਕ ਸਿੰਘ ਦੀ ਨਾਵਲ ਕਲਾ) | 50 |
| 6. | (ਸਾਹਿਤ ਦੀ ਪਰਿਭਾਸ਼ਾ, ਪ੍ਰਯੋਜਨ ਤੇ ਤੱਤ) | 71 |
| 7. | (ਸਾਹਿਤ ਤੇ ਸਮਾਜ ਦਾ ਆਪਸੀ ਸੰਬੰਧ) | 81 |
| 8. | (ਨਾਵਲ ਅਤੇ ਕਹਾਣੀ ਦੀ ਪਰਿਭਾਸ਼ਾ ਅਤੇ ਤੱਤ) | 87 |
| 9. | (ਨਾਟਕ ਦੀ ਪਰਿਭਾਸ਼ਾ ਅਤੇ ਤੱਤ) | 98 |
| 10. | (ਜੀਵਨੀ ਅਤੇ ਸਵੈਜੀਵਨੀ : ਪਰਿਭਾਸ਼ਾ ਤੇ ਤੱਤ) | 106 |
| 11. | (ਪ੍ਰਸ਼ਨ. ਪੰਜਾਬੀ ਭਾਸ਼ਾ ਦਾ ਇਤਿਹਾਸਕ ਵਿਕਾਸ) | 112 |
| 12. | (ਪੰਜਾਬੀ ਭਾਸ਼ਾ ਦੀ ਬਣਤਰ ਅਤੇ ਵਿਸ਼ੇਸ਼ਤਾਵਾਂ) | 125 |
| 13. | (ਪ੍ਰਸ਼ਨ : ਪੰਜਾਬੀ ਸ੍ਵਰ ਪਰਿਭਾਸ਼ਾ ਅਤੇ ਵਰਗੀਕਰਨ) | 132 |
| 14. | (ਪ੍ਰਸ਼ਨ-ਪੰਜਾਬੀ ਵਿਅੰਜਨ : ਪਰਿਭਾਸ਼ਾ ਅਤੇ ਵਰਗੀਕਰਨ) | 141 |

**Uint- 1 (ਪੰਜਾਬੀ ਨਾਵਲ)** **Lesson : 1**

## Title : (ਇਕ ਮਿਆਨ ਦੋ ਤਲਵਾਰਾਂ ਨਾਵਲ ਦਾ ਵਿਸ਼ਾ ਪੱਖ)

**Structure :**


**1.1 Objective (ਉਦੇਸ਼)**

**1.2 Inroduction (ਜਾਣ-ਪਛਾਣ)**

**1.3 Headings (ਇਕ ਮਿਆਨ ਦੋ ਤਲਵਾਰਾਂ ਨਾਵਲ ਦਾ ਵਿਸ਼ਾ ਪੱਖ)**

**1.4 Summary (ਨਿਸ਼ਕਰਸ਼)**

**1.5 Glossory/Keywords (ਔਖੇ ਸ਼ਬਦਾਂ ਦੇ ਅਰਥ)**

**1.6 Self-Assesment Questions (SAQ)**

**1.7 Suggestive learning**

**1.8 References**


### 1.1 ਉਦੇਸ਼ (Objectives)

ਨਾਨਕ ਸਿੰਘ ਦੇ ਇਤਿਹਾਸਕ ਨਾਵਲਾਂ ਦੇ ਰੂਪ ਵਿੱਚ ਇਤਿਹਾਸਕ ਨਾਵਲ ਦੀ ਉਪ ਵਿਧਾ ਦੀਆਂ ਕਈ ਗਤੀਆਂ ਗ੍ਰਹਿਣ ਵੀ ਕਰਦੇ ਹਨ ਅਤੇ ਕਈ ਨਵੀਨ ਗਤੀਆਂ ਸਥਾਪਤ ਵੀ ਕਰਦੇ ਹਨ। ਦੇਸ਼-ਵੰਡ ਦੇ ਦੁਖਾਂਤ ਅਤੇ ਗਦਰ ਲਹਿਰ ਦੇ ਉਦਭਵ, ਰੋਮਾਂਸ, ਪਤਨ ਦੀ ਪੇਸ਼ਕਾਰੀ ਕਰਦੇ ਹਨ। ਇਸ ਨਾਲ ਜੁੜੇ ਹੋਏ ਹੋਰ ਮਹੱਤਵਪੂਰਨ ਪਾਸਾਰਾਂ ਨੂੰ ਇਕੋ ਸਮੇਂ ਇਤਿਹਾਸਕ ਦ੍ਰਿਸ਼ਟੀ ਤੋਂ ਵਿਸ਼ਲੇਸ਼ਿਤ ਵੀ ਕਰਦੇ ਹਨ ਅਤੇ ਇਤਿਹਾਸਕ ਤੱਥਾਂ ਦੇ ਆਧਾਰ ਉਤੇ ਪਰਖਦੇ ਵੀ ਹਨ। ਅਰਥਾਤ ਇਹ ਕਾਰਣ ਕਾਰਜ ਸੰਬੰਧਾਂ ਦੀ ਪ੍ਰਤੀਕਾਤਮਕ ਅਤੇ ਤੱਥਮੂਲਕ ਦੋਵੇਂ ਤਰ੍ਹਾਂ ਦੀ ਪੇਸ਼ਕਾਰੀ ਕਰਦੇ ਹਨ ਇਤਿਹਾਸਕ ਪੰਜਾਬੀ

ਨਾਵਲ ਪਰੰਪਰਾ ਵਿੱਚ ਅਜਿਹੀ ਸੰਤੁਲਿਤ ਦੂਹਰੀ ਅਤੇ ਸੰਯੁਕਤ ਦ੍ਰਿਸ਼ਟੀ ਅਲਪ ਮਾਤਰਾ ਵਿੱਚ ਪਾਈ ਜਾਂਦੀ ਹੈ, ਜੋ ਕਿ ਇਨ੍ਹਾਂ ਨਾਵਲਾਂ ਦੀ ਵਿਲਖੱਣਤਾ ਅਤੇ ਪ੍ਰਮਾਣਿਕਤਾ ਦਾ ਆਧਾਰ ਹੈ ।

## 1.2 ਜਾਣ-ਪਛਾਣ (Introduction)

ਨਾਨਕ ਸਿੰਘ ਦਾ ਜਨਮ 4 ਜੁਲਾਈ 1897 ਨੂੰ ਚਕ ਹਮੀਦ ਜ਼ਿਲ੍ਹਾ ਜਿਹਲਮ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਰੋਜ਼ਗਾਰ ਦੇ ਸਿਲਸਿਲੇ ਵਿੱਚ ਪਿਸ਼ਾਵਰ ਰਹਿੰਦੇ ਸਨ। ਨਾਨਕ ਸਿੰਘ ਅਜੇ ਬਾਲਪਣ ਦੀ ਅਵਸਥਾ ਵਿੱਚ ਹੀ ਸੀ ਕਿ ਪਿਤਾ ਦਾ ਸਾਇਆ ਸਿਰ ਉਤੋਂ ਉਠ ਗਿਆ। ਇਸ ਤੋਂ ਪਿਛੋਂ ਨਾਨਕ ਸਿੰਘ ਅੰਮ੍ਰਿਤਸਰ ਆ ਗਿਆ ਅਤੇ ਮਿਹਨਤ ਕਰਕੇ ਆਪਣਾ ਅਤੇ ਪਰਿਵਾਰ ਦਾ ਪੇਟ ਭਰਨ ਲਗਾ। ਨਾਨਕ ਸਿੰਘ ਨੇ 'ਮਤਰੇਈ ਮਾਂ' 'ਕਾਲ ਚੱਕਰ' 1928 ਅਤੇ 'ਮਿੱਠਾ ਮੋਹਰਾ' (1930) ਵਰਗੇ ਲਘੂਨਾਵਲ ਲਿਖ ਕੇ ਆਪਣਾ ਰਚਨਾਤਮਕ ਸਫਰ ਸ਼ੁਰੂ ਕੀਤਾ। ਨਾਵਲ ਲਿਖਣ ਤੋਂ ਪਹਿਲਾਂ ਉਸ ਨੇ ਕੁਝ ਸਮਾਂ ਕਵੀਸ਼ਰੀ ਵੀ ਕੀਤੀ । ਇਸ ਤਰ੍ਹਾਂ ਉਸਨੂੰ ਕਾਵਿ ਦੇ ਮਾਧਿਅਮ ਉਪਰ ਵੀ ਕਾਫ਼ੀ ਅਖ਼ਤਿਆਰ ਪ੍ਰਾਪਤ ਸੀ ਪਰੰਤੂ ਉਸਨੂੰ ਪ੍ਰਸਿੱਧੀ ਇਕ ਨਾਵਲਕਾਰ ਦੇ ਰੂਪ ਵਿੱਚ ਪ੍ਰਾਪਤ ਹੋਈ। ਉਸਨੇ ਪੰਜਾਬੀ ਵਿੱਚ 38 ਮੌਲਿਕ ਅਤੇ 8 ਅਨੁਵਾਦਿਤ ਨਾਵਲਾਂ ਦੀ ਰਚਨਾ ਕੀਤੀ।ਹਰ ਵਰੇ ਨਵੇਂ ਨਾਵਲ ਦੀ ਰਚਨਾ ਕਰਦਾ ਅਤੇ ਪਾਠਕ ਵੀ ਉਸਦਾ ਪਿਛਲਾ ਨਾਵਲ ਪੜ੍ਹ ਕੇ ਨਵੇਂ ਨਾਵਲ ਦਾ ਇੰਤਜ਼ਾਰ ਕਰਦੇ ਸਨ। ਇੱਕ ਮਿਆਨ ਦੋ ਤਲਵਾਰਾਂ' (1960) ਦੀ ਰਚਨਾ ਉਤੇ ਉਸਨੂੰ "ਭਾਰਤੀ ਸਾਹਿਤ ਅਕਾਦਮੀ" ਵੱਲੋਂ ਪੁਰਸਕਾਰ ਪ੍ਰਾਪਤ ਹੋਇਆ। 1971 ਈ. ਵਿੱਚ ਉਸਨੂੰ ਪੰਜਾਬੀਆਂ ਵੱਲੋਂ ਇਕ ਅਭਿਨੰਦਨ ਗ੍ਰੰਥ ਭੇਟ ਕੀਤਾ ਗਿਆ ।

ਇੱਕ ਮਿਆਨ ਦੋ ਤਲਵਾਰਾਂ' ਇਤਿਹਾਸਕ ਨਾਵਲ ਹੈ । ਇਸ ਵਿੱਚ 1914-15 ਦੀ 'ਗਦਰ ਲਹਿਰ' ਨੂੰ ਚਿਤ੍ਰਿਆ ਗਿਆ ਹੈ। ਬਹੁਤ ਸਾਰੀਆਂ ਘਟਨਾਵਾਂ ਅਤੇ ਪਾਤਰ ਤਰੀਖੀ ਹਨ ਪਰ ਕੁਝ ਘਟਨਾਵਾਂ ਅਤੇ ਪਾਤਰ ਕਾਲਪਨਿਕ ਹਨ। ਇਤਿਹਾਸਕ ਨਾਵਲ ਇਤਿਹਾਸ ਵੀ ਹੁੰਦਾ ਹੈ ਅਤੇ ਨਾਵਲ ਵੀ। ਇਤਿਹਾਸ ਉਤੇ ਜਦੋਂ ਕਲਪਨਾ ਦੀ ਰੰਗਤ ਚੜ੍ਹਦੀ ਹੈ ਤਾਂ ਉਹ ਇਤਿਹਾਸਕ ਨਾਵਲ ਬਣ ਜਾਂਦਾ ਹੈ। ਨਾਨਕ ਸਿੰਘ ਨੇ ਇਸ ਨਾਵਲ ਵਿੱਚ ਇਕ ਐਸੇ ਦੌਰ ਦੀ ਪੁਨਰ-ਸਿਰਜਨਾ ਕੀਤੀ ਹੈ ਜਿਸ ਨੂੰ ਲੋਕ ਭਲੁ ਦੇ ਜਾ ਰਹੇ ਸਨ। ਅਜੀਬ ਇਤਫਾਕ ਦੀ ਗੱਲ ਹੈ ਕਿ 1914-15 ਦੇ ਕਰਾਂਤੀਕਾਰੀ ਅੰਦੋਲਨ ਬਾਰੇ ਜੇਕਰ ਕਿਸੇ ਨੇ ਨਾਵਲ ਲਿੱਖਿਆ ਤਾ ਉਹ ਨਾਨਕ ਸਿੰਘ ਵਰਗੇ ਵਿਸ਼ੇਸ਼ ਅਹਿੰਸਾਵਾਦੀ ਨੇ।ਨਾਨਕ ਸਿੰਘ 'ਗਦਰ ਲਹਿਰ' ਦੇ ਹਿੰਸਾਵਾਦੀਆਂ ਨੂੰ ਕੇਵਲ ਇਸ ਲਈ ਸ਼ਰਧਾਂਜਲੀ ਭੇਟ ਕਰ ਰਿਹਾ ਹੈ ਕਿ ਉਹ ਵਤਨ ਦੀ ਆਜ਼ਾਦੀ ਦੀ ਖਾਤਰ ਸ਼ਹੀਦ ਹੋਏ।ਉਸ ਨੂੰ ਕਰਤਾਰ ਸਿੰਘ ਸਰਾਭਾ ਅਤੇ ਉਸ ਦੇ ਸਾਥੀਆਂ ਨਾਲ ਇਸ ਲਈ ਹਮਦਰਦੀ ਹੈ ਕਿ ਉਹਨਾਂ ਦੇ ਦਿਲਾਂ ਵਿੱਚ ਦੇਸ਼ ਪ੍ਰੇਮ ਦਾ ਜਜ਼ਬਾ ਠਾਠਾਂ ਮਾਰ ਰਿਹਾ ਸੀ । ਨਾਨਕ ਸਿੰਘ ਕਿਉਂਕਿ ਆਪ ਦੇਸ਼-ਭਗਤ ਹੈ, ਇਸ ਲਈ ਉਸ ਨੂੰ ਹਰ ਦੇਸ਼ ਭਗਤ ਨਾਲ ਪਿਆਰ ਹੈ। ਇਸ

ਨਾਵਲ ਵਿੱਚ ਕੁਝ ਘਟਨਾਵਾਂ ਹਨ ਜਿਹੜੀਆਂ ਇਤਿਹਾਸਕ ਪੱਖ ਤੋ ਮਹੱਤਵਪੂਰਨ ਹੋਣ ਦੇ ਨਾਲ ਨਾਲ ਕਲਾਤਮਕ ਪੱਖ ਤੋ ਵੀ ਅਹਿਮ ਹਨ । ਕਰਤਾਰ ਸਿੰਘ ਸਰਾਭਾ ਦੀ ਸਾਨਫਰਾਂਸਿਸਕੋ ਵਿੱਚ ਲਾਲਾ ਹਰਦਿਆਲ ਨਾਲ ਹੋਈ ਮੁਲਾਕਾਤ ਨੂੰ ਨਾਵਲਕਾਰ ਨੇ ਬੜੀ ਖ਼ੂਬਸੂਰਤੀ ਨਾਲ ਬਿਆਨ ਕੀਤਾ ਹੈ। ਇਕ ਮਿਆਨ ਵਿਚ ਦੋ ਤਲਵਾਰਾਂ ਤਾਂ ਭਾਵੇਂ ਨਹੀਂ ਸਮਾਂ ਸਕਦੀਆਂ ਪਰ ਇਕ ਘਰ ਵਿੱਚ ਬਾਬਾ ਜੀ ਅਤੇ ਬੀਰੀ ਜੀ ਵੱਖ ਵੱਖ ਵਿਚਾਰਧਾਰਾਂ ਦੇ ਰਹਿੰਦਿਆਂ ਹੋਇਆਂ ਵੀ ਵਕਤ ਕੱਟੀ ਕਰਦੇ ਚਲੇ ਜਾਂਦੇ ਹਨ। ਇਹ ਦੋਵੇਂ ਪਾਤਰ ਅਥਵਾ ਤਲਵਾਰਾਂ ਇਕ ਵਾਰ ਵੀ ਨਹੀਂ ਭਿੜਦੀਆਂ ਅਤੇ ਜੇਕਰ ਇਕ ਅੱਧ ਵਾਰ ਭਿੜਦੀਆਂ ਵੀ ਹਨ ਤਾਂ ਇਕੋ ਤਲਵਾਰ ਦੂਸਰੀ ਉਤੇ ਵਾਰ ਕਰਦੀ ਹੈ, ਦੂਸਰੀ ਤਲਵਾਰ ਹਰਕਤ ਵਿੱਚ ਹੀ ਨਹੀਂ ਆਉਂਦੀ। ਵਾਸਤਵ ਵਿੱਚ ਉਸ ਸਮੇ ਮੱਧ ਸ਼ਰੇਣੀ ਦੀ ਸੁਭਾਵਿਕ-ਵਿਸ਼ੇਸ਼ਤਾ ਹੀ ਕੁਝ ਇਸ ਤਰ੍ਹਾਂ ਦੀ ਸੀ ਅਤੇ ਸਾਇਦ ਇਹ ਹਮੇਸ਼ਾ ਤੋ ਇੰਝ ਹੀ ਹੈ। ਕ੍ਰਾਂਤੀ ਦੀ ਕੋਂਪਲ ਜਿਸ ਬੋਹੜ ਥੱਲੇ ਲਗਦੀ ਹੈ ਸਭ ਤੋਂ ਪਹਿਲਾਂ ਉਸ ਬੋਹੜ ਦਾ ਸਾਇਆ ਹੀ ਉਸ ਨੂੰ ਨਸ਼ਟ ਕਰਨ ਦਾ ਜਤਨ ਕਰਦਾ ਹੈ । ਇਹ ਇਕ ਐਸਾ ਅਮਲ ਹੈ, ਜਿਸ ਨੂੰ ਕਲਾ ਦੀ ਕਿਸੇ ਤਕਨੀਕ ਰਾਹੀ ਬਦਲਿਆਂ ਜਾਂ ਝੁਠਲਾਇਆ ਨਹੀਂ ਜਾ ਸਕਦਾ।ਇਸ ਨਾਵਲ ਵਿਚ ਸਥਿਤੀ ਬਿਲਕੁਲ ਉਲਟ ਹੈ । ਇਕ ਪਾਸੇ ਕਠੋਰ ਪਿਉ ਹੈ, ਜਿਸ ਵਿਚ ਦੇਸ਼-ਪਿਆਰ ਦਾ ਜਜ਼ਬਾ ਉਕਾ ਹੀ ਨਹੀਂ, ਦੂਸਰੇ ਪਾਸੇ ਇਕ ਸੁਸ਼ੀਲ ਧੀ ਹੈ ਜੋ ਦੇਸ਼ ਦੀ ਖਾਤਰ ਕੁਝ ਵੀ ਕਰ ਸਕਦੀ ਹੈ, ਪਰ ਆਪਣੇ ਪਿਉ ਨੂੰ ਕਤਲ ਨਹੀਂ ਕਰ ਸਕਦੀ ਹੈ। ਕਰਤਾਰ ਸਿੰਘ ਸਰਾਭਾ ਨੂੰ ਫੜਵਾਉਣ ਵਾਲੇ ਰਸਾਲਦਾਰ ਗੰਡਾ ਸਿੰਘ ਨੂੰ ਉਸ ਨੇ ਆਪਣੀ ਪਸਤੌਲ ਦਾ ਨਿਸ਼ਾਨਾ ਬਣਾਇਆ ਅਤੇ ਫਿਰ ਆਪ ਮਰ ਗਈ । ਜੇਕਰ ਉਹ ਜ਼ਿੰਦਾ ਰਹਿੰਦੀ ਅਤੇ ਉਸਨੂੰ ਪਤਾ ਲਗ ਜਾਂਦਾ ਕਿ ਉਸ ਦੇ ਪਿਉ ਨੇ ਕਾਬਲ ਜਾ ਕੇ ਡਾਕਟਰ ਮਥਰਾ ਸਿੰਘ ਨੂੰ ਕੈਦ ਕਰਵਾਇਆ ਹੈ ਤਾਂ ਕੀ ਉਸ ਦੀ ਪਸਤੋਲ ਬਾਬਾ ਸੁਖ ਦੇਵ ਸਿੰਘ ਸੋਢੀ ਉਤੇ ਚਲ ਸਕਦੀ ਸੀ? ਨਹੀਂ ਚਲ ਸਕਦੀ, ਕਿਉਂ ਕਿ ਬੀਰੀ ਕ੍ਰਾਂਤੀਕਾਰੀ ਵਿਚਾਰਾਂ ਦੀ ਹੁੰਦੀ ਹੋਈ ਵੀ ਇਹ ਕੰਮ ਕਰਨ ਦੇ ਯੋਗ ਨਹੀਂ। ਉਸ ਦੀ ਅਯੋਗਤਾ ਪਿਛੇ ਵਿਅਕਤੀਗਤ ਭਾਵਨਾਵਾਂ ਤੋ ਛੁੱਟ ਸਮਾਜਕ ਅਤੇ ਸਭਿਆਚਾਰਕ ਕੀਮਤਾਂ ਵੀ ਕੰਮ ਕਰ ਰਹੀਆਂ ਹਨ। ਨਾਵਲਕਾਰ ਕੋਲੋ ਇਹ ਮੰਗ ਕਰਨੀ ਕਿ ਉਸ ਨੇ ਉਹ ਕੁਝ ਕਿਉਂ ਨਹੀਂ ਦਰਸਾਇਆ ਜੋ ਹੋਣਾ ਚਾਹੀਦਾ ਸੀ, ਭੁਲਾਇਆ ਪਿਛੇ ਦੌੜਨ ਵਾਲੀ ਗਲ ਹੈ, ਏਥੇ ਇਕ ਹੋਰ ਸਵਾਲ ਵੀ ਪੈਦਾ ਹੁੰਦਾ ਹੈ। ਬੀਰੀ ਜੇਕਰ ਆਪਣੇ ਪਿਉ ਮਾਰ ਦਿੰਦੀ ਤਾਂ ਕੀ ਇਹ ਸਾਰੀ ਘਟਨਾ ਮੈਲੋਡਰਾਮਾ ਨਹੀਂ ਸੀ ਬਣ ਜਾਣੀ ਨਾਨਕ ਸਿੰਘ ਦੀ ਨਾਵਲ ਕਲਾ ਵਿੱਚ ਕੋਈ ਹੋਰ ਤਰੁਟੀਆਂ ਹੋ ਸਕਦੀਆਂ ਹਨ ਪਰ ਉਹ ਅਸੰਭਵ ਘਟਨਾਵਾ ਅਤੇ ਹੁਲੀਆਂ ਵਿਗੜੇ ਪਾਤਰਾਂ (ਡਿਸਟਾਰਟਿਡ ਕੈਰੈਕਟਰਜ਼) ਦਾ ਆਸਰਾ ਲੈ ਕੇ ਆਪਣੇ ਨਾਵਲਾਂ ਵਿੱਚ ਮੈਲੋਡਰਾਮਾ ਪੇਸ਼ ਕਰਨ ਦਾ ਦੋਸ਼ੀ ਕਦੇ ਨਹੀਂ ਹੋ ਸਕਦਾ। ਨਾਵਲ ਕਲਾ ਦੇ ਪੱਖ ਤੋਂ ਇਸ ਨਾਵਲ ਦੀ ਸਭ ਤੋਂ ਵੱਡੀ ਖਾਮੀ ਦਿਆਲਾ ਹੈ । ਨਾਵਲ ਦੇ ਪਹਿਲੇ ਪੰਜ ਕਾਂਡ ਦਿਆਲੇ ਬਾਰੇ ਹਨ। ਉਹ ਜਦੋਂ ਸਹੈ ਬਾਂ (ਬਾਬਾ ਸੁਖਦੇਵ ਸਿੰਘ ਸੋਢੀ) ਨੂੰ ਉਨ੍ਹਾਂ ਦੇ ਘਰ ਜਾਕੇ

ਮਿਲਦਾ ਹੈ ਅਤੇ ਫਿਰ ਉਥੇ ਹੀ ਟਿਕ ਜਾਂਦਾ ਹੈ ਤਾਂ ਅਗਲੇ ਕਾਂਡ ਵਿਚ ਨਾਵਲਕਾਰ ਇਸ ਮੁਲਾਕਾਤ ਤੋਂ ਪਹਿਲਾ ਦੀਆਂ ਘਟਨਾਵਾਂ, ਜਿਨ੍ਹਾਂ ਦੇ ਆਧਾਰ ਤੇ ਨਾਵਲ ਉਸਰਿਆਂ ਹੈ, ਦਾ ਬੜੀ ਵਿਸਥਾਰ ਨਾਲ ਜ਼ਿਕਰ ਕਰਦਾ ਹੈ । ਤਿੰਨ ਸੌ ਸਫਿਆਂ ਤੋਂ ਬਾਅਦ ਨਾਵਲ ਦੇ ਅੰਤ ਤੋਂ ਥੋੜੀ ਦੇਰ ਪਹਿਲਾਂ, ਇਕ ਵਾਰ ਫਿਰ ਦਿਆਲੇ ਦਾ ਜ਼ਿਕਰ ਛਿੜਦਾ ਹੈ। ਇਸ ਵਕਤ ਤਕ ਪਾਠਕ ਜਾਂ ਤਾਂ ਉਸ ਦੀ ਹੋਂਦ ਨੂੰ ਹੀ ਨਜ਼ਰ ਅੰਦਾਜ਼ਾ ਕਰ ਚੁੱਕਾ ਹੈ ਜਾਂ ਫਿਰ ਇਸ ਪਾਤਰ ਦੇ ਅਹਿਮ ਰੋਲ ਨੂੰ ਜਾਨਣ ਉਸ ਦੀ ਉਤਸੁਕਤਾ ਸਿਖਰ ਉਤੇ ਪਹੁੰਚ ਚੁਕੀ ਹੁੰਦੀ ਹੈ। ਜਿਸ ਖੂਬਸੂਰਤੀ ਨਾਲ ਨਾਨਕ ਸਿੰਘ ਨੇ ਇਸ ਪਾਤਰ ਨੂੰ ਸ਼ੁਰੂ ਵਿਚ ਚਿੱਤ੍ਰਿਆ ਹੈ ਉਸ ਤੋਂ ਇਹੀ ਪ੍ਰਤੀਤ ਹੁੰਦਾ ਹੈ ਕਿ ਉਹ ਕਿਸੇ ਨਾ ਕਿਸੇ ਸਮੇਂ ਐਸਾ ਕਾਰਜ ਕਰੇਗਾ ਜਿਸ ਦਾ ਅਸਰ ਨਾਵਲ ਦੀ ਕਹਾਣੀ ਜਾਂ ਉਸ ਦੇ ਪਾਤਰਾਂ ਉਤੇ ਬਹੁਤ ਗਹਿਰਾ ਹੋਵੇਗਾ। ਪਰ ਹੁੰਦਾ ਕੁਝ ਵੀ ਨਹੀਂ (ਕਹਾਣੀ ਪੂਰਾ ਚੱਕਰ ਕੱਟ ਕੇ ਮੁੜ ਉਸ ਨੁਕਤੇ ਉਤੇ ਆ ਜਾਂਦੀ ਹੈ ਜਦੋਂ ਦਿਆਲਾ ਸੈਹਬਾਂ ਨੂੰ ਉਨ੍ਹਾਂ ਦੇ ਘਰ ਜਾ ਕੇ ਮਿਲਦਾ ਹੈ) ਇਸ ਤੋਂ ਬਾਅਦ ਉਹ ਇਕ ਸੱਚੇ ਭਗਤ ਵਾਂਗ ਸਾਹਿਬਜ਼ਾਦ ਰਘਬੀਰ ਕੌਰ, ਜੋ ਉਸ ਵੇਲੇ ਬਿਮਾਰ ਹੁੰਦੀ ਹੈ, ਦੀ ਸੇਵਾ ਕਰਦਾ ਹੈ। ਬੀਰੀ ਜਦੋ ਠੀਕ ਹੋ ਜਾਂਦੀ ਤਾਂ ਘਰ ਬਾਰ ਉਸ ਦੇ ਸਪੁਰਦ ਕਰਕੇ ਲਾਹੌਰ ਸੈਂਟਰਲ ਜੇਲ੍ਹ ਵਿੱਚ ਆਪਣੇ ਸਰਾਭਾ ਨੂੰ ਮਿਲਣ ਚਲੀ ਜਾਂਦੀ ਹੈ। ਇਸ ਤੋ ਬਾਅਦ ਦਿਆਲੇ ਦਾ ਜਿਕਰ ਨਹੀਂ ਆਉਂਦਾ। ਉਹੀ ਪਾਤਰ ਜਿਹੜਾ ਸ਼ੁਰੂ ਵਿੱਚ ਨਾਵਲ ਦੀ ਸ਼ੋਭਾ ਅੰਤ ਵਿੱਚ ਇਸ ਦਾ ਕੋਹਜ ਬਣ ਜਾਂਦਾ ਹੈ। ਸ਼ਾਇਦ ਨਾਨਕ ਸਿੰਘ ਇਸ ਪਾਤਰ ਤੋ ਕੋਈ ਵੀ ਵਿਸ਼ੇਸ਼ ਕੰਮ ਲੈਣਾ ਚਾਹੁੰਦਾ ਸੀ ਪਰ ਬਾਅਦ ਵਿੱਚ ਇਸ ਦੀ ਚਰਤ ਹੀ ਮਹਿਸੂਸ ਨਾ ਹੋਈ ਅਤੇ ਉਹ ਪੱਥਰ ਉਲੇ ਉਗੇ ਫੁੱਲ ਵਾਂਗ ਅਣਗੌਲਿਆ ਹੀ ਰਹਿ ਗਿਆ ਹੈ ।

### 1.3 ਇਕ ਮਿਆਨ ਦੋ ਤਲਵਾਰਾਂ ਵਿਸ਼ਾ ਪੱਖ।

ਇੱਕ ਮਿਆਨ ਦੋ ਤਲਵਾਰਾਂ' ਨਾਨਕ ਸਿੰਘ ਦੁਆਰਾ ਲਿਖਿਆ ਗਿਆ ਇਤਿਹਾਸ ਨਾਵਲ ਹੈ ਗਦਰ ਪਾਰਟੀ, ਕਿਰਤੀ ਕਿਸਾਨ ਲਹਿਰ, ਕਾਂਗਰਸ ਲਹਿਰ, ਕਾਮਾਗਾਟਾਮਾਰੂ, ਬਜਬਜ, ਕ੍ਰਾਂਤੀਕਾਰਤਾ ਦੇ ਖੇਤਰ ਵਿੱਚ ਬੰਗਾਲੀ ਤੇ ਪੰਜਾਬੀ ਨੌਜਵਾਨਾਂ ਦਾ ਚੋਲੀ ਦਾਮਨ ਦਾ ਸੰਬੰਧ ਦਰਸਾ ਕੇ ਸੰਕੇਤ ਕੀਤਾ ਗਿਆ ਹੈ ਕਿ ਕਰਤਾਰ ਸਿੰਘ ਸਰਾਭਾ ਤੇ ਉਸਦੇ ਸਾਥੀਆਂ ਦੀ ਸ਼ਹੀਦੀ ਵਿਅਰਥ ਨਹੀਂ ਜਾਏਗੀ, ਸ਼ਹੀਦਾਂ ਦਾ ਖੂਨ ਰੰਗ ਲਿਆਏਗਾ, ਦੋਖੀ ਮਾਰੇ ਜਾਣਗੇ। ਇਕ ਪਾਸੇ ਵਿਦੇਸ਼ੀ ਸਰਕਾਰਾਂ ਦੀ ਲਾਹਨਤ ਤੇ ਦੂਜੇ ਪਾਸੇ ਧਾਰਮਿਕ ਆਗੂਆਂ ਦੀ ਮਕਰ ਭਰੀ ਝੋਲੀ ਚੁੱਕ ਨੀਤੀ, ਗਦਾਰੀ ਤੇ ਦੇਸ਼ ਧਰੋਹ ਦਾ ਚੰਗਾ ਨਕਸ਼ਾ ਉਲੀਕਿਆ ਗਿਆ ਹੈ। ਅੰਗਰੇਜ਼ ਗੁਲਾਮੀ ਦਾ ਪ੍ਰਤੀਕ ਹੈ ਤਾਂ ਮਹੰਤਵਾਦ ਮਾਨਸਿਕ ਗੁਲਾਮੀ ਦਾ ਸੋਢੀ ਸੁਖਦੇਵ ਸਿੰਘ ਜ਼ਬਰਦਸਤੀ ਦਸਵੰਧ ਉਗਰਾਹੁੰਦੇ, ਦੇਸ਼-ਦੁਸ਼ਮਣੀ ਕਰਦੇ ਤੇ ਦੇਸ਼ ਦੇ ਨੌਜੁਵਾਨਾਂ ਦੇ ਖੂਨ ਵਿੱਚ ਆਪਣੇ ਹੱਥ ਰੰਗਦਾ ਹੈ।

ਉਸਦੀ ਧੀ ਬੀਰੀ (ਰਘਬੀਰ) ਅਤੇ ਪੁਤੱਰ ਸੁਦਰਸ਼ਨ ਲੋਕ ਪੱਖੀ ਤਾਕਤਾਂ ਦਾ ਸਾਥ ਦਿੰਦੇ ਹਨ ਅਤੇ ਸੰਕੇਤ ਕਰਦੇ ਹਨ ਕਿ ਝੋਲੀ ਚੁਕ ਲੋਕਾਂ ਦੇ ਘਰਾਂ ਵਿੱਚੋਂ ਹੀ ਕ੍ਰਾਂਤੀ ਦੀ ਚਿੰਗਾਈ ਉਠ ਰਹੀ ਹੈ। ਸਾਹਿਤ-ਅਕਾਦਮੀ ਦਾ ਪੁਰਸਕਾਰ ਪ੍ਰਾਪਤ ਇਹ ਨਾਵਲ ਨਾਨਕ ਸਿੰਘ ਦੀ ਮਾਨਵਤਾ ਵਾਦੀ ਉਸਾਰੂ ਦੇਸ਼-ਭਗਤੀ ਦਾ ਪ੍ਰਤੀਕ ਹੈ। ਹਿੰਸਾ ਵਿੱਚੋਂ ਵੀ ਉਹ ਅਹਿੰਸਾ ਦਾ ਮਾਰਗ ਲੱਭਦਾ ਹੈ।

ਨਾਨਕ ਸਿੰਘ ਨੇ ਇਕ ਰੂਪਾਕਾਰ ਦੀ ਦ੍ਰਿਸ਼ਟੀ ਤੋਂ, ਪੰਜਾਬੀ ਨਾਵਲ ਨੂੰ ਲੋਕਪ੍ਰਿਯ ਬਣਾਉਣ ਵਿੱਚ ਵੱਡਾ ਯੋਗਦਾਨ ਪਾਇਆ। ਵੀਹਵੀਂ ਸਦੀ ਦੇ ਚੋਥੇ ਦਹਾਕੇ ਤੋਂ ਲੈ ਕੇ ਸਤਵੇਂ ਦਹਾਕੇ ਤੱਕ ਜੇ ਕੋਈ ਪੰਜਾਬੀ ਲੇਖਕ ਸਭ ਤੋਂ ਜ਼ਿਆਦਾ ਪੜ੍ਹਿਆ ਜਾਂਦਾ ਸੀ ਤਾਂ ਉਹ ਨਾਨਕ ਸਿੰਘ ਸੀ।ਪੰਜਾਬੀ ਸਮਾਜ ਅਤੇ ਸਭਿਆਚਾਰ ਵਿੱਚ ਭਾਵੇਂ ਭਾਈ ਵੀਰ ਸਿੰਘ ਅਤੇ ਸ੍ਰ. ਗੁਰਬਖਸ ਸਿੰਘ ਪ੍ਰੀਤਲੜੀ ਵੀ ਬੇਹੱਦ ਸਤਿਕਾਰਯੋਗ ਸਨ ਪਰੰਤੂ ਜਿਥੇ ਭਾਈ ਵੀਰ ਸਿੰਘ ਦਾ ਪਾਠਕ ਵਰਗ ਸ਼ਰਧਾਲੂ ਸਿੱਖ ਸਮਾਜ ਸੀ। ਉਥੇ ਸ੍ਰ. ਪ੍ਰੀਤਲੜੀ ਨੂੰ ਵਧੇਰੇ ਹੁੰਗਾਰਾ ਪੰਜਾਬ ਦੇ ਵਿਵੇਕਸ਼ੀਲ ਅਤੇ ਕਥਿਤ ਬੋਧਿਕ ਵਰਗ ਵੱਲੋਂ ਪ੍ਰਾਪਤ ਹੁੰਦਾ ਸੀ। ਇਸ ਕਾਰਨ ਉਨ੍ਹਾਂ ਦੇ ਪਾਠਕਾਂ ਦੀ ਗਿਣਤੀ ਸੀਮਿਤ ਸੀ। ਪਰੰਤੂ ਨਾਨਕ ਸਿੰਘ ਦੇ ਪਾਠਕਾਂ ਦੀ ਗਿਣਤੀ ਅਸੀਮ ਸੀ। ਉਹ ਸੰਪਰਦਾਵਾਂ, ਬੋਧਿਕ ਪ੍ਰਵਰਗਾਂ ਅਤੇ ਭਾਸ਼ਾਵਾਂ ਦੀਆਂ ਸੀਮਾਵਾਂ ਤੋਂ ਉਪਰ ਉਠ ਗਿਆ ਸੀ।

ਹਰ ਲੇਖਕ ਕਿਸੇ ਉਦੇਸ਼ ਦੀ ਪੂਰਤੀ ਲਈ ਸਾਹਿਤ ਸਿਰਜਣਾ ਕਰਦਾ ਹੈ। ਉਸ ਦਾ ਕੋਈ-ਨਾ-ਕੋਈ ਦ੍ਰਿਸ਼ਟੀਕੋਣ (PointOf view) ਜ਼ਰੂਰ ਹੁੰਦਾ ਹੈ । ਹੋ ਸਕਦਾ ਹੈ ਕਿ ਪਾਠਕਾਂ ਦੇ ਕਿਸੇ ਵਰਗ ਨੂੰ ਉਸਦਾ ਦ੍ਰਿਸ਼ਟੀਕੋਣ ਜਾਂ ਉਦੇਸ਼ ਪ੍ਰਾਸੰਗਿਕ ਪ੍ਰਤੀਤ ਨਾ ਹੋਵੇ, ਇਸ ਦੀ ਤਹਿ ਵਿੱਚ ਲੇਖਕ ਦੀ ਆਪਣੀ ਕੋਈ ਭਾਵੁਕਤਾ ਵੀ ਹੋ ਸਕਦੀ ਹੈ ਪਰਤੂੰ ਹਰ ਲੇਖਕ ਦਾ ਕੋਈ-ਨਾਕੋਈ ਉਦੇਸ਼ ਜਰੂਰ ਹੁੰਦਾ ਹੈ। ਸਮੇਂ ਦੇ ਪਰਿਵਰਤਨ ਜਾਂ ਕਿਸੇ ਸਮਾਜ ਦੀਆਂ ਵਸਤੂ-ਸਥਿਤੀਆਂ ਦੇ ਬਦਲ ਜਾਣ ਕਾਰਨ ਲੇਖਕ ਦੇ ਉਦੇਸ਼ ਵੀ ਬਦਲਦੇ ਰਹਿੰਦੇ ਹਨ। ਅਜਿਹੇ ਪਰਿਵਰਤਨ, ਉਸ ਲੇਖਕ ਦੇ ਰਵਾਇਤੀ ਪਾਠਕਾਂ ਨੂੰ ਨਹੀਂ ਭਾਉਂਦੇ ਕਿਉਂਕਿ ਉਹ ਉਸਦੇ ਵਿਸ਼ੇਸ਼ ਪੈਂਤੜੇ ਨਾਲ ਗਿੱਝ ਜਾਂਦੇ ਹਨ ਅਤੇ ਉਸ ਤੋ ਪੁਰਾਣੀ ਵੰਨਗੀ ਦੇ ਉਦੇਸ਼ ਦਾ ਹੀ ਆਗ੍ਰਹਿ ਕਰਦੇ ਰਹਿੰਦੇ ਹਨ ਅਤੇ ਜੇ ਲੇਖਕ ਆਪਣੇ ਅਜਿਹੇ ਪਾਠਕਾਂ ਦੇ ਆਗ੍ਰਹਿ ਵਿੱਚ ਬੱਝ ਜਾਵੇ ਤਾਂ ਉਸਦਾ ਵਿਕਾਸ ਰੁਕ ਜਾਂਦਾ ਹੈ।

ਨਾਨਕ ਸਿੰਘ ਨੇ ਨਾਵਲ ਲਿਖਣ ਦੀ ਪ੍ਰੇਰਨਾ ਅਤੇ ਵਿਧੀ ਮੁਨਸ਼ੀ ਪ੍ਰੇਮ ਚੰਦ ਤੋਂ ਹਾਸਲ ਕੀਤੀ ਸੀ ਅਤੇ ਇਸ ਕਾਰਨ ਉਸ ਦੇ ਨਾਵਲਾਂ ਦੇ ਵਿਸ਼ਿਆਂ ਉਪਰ ਪ੍ਰੇਮ ਚੰਦ ਦਾ ਕਾਫੀ ਪ੍ਰਭਾਵ ਨਜ਼ਰ ਆਉਂਦਾ ਹੈ। ਹਰ ਲੇਖਕ ਆਪਣੀਆਂ ਰਚਨਾਵਾਂ ਦੇ ਮਾਧਿਅਮ ਰਾਹੀਂ ਆਮ ਪਾਠਕਾਂ ਨੂੰ ਸੇਧ ਤੇ ਸੰਦਸ਼ੇ ਵੀ ਪ੍ਰਦਾਨ ਕਰਦਾ ਹੈ। ਨਾਨਕ ਸਿੰਘ ਸਮਾਜ ਪ੍ਰਤੀ ਆਪਣੀ ਇਸ ਜਿੰਮੇਵਾਰੀ ਤੋਂ ਸਚੇਤ ਹੈ। ਇੱਕ ਮਿਆਨ ਦੋ

ਤਲਵਾਰਾਂ' ਨਾਨਕ ਸਿੰਘ ਦਾ ਇਕ ਇਤਿਹਾਸਕ ਅਤੇ ਰਾਜਸੀ ਨਾਵਲ ਹੈ। ਨਾਨਕ ਸਿੰਘ ਦੇ ਬਹੁਤੇ ਨਾਵਲ ਸ਼ਹਿਰੀ ਮੱਧ ਸ਼੍ਰੇਣੀ ਦੇ ਆਚਾਰ-ਵਿਹਾਰ ਦੁਆਲੇ ਘੁੰਮਦੇ ਹਨ । ਉਸ ਨੇ ਆਪਣੇ ਨਾਵਲਾਂ ਦੇ ਵਿਸ਼ੇ ਇਤਿਹਾਸ, ਪੁਰਾਣ ਜਾਂ ਲੇਜੈਂਡਸ ਵਿੱਚੋਂ ਲੈਣ ਦੀ ਬਜਾਇ ਆਪਣੇ ਸਮਕਾਲੀ ਜੀਵਨ ਵਿੱਚੋਂ ਲਏ ਹਨ। ਉਹ ਨਾਵਲ ਦੀ ਕਹਾਣੀ ਦਾ ਤਾਣਾ ਆਪਣੀ ਕਲਪਣਾ ਦੁਆਰਾ ਬੁਣਦਾ ਸੀ। ਇਹੀ ਕਾਰਨ ਹੈ ਕਿ ਸ਼ਹਿਰੀ ਮੱਧ-ਸ਼੍ਰੇਣੀ ਦੇ ਪਾਠਕਾਂ ਨੂੰ ਉਸਦੇ ਨਾਵਲ ਬਹੁਤ ਪਸਦੰ ਆਉਂਦੇ ਸਨ। ਵੀਹਵੀਂ ਸਦੀ ਦੇ ਪਹਿਲੇ ਪੰਜ-ਛੇ ਦਹਾਕਿਆਂ ਤੱਕ ਲੇਖਕ, ਆਪਣੇ ਸਮਕਾਲੀ ਸਮਾਜ ਨੂੰ ਅਗਵਾਈ ਦੇਣ ਦਾ ਕੰਮ ਵੀ ਕਰਦਾ ਸੀ। ਪਾਠਕ ਜਨ ਆਪਣੇ ਲੇਖਕ ਨਾਲ ਗੰਭੀਰ ਕਿਸਮ ਦਾ ਵਾਦ-ਵਿਵਾਦ ਰਚਾਉਂਦੇ ਸਨ। ਕਿਸੇ ਰਚਨਾ ਨੂੰ ਪੜ੍ਹ ਕੇ ਉਸ ਵਿੱਚ ਪੇਸ਼ ਕੀਤੇ ਗਏ ਸੰਦੇਸ਼ ਜਾਂ ਕਿਸੇ ਸਮੱਸਿਆ ਦੇ ਸਮਾਧਾਨ ਨੂੰ ਉਹ ਬੇਹਦ ਗੰਭੀਰਤਾ ਨਾਲ ਲੈਂਦੇ ਹਨ। ਇਹ ਨਹੀਂ ਕਿ ਕੋਈ ਰਚਨਾ ਪੜ੍ਹੀ ਅਤੇ ਠੱਪ ਸੁੱਟੀ। ਬਲਕਿ ਉਹ ਚਿੱਠੀ ਪਤਰਾਂ ਅਤੇ ਨਿੱਜੀ ਮਿਲਣੀਆਂ ਦੁਆਰਾ ਲੇਖਕ ਤੇ ਆਪਣੀ ਹਰ ਸ਼ੰਕਾ ਬਾਰੇ ਸਪਸ਼ਟੀਕਰਣ ਵੀ ਮੰਗਦੇ ਸਨ। ਇਉਂ ਪੰਜਾਬੀ ਸਾਹਿਤ ਵਿੱਚ ਲੇਖਣ ਇਕ ਬੇਹਦ ਜਿੰਮੇਵਾਰੀ ਅਤੇ ਜਵਾਬਦੇਹੀ ਵਾਲਾ ਰਚਨਾਤਮਕ ਕਾਰਜ ਸੀ।

ਨਾਨਕ ਸਿੰਘ ਨੇ ਆਪਣਾ ਇਹ ਨਾਵਲ 1960 ਈ. ਵਿੱਚ ਪ੍ਰਕਾਸ਼ਿਤ ਕੀਤਾ ਇਸ ਸਮੇਂ ਤੱਕ ਉਸ ਦੇ ਨਾਵਲ-ਲੇਖਣ ਦੀ ਉਮਰ ਲਗਭਗ ਤੀਹ-ਪੈਂਤੀ ਵਰ੍ਹੇ ਦੀ ਹੋ ਚੁੱਕੀ ਸੀ। ਉਸਦਾ ਪ੍ਰਸਿੱਧ ਨਾਵਲ 'ਚਿੱਟਾ ਲਹੂ' 1932 ਈ. ਵਿੱਚ ਪ੍ਰਕਾਸ਼ਿਤ ਹੋਇਆ ਸੀ ਅਤੇ ਇਸ ਤੋਂ ਪਹਿਲਾ ਉਸ ਦੇ ਚਾਰ ਨਾਵਲ ਪ੍ਰਕਾਸ਼ਿਤ ਹੋ ਚੁੱਕੇ ਸਨ, ਮਤਰੇਈ ਮਾਂ (1924), ਕਾਲ ਚੱਕਰ (1926), ਮਿੱਠਾ ਮੋਹਰਾ (1926) ਅਤੇ ਪ੍ਰੇਮ ਸੰਗੀਤ (1929)। ਭਾਵੇਂ ਇਕ ਮਿਆਨ ਦੋ ਤਲਾਵਾਰਾਂ ਤੋ ਬਾਅਦ ਉਸ ਦੇ ਤਿੰਨ ਚਾਰ ਨਾਵਲ ਹੋਰ ਵੀ ਪ੍ਰਕਾਸ਼ਿਤ ਹੋਏ, ਜਿਨ੍ਹਾਂ ਵਿੱਚੋਂ ਕੋਈ 'ਹਰਿਆ ਬੁਟ ਰਹਿਓ ਰੀ' ਅਤੇ 'ਗਗਨ ਦਮਾਮਾ ਬਾਜਿਆ' ਉਲੇਖਣ ਯੋਗ ਹਨ ਪਰੰਤੂ ਇਹ ਨਾਵਲਾਂ ਤੱਕ ਪਹੁੰਚਦੇ-ਪਹੁੰਚਦੇ ਉਸਦੇ ਸਿਰਜਣਾਤਮਕ ਸ਼ਕਤੀ ਹੀਣ ਹੋਣ ਲੱਗ ਪੈਂਦੀ ਸੀ। ਪਰ ਇੱਕ ਮਿਆਨ ਦੋ ਤਲਵਾਰਾਂ' ਵਿੱਚ ਉਸਦੀ ਸਿਰਜਣਾਤਮਕ ਸ਼ਕਤੀ ਦਾ ਜਲੋਅ ਪੂਰੀ ਤਰ੍ਹਾਂ ਨਾਲ ਕਾਇਮ ਹੈ। ਇਹ ਨਾਵਲ ਉਸ ਨੇ ਇਕ ਚੁਣੋਤੀ ਨੂੰ ਪ੍ਰਵਾਨ ਕਰਦਿਆਂ ਹੋਇਆਂ ਲਿਖਿਆ ਸੀ ਅਤੇ ਇਹ ਚੁਣੋਤੀ ਦੇਣ ਵਾਲਾ ਕੋਈ ਬਾਹਰੀ ਸਖ਼ਸ ਨਹੀਂ ਸੀ, ਬਲਕਿ ਨਾਨਕ ਸਿੰਘ ਦਾ ਵਸਤੂਗਤ ਆਪਾ (Objective self) ਹੀ ਸੀ। ਇਸੇ ਆਪੇ ਨੇ ਲੇਖਕ ਨੂੰ ਚੁਣੋਤੀ ਦਿੰਦਿਆਂ ਹੋਇਆਂ ਪੁਛਿਆ ਸੀ ਕਿ ਵਿਸ਼ਵ-ਇਹਿਤਾਸ ਵਿੱਚ ਹੋਏ ਗਦਰ ਪਾਰਟੀ ਦੇ ਮਹਾ ਬ੍ਰਿਤਾਤ ਬਾਰੇ ਕਿਸੇ ਭਾਰਤੀ ਲੇਖਕ ਨੇ ਕੁਝ ਕਹਿਣ-ਸੁਣਨ ਦੀ ਜ਼ਰੂਰਤ ਨਹੀਂ ਸਮਝੀ, ਜਦੋਂ ਕਿ ਇਤਿਹਾਸ ਦੀ ਇਸ ਤ੍ਰਾਸਦੀ ਵਿੱਚ ਹਜ਼ਾਰਾ ਦੇਸ਼ ਭਗਤਾਂ ਨੇ ਹੱਸ-ਹੱਸ ਕੇ ਫਾਂਸੀ ਦੇ ਰੱਸਿਆਂ ਨੂੰ ਚੁੰਮਿਆ ਅਤੇ ਕਾਲੇਪਾਣੀ ਦੀਆਂ ਕਾਲ ਕੋਠੜੀਆਂ ਵਿੱਚ ਨਜ਼ਰਬੰਦ ਹੋਣਾ ਪ੍ਰਵਾਨ ਕੀਤਾ।

'ਗਦਰ ਪਾਰਟੀ' ਬਾਰੇ ਨਾਨਕ ਸਿੰਘ ਨੂੰ ਉਸ ਸਮੇਂ ਪਤਾ ਚਲਿਆ ਜਦੋਂ ਉਹ ਗਿਆਨੀ ਸ਼ੇਰ ਸਿੰਘ ਪਾਸ ਰਾਵਲਪਿੰਡੀ (1915-16) ਟਿਕਿਆ ਹੋਇਆ ਸੀ ਅਤੇ ਗਿਆਨੀ ਜੀ ਦੇ ਪ੍ਰਿੰਟਿੰਗ ਪ੍ਰੈਸ ਦਾ ਕੰਮ ਦੇਖਦਾ ਸੀ। ਇਥੇ ਹੀ ਉਸਨੇ ਗਿਆਨੀ ਗੁਰਦਿੱਤ ਸਿੰਘ ਦੀ ਸ੍ਵੈਜੀਵਨੀ ਪੜ੍ਹੀ ਲਈ। ਜਿਥੋਂ ਉਸ ਨੂੰ ਗਦਰੀ ਯੋਧਿਆਂ ਦੇ ਪਰਾਕ੍ਰਮੀ ਇਤਿਹਾਸ ਬਾਰੇ ਪਤਾ ਚੱਲਿਆ। ਨਾਨਕ ਸਿੰਘ ਦੀ ਉਮਰ ਉਸ ਵੇਲੇ 19-20 ਵਰ੍ਹਿਆਂ ਦੀ ਸੀ ਅਤੇ ਉਹ ਪਰਿਵਾਰਿਕ-ਆਰਥਿਕ ਸਮਸਿਆਵਾਂ ਦਾ ਝੰਬਿਆ ਹੋਇਆ ਸੀ। ਉਹ ਗਿਆਨੀ ਸ਼ੇਰ ਸਿੰਘ ਦੀ ਪ੍ਰਿੰਟਿੰਗ ਪ੍ਰੈਸ ਉਪਰ ਵਧੇਰਾ ਸਮਾਂ ਨਾ ਟਿਕ ਸਕਿਆ ਅਤੇ 1917-18 ਵਿੱਚ ਸਭ ਕੁਝ ਛਡ-ਛਡਾ ਕੇ ਅੰਮ੍ਰਿਤਸਰ ਪਹੁੰਚ ਗਿਆ। ਕੁਝ ਸਮਾਂ ਸਾਧ-ਸੰਤਾਂ ਦੇ ਡੇਰਿਆਂ ਵਿੱਚ ਭਟਕਣ ਤੋਂ ਬਾਅਦ ਉਸਦੀ ਮੁਲਾਕਾਤ ਸ੍ਰ. ਕ੍ਰਿਪਾਲ ਸਿੰਘ ਨਾਲ ਹੋਈ। ਉਸ ਦੀ ਬਾਜ਼ਾਰ ਮਾਈ ਸੇਵਾ ਵਿੱਚ ਕਿਤਾਬਾਂ ਦੀ ਇਕ ਦੁਕਾਨ ਸੀ। ਇਸ ਸਮੇਂ ਤੱਕ ਇਕ ਕਵੀਸ਼ਰ ਵਜੋਂ ਨਾਨਕ ਸਿੰਘ ਦੀ ਕਾਫੀ ਪਹਿਚਾਣ ਬਣ ਚੁੱਕੀ ਸੀ ਅਤੇ ਉਸੁ ਦੀ ਇਕ ਰਚਨਾ 'ਸਤਿਗੁਰੁਮਹਿਮਾਂ' ਦੇ ਤਿੰਨ ਚਾਰ ਐਡੀਸ਼ਨ ਛੱਪ ਚੁੱਕੇ ਸਨ। ਭਾਈ ਕ੍ਰਿਪਾਲ ਸਿੰਘ ਨੇ ਉਸ ਨੂੰ ਪੁਤਰਾਂ ਵਾਲਾ ਪਿਆਰ ਦਿੱਤਾ ਅਤੇ ਆਪਣੇ ਨਾਲ ਭਾਈਵਾਲ ਬਣਾ ਲਿਆ। ਲੇਖਕ ਦੀ ਆਪਣੀ ਮਨੋਬਿਰਤੀ ਦੇ ਕਾਰਨ ਭਾਵੇਂ ਇਹ ਭਾਈਵਾਲੀ ਤਾਂ ਬਹੁਤਾ ਚਿਰ ਨਾ ਨਿਭ ਸਕੀ ਪਰੰਤੂ ਭਾਈ ਕ੍ਰਿਪਾਲ ਸਿੰਘ ਬਹੁਤ ਸਮਾਂ ਉਸ ਦੀ ਇਕ ਮਜ਼ਬੂਤ ਅਤੇ ਵਿਸ਼ਵਾਸਯੋਗ ਧਿਰ ਬਣਿਆ ਰਿਹਾ। ਇਸੇ ਸਮੇਂ ਅੰਮ੍ਰਿਤਸਰ ਵਿੱਚ 'ਜਲ੍ਹਿਆਂਵਾਲੇ ਬਾਗ ਦਾ ਸਾਕਾ' ਵਾਪਰ ਗਿਆ। ਸ੍ਰ. ਨਾਨਕ ਸਿੰਘ ਉਸ ਸਮੇਂ ਅਮ੍ਰਿਤਸਰ ਵਿੱਚ ਹੀ ਸੀ। ਉਸ ਨੇ ਇਸ ਸਾਕੇ ਦਾ ਹਿਰਦੇ ਵੇਧਕ ਬ੍ਰਿਤਾਂਤ ਆਪਣੀ ਇਕ ਲੰਬੀ ਕਵਿਤਾ 'ਖੂਨੀ ਵਿਸਾਖੀ' ਵਿੱਚ ਅੰਕਿਤ ਕੀਤਾ। ਇਹ ਰਚਨਾ 30 ਮਈ 1920 ਈ. ਨੂੰ ਪ੍ਰਕਾਸ਼ਿਤ ਹੋਈ। ਇਸ ਵਿੱਚ ਰੌਲਟ ਐਕਟ ਦੇ ਪਾਸ ਹੋਣ (18 ਮਾਰਚ, 1919) ਤੋਂ ਲੈ ਕੇ ਜਲ੍ਹਿਆਂਵਾਲੇ ਬਾਗ ਦੇ ਸਾਕੇ (13 ਅਪ੍ਰੈਲ, 1919) ਤੱਕ ਦੀਆਂ ਸਾਰੀਆਂ ਘਟਨਾਵਾਂ ਨੂੰ ਇਕ ਤਰਤੀਬ ਵਿੱਚ ਪਸ਼ੇ ਕੀਤਾ ਗਿਆ ਹੈ। ਜਲ੍ਹਿਆਂ ਵਾਲੇ ਬਾਗ ਦੇ ਖੂਨੀ ਸਾਕੇ ਬਾਰੇ ਇਹ ਕਿਸੇ ਭਾਰਤੀ ਕਵੀ ਦੀ ਪਹਿਲੀ ਰਚਨਾ ਸੀ। ਇਸ ਤੋਂ ਬਾਅਦ ਅਬਦੁਲ ਕਾਦਰ ਦੀ ਰਚਨਾ 'ਮਹਿੰਦੀ ਵਾਲੇ ਹੱਥ ਜੋੜ੍ਹਦੀ' (ਦਸੰਬਰ 1921), ਅਮੀਰ ਅਲੀ ਅਮਰ ਦਾ ਬਾਰਾਮਾਹ ਨਿਚਲੂ' (ਫਰਵਰੀ 1922), ਫ਼ਿਰੋਜ਼ਦੀਨ ਸ਼ਰਫ਼ ਦੀ 'ਸਾਡੀ ਮਾਦਰੇ ਹਿੰਦ ਆਜ਼ਾਦ ਹੋਏ' (11 ਦਸੰਬਰ 1922), ਜਲ੍ਹਿਆਂਵਾਲੇ ਬਾਗ ਦੀ ਵਿਸਾਖੀ' (ਅਗਿਆਤ, ਮਈ 1927) ਆਦਿ ਪ੍ਰਕਾਸ਼ਿਤ ਹੋਈਆ ਜਲ੍ਹਿਆਂਵਾਲੇ ਬਾਗ ਦੇ ਸਾਕੇ ਦੇ ਪ੍ਰਤੀਕਰਮ ਵਜੋਂ ਰਾਬਿੰਦਰ ਨਾਥ ਟੈਗੋਰ ਨੇ ਅੰਗਰੇਜ਼ ਸਰਕਾਰ ਵੱਲੋਂ ਪ੍ਰਾਪਤ ਹੋਏ 'ਸਰ' ਦੇ ਖਿਤਾਬ ਨੂੰ ਵਾਪਸ ਕਰ ਦਿੱਤਾ ਸੀ, ਮਹਾਤਮਾ ਗਾਂਧੀ ਨੇ ਵੀ ਦੁੱਖ ਦਾ ਇਜ਼ਹਾਰ ਕੀਤਾ ਪਰੰਤੂ ਪੰਜਾਬ ਵਿੱਚ ਰੋਸ ਵਜੋਂ ਕੁਝ ਨਾ ਵਾਪਰਿਆ। ਬਲਕਿ ਕਈ ਧਾਰਮਿਕ ਸੰਸਥਾਵਾਂ ਵੱਲੋਂ ਇਸ ਸਾਕੇ ਦੇ ਖਲਨਾਇਕ ਜਨਰਲ ਡਾਇਰ ਨੂੰ ਸਿਰੋਪੇ ਆਦਿ ਦਿੱਤੇ ਗਏ। ਨਾਨਕ ਸਿੰਘ ਨੇ ਇਸ ਸਾਕੇ ਦਾ ਵਿਰੋਧ ਕਰਕੇ ਆਪਣੀ

ਵਚਨਬਧੱਤਾ ਦਾ ਸੱਚਾ-ਸੁੱਚਾ ਸਬੂਤ ਪੇਸ਼ ਕੀਤਾ, ਹਾਲਾਂਕਿ ਇਸ ਸਮੇਂ ਤੱਕ ਉਸ ਵਿੱਚ ਰਾਜਨੀਤਕ ਚੇਤਨਾ ਦਾ ਪੂਰਨ ਭਾਂਤ ਵਿਕਾਸ ਨਹੀਂ ਸੀ ਹੋਇਆ। ਪਰੰਤੂ ਇਸ ਦੇ ਬਾਵਜੂਦ ਕਵੀ ਦੀ ਸੰਵੇਦਨਸ਼ੀਲਤਾ ਨੇ ਸ਼ਹੀਦਾਂ ਦਾ ਡੱਟ ਕੇ ਸਾਥ ਦਿੱਤਾ।

ਇਸ ਖ਼ੂਨੀ ਸਾਕੇ ਦੇ ਦੋ ਕੁ ਵਰ੍ਹੇ ਬਾਅਦ ਗੁਰੂ ਕੇ ਬਾਗ ਦੇ ਮੋਰਚੇ ਵਿੱਚ ਕੈਦ ਹੋ ਕੇ ਨਾਨਕ ਸਿੰਘ ਨੇ ਕੁਝ ਸਮਾਂ ਨਜ਼ਰਬੰਦੀ ਵਿੱਚ ਵੀ ਬਿਤਾਇਆ। ਅਸਲ ਵਿੱਚ ਲੇਖਕ ਦਾ ਕਿਸੇ ਵੀ ਕਾਰੋਬਾਰ ਵਿੱਚ ਮਨ ਨਹੀਂ ਸੀ ਲੱਗ ਰਿਹਾ। ਉਹ ਹਰ ਸਮੇਂ ਬੜਾ ਬੇਚੈਨ ਅਤੇ ਅਸ਼ਾਂਤ ਰਹਿੰਦਾ ਸੀ। ਜੀਵਨ ਲਈ ਕੋਈ ਨਿਰੋਈ ਸੇਧ ਪ੍ਰਾਪਤ ਕਰਨ ਲਈ ਉਹ ਪਿਸ਼ਾਵਰ ਗਿਆਨੀ ਬਾਗ ਸਿੰਘ ਪਾਸ ਜਾ ਪਹੁੰਚਿਆ। ਉਸ ਨੇ ਨਾਨਕ ਸਿੰਘ ਨੂੰ ਜੇਲ ਜਾਣ ਦੀ ਪ੍ਰੇਰਨਾ ਦਿੱਤੀ। ਉਹ ਚਾਹੁੰਦਾ ਸੀ ਕਿ ਨਾਨਕ ਸਿੰਘ ਕੁਝ ਸਮਾਂ ਇੱਕਲਾਂ ਆਪਣੇ ਆਪ ਨਾਲ ਬਿਤਾਏ ਅਤੇ ਜੀਵਨ ਬਾਰੇ ਨਿਰਣੇ ਆਪਣੇ ਬੱਲ-ਬੁਤੇ ਲਏ। ਇਸ ਮੰਤਵ ਲਈ ਜੇਲ ਸਭ ਤੋ ਉਪਯੋਗੀ ਸਥਾਨ ਸੀ ਅਤੇ ਇਹ ਸਥਾਨ ਉਸਦੇ ਕੰਮ ਵੀ ਆਇਆ। ਇਕ ਕਵੀਸ਼ਰ ਦੇ ਰੂਪ ਵਿੱਚ ਉਹ ਬੋਰਸਟਲ ਜੇਲ ਲਾਹੌਰ ਗਿਆ ਸੀ ਅਤੇ ਅੱਠ ਨੋ ਮਹੀਨੇ ਦੇ ਕਾਰਾਵਾਸ ਪਿਛੋਂ ਪੰਡਤ ਜਗਨ ਨਾਥ ਵਰਗੇ ਰਾਜਸੀ ਕੈਦੀਆ ਦੀ ਕ੍ਰਿਪਾ ਨਾਲ ਇਕ ਨਾਵਲਕਾਰ ਬਣ ਕੇ ਜੇਲ ਵਿੱਚੋਂ ਰਿਹਾਅ ਹੋਇਆ। ਜੇਲ ਵਿੱਚੋਂ ਬਾਹਰ ਆਉਣ ਸਾਰ ਉਸ ਦੇ ਜੀਵਨ ਵਿੱਚ ਦੋ ਤਬਦੀਲੀਆਂ ਵਾਪਰੀਆਂ-ਭਾਈ ਕ੍ਰਿਪਾਲ ਸਿੰਘ ਦੀ ਕ੍ਰਿਪਾ ਨਾਲ ਉਸ ਦਾ ਵਿਆਹ ਹੋ ਗਿਆ ਅਤੇ ਜਗਨ ਨਾਥ ਤੋਂ ਲੈ ਕੇ ਮੁਨਸ਼ੀ ਪ੍ਰੇਮ ਚੰਦ ਦੇ ਨਾਵਲਾਂ ਤੋਂ ਪ੍ਰੇਰਨਾ ਹਾਸਿਲ ਕਰ ਕੇ ਉਹ ਨਾਵਲਕਾਰ ਬਣ ਗਿਆ ।

ਨਾਨਕ ਸਿੰਘ 'ਖੂਨੀ ਵਿਸਾਖੀ' ਅਤੇ 'ਜਖਮੀ ਦਿਲ' ਆਦਿਕ ਰਚਨਾਵਾਂ ਦੇ ਮਾਧਿਅਮ ਦੁਆਰਾ ਸੁਤੰਤਰਤਾ ਬਾਰੇ ਆਪਣੇ ਪ੍ਰਤੀਬੱਧਤਾ ਦਾ ਇਜ਼ਹਾਰ ਵੀਹਵੀ ਸਦੀ ਦੇ ਦੂਜੇ ਤੀਜੇ ਦਹਾਕੇ ਵਿਚ ਹੀ ਕਰ ਚੁੱਕਾ ਸੀ ਪਰੰਤੂ ਗਦਰ ਪਾਰਟੀ ਦੇ ਸੰਘਰਸ਼ ਬਾਰੇ ਉਸਦਾ ਨਾਵਲ ਇੱਕ ਮਿਆਨ ਦੋ ਤਲਵਾਰਾਂ' 1960 ਈ: ਵਿੱਚ ਪ੍ਰਕਾਸ਼ਿਤ ਹੋਇਆ। ਇਸ ਸਮੇਂ ਤੱਕ ਨਾਨਕ ਸਿੰਘ 63 ਵਰ੍ਹੇ ਦੀ ਉਮਰ ਵਿੱਚ ਪਹੁੰਚ ਕੇ ਬਹੁਤੇ ਲੋਕ ਯਥਾਸਥਿਤੀਵਾਦੀ ਬਣ ਜਾਂਦੇ ਹਨ। ਨਾਨਕ ਸਿੰਘ ਦੀ ਸ਼ਖਸੀਅਤ ਦਾ ਵਿਕਾਸ ਕੁਝ ਇਸ ਪ੍ਰਕਾਰ ਹੋਇਆ ਕਿ ਉਹ ਅਹਿੰਸਾਵਾਦੀ ਜੱਦੋਜਹਿਦ ਵਿੱਚ ਯਕੀਨ ਰੱਖਣ ਲੱਗ ਪਿਆ। ਗੁਰਦੁਆਰਿਆਂ ਨੂੰ ਮਹੰਤਾਂ ਦੇ ਕੁਪ੍ਰਬੰਧ ਵਲੋਂ ਲਗਾਏ ਗਏ ਅਕਾਲੀਆਂ ਦੇ ਮੋਰਚੇ ਵੀ ਅਹਿੰਸਾਵਾਦੀ ਸਨ। ਹਾਲਾਂਕਿ ਗੁਰਸਿੱਖੀ ਵਿੱਚ ਹਿੰਸਾ ਜਾ ਅਹਿੰਸਾ ਦੇ ਦਰਮਿਆਨ ਕੋਈ ਭਿੰਨ ਭੇਦ ਨਹੀਂ ਕੀਤਾ ਗਿਆ।

ਨਾਨਕ ਸਿੰਘ ਦਾ ਗਦਰ ਪਾਰਟੀ ਦੇ ਸੰਘਰਸ਼ ਬਾਰੇ ਨਾਵਲ ਲਿਖਣਾ, ਦੇਸ਼ ਭਗਤਾਂ ਅਤੇ ਸੁਤੰਤਰਤਾ ਸੰਗਰਾਮਾਂ ਪ੍ਰਤੀ ਉਸਦੀ ਕਦੀਮੀ ਪ੍ਰਤੀਬੱਧਤਾ ਦਾ ਇਜ਼ਹਾਰ ਹੈ, ਜੋ ਅੰਮ੍ਰਿਤਸਰ ਦੇ ਵਾਤਾਵਰਣ ਵਿੱਚ ਵਿਚਰਦਿਆਂ ਉਸ ਦੇ ਮਨ ਵਿੱਚ 1917-18 ਈ: ਦੇ ਆਸ ਪਾਸ ਪੈਦਾ ਹੋ ਚੁੱਕੀ ਸੀ। ਸਮਾਜਿਕ-

ਆਰਥਿਕ ਪਰਿਸਥਿਤੀਆਂ ਦੇ ਝੰਬੇ ਅਤੇ ਬੁਰੀ ਤਰ੍ਹਾਂ ਨਾਲ ਸਤਾਏ ਇਸ ਅਵਿਵਾਹਿਤ ਨਵਯੁਵਕ ਨੂੰ ਭਾਵੇਂ ਅੱਜੇ ਤੱਕ ਪਾਰਟੀ-ਪਾਲਿਟਿਕਸ ਬਾਰੇ ਤਾਂ ਬਹੁਤਾ ਨਹੀਂ ਸੀ ਪਤਾ ਪਰੰਤੂ ਵਿਪਰੀਤ ਪਰਸਥਿਤੀਆਂ ਵਿੱਚੋਂ ਉਪਜੀ ਅਤੇ ਤਿਖੀ ਹੋਈ ਉਸਦੀ ਸੰਵੇਦਨਾ ਜ਼ਰੂਰ ਉਸਨੂੰ ਨਿਮਾਣਿਆ, ਨਿਤਾਣਿਆ ਅਤੇ ਨਿਖਾਣਿਆਂ ਦੇ ਨਾਲ ਖੜਾ ਕਰ ਦਿੰਦੀ ਸੀ। ਇਸ ਨਾਵਲ ਦੀ ਭੂਮਿਕਾ ਵਿੱਚ ਨਾਨਕ ਸਿੰਘ ਆਪਣੇ ਉਦੇਸ਼ ਦਾ ਵਰਣਨ ਕਰਦਾ ਹੋਇਆ ਲਿਖਦਾ ਹੈ, ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕਿਸੇ ਵੀ ਕਿਸਮ ਦਾ ਹਿੰਸਾਤਮਕ ਸਿਧਾਂਤ ਮੇਰੇ ਮਨ ਨੂੰ ਕਦੀ ਨਹੀਂ ਜਚਿਆ ਫੇਰ ਵੀ ਜੇ ਮੇਰੀ ਕਲਮ ਐਸਾ ਕਰਨ ਲਈ ਮਜਬੂਰ ਹੋਈ ਤਾਂ ਇਸਦਾ ਕਾਰਨ ਇਹ ਸੀ ਕਿ ਮੈਨੂੰ ਆਪਣੇ ਵਤਨ ਵਾਲਿਆ ਉਤੇ ਇਕ ਚਿਰੋਕਾ ਗਿਲਾ ਹੈ, ਜਿਨ੍ਹਾਂ ਨੇ ਕੇਵਲ ਵਾਦ ਦੇ ਪੱਜ ਆਪਣੇ ਉਨ੍ਹਾਂ ਅਣਗਿਣਤ ਅਮਰ ਸ਼ਹੀਦਾ ਦੀ ਯਾਦ ਨੂੰ ਫਰਾਮੋਸ਼ੀ ਦੀ ਟੋਕਰੀ ਵਿੱਚ ਸੁੱਟ ਦਿੱਤਾ, ਜਿਨ੍ਹਾਂ ਨੇ ਆਜ਼ਾਦੀ ਦੇ ਹਵਨ ਕੁੰਡ ਵਿੱਚ ਸਭ ਤੋਂ ਪਹਿਲਾਂ ਅਤੇ ਸਭ ਤੋ ਬਹੁਤੀ ਆਹੂਤੀ ਪਾਈ ਸੀ। ਮੇਰਾ ਮਤਲਬ ਸੰਨ 1914-15 ਦੇ ਕ੍ਰਾਂਤੀਕਾਰੀ ਅੰਦੋਲਣ ਤੋਂ ਹੈ, ਜਿਸ ਨੂੰ ਆਮ ਬੋਲੀ ਵਿੱਚ 'ਗਦਰ ਲਹਿਰ' ਕਿਹਾ ਜਾਂਦਾ ਹੈ ।

ਇਸ ਗਦਰ ਲਹਿਰ ਵਿੱਚ ਹਿੱਸਾ ਲੈਣ ਵਾਲੇ ਕ੍ਰਾਂਤੀਕਾਰੀਆਂ ਉਤੇ ਨੌ ਸਪੈਸ਼ਲ ਅਦਾਲਤਾਂ ਵਿੱਚ ਮੁੱਖੱਦਮੇ ਚਲਾਏ ਗਏ :-

> 1) ਲਾਹੌਰ ਕਾਨਸਪੀਰੇਸੀ ਕੇਸ 2) ਫਸਟ ਪਾਰਲੀਮੈਂਟਰੀ ਕੇਸ, 3) ਸੈਕੰਡ ਪਾਰਲੀਮੈਂਟਰੀ ਕੇਸ, 4) ਬਨਾਰਸ ਕਾਨਸਪੀਰੇਸੀ ਕੇਸ 5) ਫਸਟ ਮਾਂਡਲੇ ਕਾਨਸਪੀਰੇਸੀ ਕੇਸ, 6) ਸੈਕੰਡ ਮਾਂਡਲੇ ਕਾਨਸਪੀਰੇਸੀ ਕੇਸ 7) ਸਾਨ ਫਰਾਂਸਿਸਕੋ ਕੇਸ 8) ਸ਼ਿਕਾਗੋ ਕੇਸ 9) ਮੰਡੀ ਕਾਨਸੀਪੇਰਸੀ ਕੇਸ ।

ਇਨ੍ਹਾਂ ਨੌ ਮੁੱਖੱਦਮਿਆਂ ਰਾਹੀਂ ਲਗਭਗ ਸੌ ਕ੍ਰਾਂਤੀਕਾਰੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ, ਨੌ ਸੌ ਦੇ ਕਰੀਬ ਸੂਰਮਿਆਂ ਨੂੰ ਕਾਲੇ ਪਾਣੀ ਦੀ ਸਜ਼ਾ ਹੋਈ ਅਤੇ ਪੰਜਾਹ ਕ੍ਰਾਂਤੀਕਾਰੀ ਪੁਲਿਸ ਮੁੱਖਾਬਲਿਆ ਵਿੱਚ ਮਾਰੇ ਗਏ ਇਨ੍ਹਾਂ ਤੋ ਬਿਨਾਂ ਹੋਰ ਅਦਾਲਤਾਂ ਵਿੱਚ ਮੁੱਕਦਮੇ ਚਲਾ ਕੇ ਜਿਨ੍ਹਾਂ ਦੇਸ਼ ਭਗਤਾਂ ਨੂੰ ਸਜਾਵਾਂ ਸੁਣਾਈਆਂ ਗਈਆਂ, ਉਨ੍ਹਾਂ ਦੇ ਸੰਪੂਰਨ ਵੇਰਵੇ ਅਜੇ ਤੱਕ ਵੀ ਉਪਲਬਧ ਨਹੀਂ ਹੋਏ। ਨਾਨਕ ਸਿੰਘ ਨੇ ਉਕਤ ਸਾਰੇ ਕੇਸਾਂ ਦੀਆਂ ਫਾਈਲਾਂ ਤੱਕ ਪਹੁੰਚ ਕੀਤੀ ਅਤੇ ਇਨ੍ਹਾਂ ਤੋਂ ਬਿਨਾਂ ਓ' ਡਵਾਇਰ ਦੀ ਰਿਪੋਰਟ, ਗਦਰ ਪਾਰਟੀ ਦਾ ਇਤਿਹਾਸ, ਸਚੇਂਦਰ ਨਾਥ ਸਾਨਿਆਸ ਦੀ ਸ੍ਵੈਜੀਵਨੀ, ਬੰਦੀ ਜੀਵਨ, ਬਾਬਾ ਗੁਰਦਿੱਤ ਸਿੰਘ ਰਚਿਤ 'ਮੇਰੀ ਆਪਬੀਤੀ', 'ਗਦਰ ਗੂੰਜ' ਦੇ ਅੰਕ, 'ਕਿਰਤੀ' ਵਿੱਚ ਪ੍ਰਕਾਸ਼ਿਤ ਸਾਹਿਤ ਅਤੇ ਹੋਰ ਕਈ ਸੋਮਿਆਂ ਦਾ ਗੰਭੀਰ ਅਧਿਐਨ ਕਰਨ ਤੋਂ ਬਾਅਦ ਇਸ ਨਾਵਲ ਦੀ ਰਚਨਾ ਕੀਤੀ। ਇਸ ਤਰ੍ਹਾਂ

ਇਕ ਇਤਿਹਾਸਕ ਨਾਵਲ ਦੇ ਰੂਪ ਵਿੱਚ ਇਸ ਰਚਨਾ ਦਾ ਮੁੱਲ ਅਤੇ ਮਹੱਤਵ ਨਿਰਵਿਵਾਦ ਹੈ।

'ਗਦਰ ਪਾਰਟੀ' ਵਿੱਚ ਬਹੁਤੇ ਲੋਕ ਉਹ ਸ਼ਾਮਲ ਹੋਏ ਜੋ ਵੀਹਵੀਂ ਸਦੀ ਦੇ ਆਰੰਭ ਵਿੱਚ ਅੰਗਰੇਜ਼ੀ ਬਸਤੀਵਾਦ ਤੋਂ ਸਤਾਏ ਅਮਰੀਕਾ ਅਤੇ ਕੈਨੇਡਾ ਆਦਿ ਵਿਕਸਿਤ ਹੋ ਰਹੇ ਦੇਸ਼ਾਂ ਵਿੱਚ ਜਾ ਪਹੁੰਚੇ ਸਨ। ਇਥੇ ਪਹੁੰਚ ਕੇ ਇਨ੍ਹਾਂ ਨੇ ਹੱਡਭੰਨਵੀ ਮਿਹਨਤ ਕੀਤੀ, ਅਮਰੀਕੀ ਅਤੇ ਕੈਨੇਡਾ ਵਿੱਚ ਬੰਜਰ ਪਈਆਂ ਜ਼ਮੀਨਾਂ ਨੂੰ ਆਬਾਦ ਕੀਤਾ ਪਰੰਤੂ ਇਸ ਦੇ ਬਾਵਜੂਦ ਉਨ੍ਹਾਂ ਨਾਲ ਪੈਰ-ਪੈਰ ਤੇ ਵਿਤਕਰਾ ਕੀਤਾ ਜਾਂਦਾ ਸੀ। ਇਸ ਵਿਤਕਰੇ ਨੇ ਹੀ ਉਨ੍ਹਾਂ ਦੇ ਦਿਲ ਵਿੱਚ ਆਜ਼ਾਦੀ ਦੀ ਪ੍ਰਾਪਤੀ ਲਈ ਇਕ ਜ਼ਬਰਦਸਤ ਉਮੰਗ ਪੈਦਾ ਕਰ ਦਿੱਤੀ। ਉਨ੍ਹਾਂ ਨੂੰ ਇਹ ਅਹਿਸਾਸ ਹੋ ਗਿਆ ਕਿ ਗੁਲਾਮ ਦੇਸ਼ਾਂ ਦੇ ਲੋਕਾਂ ਨਾਲ ਇਹੋ ਜਿਹਾ ਅਮਾਨਵੀ ਵਿਵਹਾਰ ਹੀ ਕੀਤਾ ਜਾਂਦਾ ਹੈ ਅਤੇ ਜਿੰਨੀ ਦੇਰ ਤੱਕ ਉਹ ਆਜ਼ਾਦ ਨਹੀਂ ਹੋ ਜਾਂਦੇ, ਉਨੀ ਦੇਰ ਤੱਕ ਉਨ੍ਹਾਂ ਦਾ ਮੁੱਕਦਰ ਸੁਧਰਣ ਵਾਲਾ ਨਹੀਂ ਹੈ । 'ਗਦਰ ਪਾਰਟੀ' ਦੇ ਪਿਛੋਕੜ ਵਿੱਚ ਕੈਨੇਡਾ ਸਰਕਾਰ ਵੱਲੋਂ 9 ਮਈ 1907 ਨੂੰ ਪਾਸ ਕੀਤਾ ਉਹ ਕਾਨੂੰਨ ਵੀ ਕਾਰਜਸ਼ੀਲ ਸੀ ਜਿਸ ਅਨੁਸਾਰ, "ਅੱਜ ਦੀ ਤਾਰੀਖ ਤੋਂ ਬਾਅਦ ਨਵੇਂ ਆਉਣ ਵਾਲੇ ਹਿੰਦੁਸਤਾਨੀ, ਕੇਵਲ ਉਹੀ ਕੈਨੇਡਾ ਵਿੱਚ ਉਤਰ ਸਕਣਗੇ ਜੋ ਆਪਣੇ ਮੁਲਕ ਤੋਂ ਸਿੱਧਾ ਸਫਰ ਕਰਕੇ ਕੈਨੇਡਾ ਆਉਣਗੇ" ਇਸ ਕਾਨੂੰਨ ਦਾ ਸਿੱਧਾਸਾਦਾ ਅਰਥ ਸੀ ਕਿ ਹਿੰਦੁਸਤਾਨੀਆਂ ਲਈ ਕੈਨੇਡਾ ਦੇ ਦਰਵਾਜ਼ੇ ਸਦਾ ਲਈ ਬੰਦ ਕਰ ਦਿੱਤੇ ਗਏ ਕਿਉਂਕਿ ਉਸ ਸਮੇਂ ਭਾਰਤ ਤੋਂ ਸਿੱਧਾ ਕੋਈ ਵੀ ਜਹਾਜ ਕੈਨੇਡਾ ਨਹੀਂ ਸੀ ਜਾਂਦਾ। ਸਰਕਾਰ ਦੀ ਇਸ ਧੱਕੇਸ਼ਾਹੀ ਦੇ ਵਿਰੁੱਧ ਕੈਨੇਡਾ ਵਿੱਚ ਰਹਿਣ ਵਾਲੇ ਭਾਰਤੀ ਲਗਭਗ ਛੇ ਸਾਲ (1907-1913) ਤੱਕ ਅਦਾਲਤਾ ਦੇ ਚੱਕਰ ਕੱਟਦੇ ਰਹੇ ਪਰ ਕੋਈ ਨਤੀਜਾ ਨਾ ਨਿਕਲਿਆ ਬਲਕਿ ਕੈਨੇਡਾ ਸਰਕਾਰ ਵੱਲੋਂ ਕਾਨੂੰਨ ਹੋਰ ਸਖਤ ਕਰ ਦਿੱਤੇ ਗਏ। ਇਕ ਧੱਕੇਸ਼ਾਹੀ ਦੇ ਪ੍ਰਤੀਕਰਮ ਵਜੋਂ 2 ਜੂਨ, 1913 ਦੇ ਦਿਨ ਸਾਨ ਫਰਾਂਸਿਸਕੋ ਵਿੱਚ ਬਾਬਾ ਸੋਹਨ ਸਿੰਘ ਭਕਨਾ ਦੀ ਪ੍ਰਧਾਨਗੀ ਹੇਠ 'ਗਦਰ ਪਾਰਟੀ ਨਾਮ ਦੀ ਇਕ ਸੰਸਥਾ ਕਾਇਮ ਹੋਈ ਗਈ। 13 ਨਵੰਬਰ 1913 ਦੇ ਦਿਨ ਪਾਰਟੀ ਨੂੰ ਲਾਲਾ ਹਰਦਿਆਲ ਦੀਆਂ ਸੇਵਾਵਾਂ ਪ੍ਰਾਪਤ ਹੋ ਗਈਆਂ ਅਤੇ ਭਾਰਤ ਵਿੱਚ ਇਕ ਫੌਜੀ ਗਦਰ ਮਚਾਉਣ ਦੇ ਮਨਸੂਬੇ ਬਣਨੇ ਸ਼ੁਰੂ ਹੋ ਗਏ। ਪਰੰਤੂ ਇੰਗਲੈਂਡ ਦੇ ਦਬਾਉ ਵਿੱਚ ਆ ਕੇ ਅਮਰੀਕੀ ਸਰਕਾਰ ਨੇ ਲਾਲਾ ਹਰਦਿਆਲ ਨੂੰ ਅਮਰੀਕਾ ਵਿੱਚੋਂ ਬੇਦਖਲ ਕਦ ਦਿੱਤਾ, ਜਿਸਦਾ ਪਾਰਟੀ ਨੂੰ ਕਾਫੀ ਨਕੁ ਸਾਨ ਹੋਇਆ। ਪਰ ਕਰਤਾਰ ਸਿੰਘ ਸਰਾਭਾ ਨੇ ਪਾਰਟੀ ਵਿੱਚ ਸ਼ਾਮਲ ਹੋ ਕੇ ਕਾਫੀ ਕੰਮ ਸੰਭਾਲ ਲਿਆ ਅਤੇ ਥੋੜੇ ਹੀ ਦਿਨ੍ਹਾਂ ਵਿੱਚ ਗਦਰ ਪਾਰਟੀ ਦਾ ਸੰਚਾਲਣ, ਯੁਗਾਂਤਰ, ਆਸ਼ਰਮ (ਲਾਲਾ ਹਰਦਿਆਲ ਦੁਆਰਾ ਸੰਚਾਲਿਤ ਗਦਰ ਪਾਰਟੀ ਦੀਆਂ ਸਰਗਰਮੀਆਂ ਜਾਰੀ ਰੱਖਣ ਦਾ ਕੇਂਦਰ) ਦਾ ਨਾਇਕ ਤੇ ਪ੍ਰਾਪੇਗੰਡਾ ਕਮੇਟੀ ਦੀ ਜਿੰਦ-ਜਾਨ ਬਣ ਗਿਆ। 'ਇੱਕ ਮਿਆਨ ਦੋ ਤਲਵਾਰਾਂ' ਵਿੱਚ ਗਦਰ ਪਾਰਟੀ ਦੀ ਸਥਾਪਨਾ ਤੋਂ ਲੈ ਕੇ ਇਸ ਦੇ ਹਿੰਦੁਸਤਾਨ ਵਿੱਚ ਪਹੁੰਚ ਕੇ ਵਿਗਠਿਤ ਹੋਣ ਦੇ ਸਮੁੱਚੇ ਬ੍ਰਿਤਾਂਤ

ਨੂੰ ਲੇਖਕ ਨੇ ਪੂਰੇ ਵਿਸਤਾਰ ਸਹਿਤ ਬਿਆਨ ਕੀਤਾ ਹੈ। ਇਕ ਕੁਸ਼ਲ ਰਾਜਨੀਤਕ ਸਮੀਖਿਅਕ ਵਾਂਗ ਸ. ਨਾਨਕ ਸਿੰਘ ਨੇ ਉਨ੍ਹਾਂ ਸਾਰੇ ਕਾਰਨਾਂ ਦੀ ਵੀ ਖੂਬ ਘੋਖ-ਪੜਤਾਲ ਕੀਤੀ ਹੈ, ਜਿਨ੍ਹਾਂ ਦੀ ਵਜ੍ਹਾਂ ਕਾਰਨ ਇਹ ਮਹਾਨ ਅੰਦੋਲਨ ਸ਼ੁਰੂ ਹੋਣ ਤੋਂ ਪਹਿਲਾ ਹੀ ਖਤਮ ਹੋ ਗਿਆ।

**1.4 Summary** (ਨਿਸ਼ਕਰਸ਼) ਨਾਨਕ ਸਿੰਘ ਦਾ ਇਹ ਨਾਵਲ ਵਿਸ਼ਾ-ਵਸਤੂ ਦੇ ਪੱਖ ਤੋਂ ਸਫਲ ਹੈ ਬਣਤਰ ਦੇ ਪੱਖ ਤੋਂ ਅਸਫਲ ਹੈ । ਲਾਲ ਹਰਦਿਆਲ ਨੂੰ ਮਿਲਣ ਤੋਂ ਲੈ ਫਾਂਸੀ ਦੇ ਫੰਦੇ ਨੂੰ ਚੁੰਮਣ ਤਕ ਕਰਤਾਰ ਸਿੰਘ ਸਰਾਭਾ ਦੀਆਂ ਕ੍ਰਾਂਤੀਕਾਰੀ ਸਰਗਰਮੀਆਂ ਦਾ ਜ਼ਿਕਰ ਨਾ ਸਿਰਫ਼ ਬੜੇ ਵਿਸਥਾਰ ਨਾਲ ਹੋਇਆ ਹੈ ਸਗੋਂ ਇਹ ਇਤਿਹਾਸਕ ਪੱਖ ਤੋਂ ਵੀ ਕਾਫੀ ਹੱਦ ਤਕ ਸੰਤੋਖ ਜਨਕ ਹੈ। ਦੂਸਰੇ ਪਾਸੇ ਬੀਰੀ ਪਿਆਰ ਕਹਾਣੀ ਕਈ ਥਾਂਵਾਂ ਉਤੇ ਸੰਭਾਵੀ (ਪ੍ਰੋਬੇਬਲ) ਹੋਣ ਦੇ ਬਾਵਜੂਦ ਨਾਵਲ ਦੇ ਪੈਟਰਨ ਵਿੱਚੋਂ ਨਹੀਂ ਉਭਰਦੀ, ਸਗੋਂ ਇਹ ਕੱਪੜੇ ਉਪਰ ਲੱਗੇ ਦਾਗ ਵਾਂਗ ਓਪਰੀ ਓਪਰੀ ਲਗਦੀ ਹੈ। ਵਾਸਤਵਿਕਤਾ ਅਤੇ ਕਲਪਨਾ ਇਕ ਬਹੁਤ ਨੇੜੇ ਨੇੜੇ ਹਨ ਪਰ ਇਨ੍ਹਾਂ ਦੋਹਾਂ ਵਿੱਚ ਸੁਮੇਲ ਨਹੀਂ ਪੈਦਾ ਹੋ ਬਾਬਾ ਸੁਖਦੇਵ ਸਿੰਘ ਸੋਢੀ ਪੂਰੇ ਨਾਵਲ ਉਤੇ ਛਾਇਆ ਹੋਇਆ ਹੈ। ਕਰਤਾਰ ਸਿੰਘ ਸਰਾਭਾ ਤੋਂ ਛੁੱਟ ਇਹ ਪਾਤਰ ਬੜੀ ਬਾਰੀਕੀ ਨਾਲ ਉਲੀਕਿਆ ਗਿਆ ਹੈ ਅਤੇ ਕਾਬਲ ਵਿੱਚ ਡਾ: ਮਥਰਾ ਦਾਸ ਸਿੰਘ ਨੂੰ ਕੈਦ ਕਰਵਾਉਣ ਕਰਕੇ ਇਸ ਦਾ 'ਗਦਰੀ ਲਹਿਰ' ਨਾਲ ਸਿੱਧਾ ਸੰਬੰਧ ਕਾਇਮ ਹੋ ਜਾਂਦਾ ਹੈ। ਨਾਵਲ ਦਾ ਆਰੰਭ ਜੇਕਰ ਦਿਆਲੇ ਦੀ ਬਜਾਏ ਬਾਬਾ ਜੀ ਦੀ ਜੀਵਨ ਕਥਾ ਤੋਂ ਹੁੰਦਾ ਤਾਂ ਫਾਰਮ ਦੇ ਪੱਖ ਤੋਂ ਨਾਵਲ ਦੀ ਕਹਾਣੀ ਵਿੱਚ ਗੋਲਾਈ ਆ ਜਾਣੀ ਸੀ ਮਿਲਟਨ ਦੇ ਮਹਾਂ ਕਾਵਿ ਪੈਰਾਡਾਈਜ਼ ਲੋਸਟ ਵਿਚਲੇ ਸ਼ੈਤਾਨ ਵਾਂਗ ਇਹ ਪਾਤਰ ਵੀ ਸਟੇਜ ਦੇ ਮੱਧ ਵਿੱਚ ਖੜਾ ਹੈ ਅਤੇ ਸਪਾਟ-ਲਾਈਟ ਬਾਰ ਬਾਰ ਇਸ ਉਤੇ ਪੈ ਰਹੀ ਹੈ। ਇਸ ਪਾਤਰ ਦਾ ਅੰਤ ਦੁਖਾਂਤਕ ਨਾਇਕ ਵਾਲਾ ਅੰਤ ਨਹੀਂ ਬਲਕਿ ਖਲਨਾਇਕ ਵਾਲਾ ਅੰਤ ਹੈ।'ਇੱਕ ਮਿਆਨ ਦੋ ਤਲਵਾਰਾਂ' ਨਾਵਲ ਨਾਵਲਕਾਰ ਦੀ ਪ੍ਰਤਿਭਾ ਦੀ ਡੂੰਘੀ ਛਾਪ ਇਸ ਦੇ ਹਰ ਪੰਨੇ ਉਤੇ ਉਕਰੀ ਹੋਈ ਹੈ। ਪੰਜਾਬੀ ਇਤਿਹਾਸਕ ਨਾਵਲ ਨੂੰ ਨਾਨਕ ਸਿੰਘ ਦੀ ਇਹ ਦੇਣ ਕਦੇ ਵੀ ਅੱਖੋ ਪ੍ਰੋਖੇ ਨਹੀਂ ਕੀਤੀ ਜਾ ਸਕੇਗੀ। ਇਤਿਹਾਸਕਾਰ ਅਤੇ ਨਾਵਲਕਾਰ ਵਿੱਚ ਇਕ ਮੁਢਲਾ ਫ਼ਰਕ ਹੈ। ਇਤਿਹਾਸ ਤੱਥਾਂ ਅਤੇ ਘਟਨਾਵਾਂ ਨੂੰ ਰਿਕਾਰਡ ਕਰਦਾ ਹੈ ਪਰ ਨਾਵਲਕਾਰ ਉਨ੍ਹਾਂ ਦੀ ਵਿਆਖਿਆ ਕਰਦਾ ਹੈ। ਜਦੋਂ ਕੋਈ ਘਟਨਾ ਜਾਂ ਵਿਚਾਰ ਕਿਸੇ ਕਲਾਕਾਰ ਦੀ ਕਲਪਨਾ ਨੂੰ ਟੁੰਬਣ ਵਿੱਚ ਸਫਲ ਹੋ ਜਾਂਦੀ ਹੈ ਤਾਂ ਉਹ ਉਸਨੂੰ ਰਚਨਾ ਦਾ ਰੂਪ ਦੇਣ ਲਈ ਤਤਪਰ ਹੋ ਜਾਂਦਾ ਹੈ। ਇਹ ਜ਼ਰੂਰੀ ਨਹੀਂ ਕਿ ਉਹ ਘਟਨਾ ਉਸ ਕਲਾਕਾਰ ਨੂੰ ਹਰ ਪੱਖੋਂ ਚੰਗੀ ਹੀ ਲੱਗੀ ਹੋਵੇ। ਨਾਨਕ ਸਿੰਘ ਦਾ ਇਹ ਨਾਵਲ ਵਿਸ਼ਾ-ਵਸਤੂ ਦੇ ਪੱਖ ਤੋਂ ਸਫਲ ਹੈ।

**1.5 Glossory/Keywords** (ਔਖੇ ਸ਼ਬਦਾਂ ਦੇ ਅਰਥ)

ਵਿਆਖਿਆ-ਵਰਣਨ

ਸ਼ਰਨਾਰਥੀ-ਸ਼ਰਣ ਲੈਣ ਵਾਲਾ

ਸਿਰਜਣਾਤਮਕ-ਰਚਨਾਤਮਕ

ਪ੍ਰਤੀਕਾਤਮਕ- ਨਿਸ਼ਾਨ

## 1.6 Self-Assesment Questions (SAQ)

1. ਨਾਨਕ ਸਿੰਘ ਦੇ ਹੋਰ ਦੋ ਨਾਵਲਾਂ ਦੇ ਨਾਂ ਦਸੋ।
2. ਇਕ ਮਿਆਨ ਦੋ ਤਲਵਾਰਾਂ ਨਾਵਲਦੇ ਲੇਖਕ ਦਾ ਕੀ ਨਾਂ ਹੈ।
3. ਗਦਰ ਲਹਿਰ ਵਿੱਚ ਹਿੱਸਾ ਲੈਣ ਵਾਲੇ ਕ੍ਰਾਂਤੀਕਾਰੀਆਂ ਲਈ ਕਿਹੜੀਆਂ ਅਦਾਲਤਾਂ ਬਣਾਈਆਂ ਗਈਆਂ ਸਨ।

**1.7 Suggestive Learning** : ਵਿਦਿਆਰਥੀ ਇਸ ਨਾਵਲ ਤੋਂ ਇਲਾਵਾ ਪੰਜਾਬੀ ਨਾਵਲ ਆਲੋਚਣਾ ਦੇ ਨਾਲ ਸੰਬੰਧਤ ਪੁਸਤਕਾਂ ਪੜ੍ਹਣ।

## 1.8 References


1. ਚੰਦਨ ਪ੍ਰੀਤ ਸਿੰਘ, ਨਾਨਕ ਸਿੰਘ ਦੇ ਇਤਿਹਾਸਕ ਨਾਵਲ, ਨਾਨਕ ਸਿੰਘ ਪ੍ਰਾਸਤਕਮਾਲਾ,੨੦੦੩
2. ਕੁਲਵੰਤ ਕੌਰ ਕਹੋ ਲੀ, ਨਾਨਕ ਸਿੰਘ ਦੇ ਨਾਵਲਾਂ ਦਾ ਆਲੋਚਨਾਤਮਕ ਅਧਿਐਨ ,ਪੇਪਸੂ ਬੁਕ ਡਿਪੋ ਪਟਿਆਲਾ, 1976


-----o-----

**Unit- 1 (ਪੰਜਾਬੀ ਨਾਵਲ)** **lesson : 2**

## Title : (ਇਕ ਮਿਆਨ ਦੋ ਤਲਵਾਰਾਂ ਨਾਵਲ ਦੀ ਪਾਤਰ ਉਸਾਰੀ)

**Structure :**


**2.1 Objective (ਉਦੇਸ਼)**

**2.2 Inroduction (ਜਾਣ-ਪਛਾਣ)**

**2.3 Headings (ਇਕ ਮਿਆਨ ਦੋ ਤਲਵਾਰਾਂ ਨਾਵਲ ਦੀ ਪਾਤਰ ਓਸਾਰੀ)**

**2.3.1 ਕਰਤਾਰ ਸਿੰਘ ਸਰਾਭਾ**

**2.3.2 ਰਘਬੀਰ ਕੌਰ**

**2.3.3 ਸੋਢੀ ਸੁਖਦੇਵ ਸਿੰਘ**

**2.4 Summary (ਨਿਸ਼ਕਰਸ਼)**

**2.5 Glossory/Keywords (ਔਖੇ ਸ਼ਬਦਾਂ ਦੇ ਅਰਥ)**

**2.6 Self-Assesment Questions (SAQ)**

**2.7 Suggestive learning**

**2.8 References**


### 2.1 ਉਦੇਸ਼-(Objectives)

ਨਾਨਕ ਸਿੰਘ ਆਪੇ ਪਾਤਰਾਂ ਦੇ ਕੱਦ-ਬੁੱਦ, ਸਰੀਰਕ ਬਣਤਰ ਅਤੇ ਬੋਲੀ ਬਾਰੇ ਬੜ੍ਹਾ ਸੁਚੇਤ ਹੈ। ਉਸ ਦਾ ਸ਼ਰਾਬੀ ਪਾਤਰ ਖੜਕੀ ਜਬਾਨ ਦੀ ਬੋਲੀ ਬੋਲਦਾ ਹੈ ਤੇ ਪਠਾਣਾ ਨਾਲ ਗੱਲਾਂ ਕਰਦਾ ਪਾਤਰ

ਪਸ਼ਤੋ ਬੋਲਦਾ ਹੈ। ਜੇ ਕਿਸ ਨਾਵਲ ਦੀ ਨਾਇਕਾ ਕਿਸੇ ਮੜ੍ਹੈਂ ਦਾ ਕਿਰਦਾਰ ਨਿਭਾ ਰਹੀ ਹੈ ਤਾਂ ਉਸ ਦੀ ਬੋਲੀ ਵਿੱਚ ਲੋੜੀਂਦੇ ਅਤੇ ਸਥਾਨਕ ਸੁਧਾਰ ਲਿਆ ਦੇਣਾ ਲੇਖਕ ਦਾ ਇਕ ਗੁਣ ਹੈ। ਨਾਨਕ ਸਿੰਘ ਦੇ ਹੱਥ ਵਿੱਚ ਆਏ ਪਾਤਰਾਂ ਦੀ ਉਸਾਰੀ ਉਨਾਂ ਦਾ ਘਟਨਾ ਨਾਲ ਜੁੜਿਆ ਮਹੌਲ ਘਟ ਕਰਦਾ ਹੈ, ਨਾਨਕ ਸਿੰਘ ਦੀ ਕਲਮ ਦੀ ਜਾਦੂ ਛੋਹ ਵਧੇਰੇ ਹੈ ਪਰੰਤੂ ਉਨ੍ਹਾਂ ਹੀ ਪਾਤਰਾਂ ਦਾ ਸਿਰ ਸਦਕਾ ਉਹ ਆਪਣੇ ਪਲਾਟ ਦੀਆਂ ਕਸੀਆਂ ਤੰਦਾਂ ਵਿੱਚੋਂ ਕਹਾਣੀ ਰਸ ਦੀਆਂ ਪੂਰੀਆਂ ਸੁਰਾਂ ਉਘਾੜਦਾ ਪਾਠਕਾਂ ਨੂੰ ਉਨ੍ਹਾਂ ਦੇ ਸਮਕਾਲੀ ਚੋਗਿਰਦੇ ਤੋਂ ਸੁਚੇਤ ਜਰੂਰ ਕਰਵਾ ਜਾਂਦਾ ਹੈ ਜੋ ਉਸ ਦੀ ਸਫਲ ਪਾਤਰ ਉਸਾਰੀ ਦੇ ਸਦਕੇ ਸੰਭਵ ਹੋ ਸਕਿਆ ਹੈ ।

## 2.2 ਜਾਣ-ਪਛਾਣ-(Introduction)

ਲੇਖਕ ਮਨ ਆਮ ਤੌਰ ਤੇ ਜਦੋਂ ਆਪਣੇ ਤੇ ਆਲੇ ਦੁਆਲੇ ਘਟੀ ਘਟਨਾ ਸਦਕਾ ਜਾਂ ਤਾਂ ਆਪਣੇ ਮਨ ਉਪਰ ਕੋਈ ਭਾਰ ਮਹਿਸੂਸ ਕਰਦਾ ਹੈ, ਜਾਂ ਕੁਝ ਘਾਟ, ਤਾਂ ਉਸ ਘਟਨਾ ਦਾ ਪ੍ਰਤੀਕਰਮ ਜੋ ਉਸ ਦੇ ਮਨ ਨੇ ਕਬੂਲਿਆ ਹੁੰਦਾ ਹੈ, ਨੂੰ ਆਪਣੀ ਕਲਮ ਰਾਹੀਂ ਪ੍ਰਗਟ ਕਰਨਾ ਉਸ ਲੇਖਕ ਦਾ ਮੁੱਖ ਮੰਤਵ ਹੁੰਦਾ ਹੈ। ਲੇਖਕ ਦੋ ਤਰ੍ਹਾਂ ਨਾਲ ਇਸ ਨੂੰ ਦੇਖਦਾ ਹੈ। ਪਹਿਲਾ ਘਟਨਾ ਦਾ ਆਪਣਾ 'ਬਲ' ਜਿੰਨੀ ਬਲਵਾਨ ਘਟਨਾ ਹੋਵੇਗੀ ਉਸੇ ਪੱਧਰ ਦਾ ਮਾਧਿਅਮ ਲੇਖਕ ਅਪਣਾਵੇਗਾ। ਥੁੜ-ਜੀਵੀ ਘਟਨਾ ਕਿਸੇ ਵੇਗ ਜਾਂ ਵਲਵਲੇ ਅਧੀਨ ਕਾਵਿ ਰੂਪ ਲੈਂਦੀ ਹੈ ਜਦ ਕਿ ਇਕ ਬਲਵਾਨ ਘਟਨਾ ਕੋਈ ਗਲਤ ਰੂਪ ਦਾ ਜਾਮਾ ਪਹਿਨਦੀ ਹੈ। ਉਸ ਤੋਂ ਵੀ ਵੱਧ ਬੌਧਿਕ ਘਟਨਾ ਜਦੋਂ ਦਲੀਲਾਂ ਦਾ ਪੱਲਾ ਫੜਦੀ ਹੈ ਤਾਂ ਉਹ ਆਲੋਚਨਾ ਜਾਂ ਨਿਬੰਧ ਦੀ ਲਖਾਇਕ ਹੁੰਦੀ ਹੈ। ਦੂਸਰੀ ਵੱਡੀ ਗਲ ਹੈ ਲੇਖਕ ਵੀ ਆਪਣੀ ਮੁਹਾਰਤ ਜਾਂ ਰੁਚੀ, ਇਕੋ ਘਟਨਾ, ਇਕੋ ਸਮੇਂ ਦੋ ਵਿਅਕਤੀਆਂ ਉਤੇ ਆਪਣਾ ਵੱਖੋ ਵੱਖ ਪ੍ਰਭਾਵ ਪਾਉਂਦੀ ਹੈ ।

## 2.3 ਪਾਤਰ-ਉਸਾਰੀ

ਨਾਨਕ ਸਿੰਘ ਨੂੰ ਪੰਜਾਬੀ ਦਾ ਪਹਿਲਾ ਨਾਵਲਕਾਰ ਨਾ ਵੀ ਮੰਨੀਏ ਤਾਂ ਵੀ ਪ੍ਰਮੁੱਖ ਨਾਵਲਕਾਰ ਮੰਨਣ ਤੋ ਕਿਸੇ ਤਰ੍ਹਾਂ ਮੁਨਕਰ ਨਹੀਂ ਹੋਇਆ ਜਾ ਸਕਦਾ। ਪਹਿਲੇ ਲੇਖਕਾਂ ਦਾ ਖੇਤਰ ਹੋਰ ਸੀ ਪਰੰਤੂ ਨਾਨਕ ਸਿੰਘ ਜਿਥੇ ਵੱਖਰੇ ਖੇਤਰ ਵਿੱਚੋਂ ਆਪਣੇ ਪਲਾਟ ਲੈਂਦਾ ਹੈ ਉਥੇ ਘਟਨਾ-ਸਥਲ ਅਤੇ ਪਾਤਰ ਵੀ ਆਮ ਲੋਕਾਂ ਵਿੱਚੋਂ ਹੀ ਲੈਂਦਾ ਹੈ। ਸਾਡਾ ਸੰਬੰਧ ਇਸ ਸਮੇਂ ਵਿਸ਼ੇਸ਼ ਕਰਕੇ ਪਾਤਰਾਂ ਨਾਲ ਹੈ ਨਾਨਕ ਸਿੰਘ ਆਪਣੇ ਪਾਤਰਾਂ ਦੀ ਉਸਾਰੀ ਕਿਸ ਤਰ੍ਹਾਂ ਨਾਲ ਕਰਦਾ ਹੈ ਪਾਤਰਾਂ ਸੰਬੰਧੀ ਕਿਹਾ ਜਾਂਦਾ ਹੈ ਕਿ ਹਰ ਲੇਖਕ ਕੋਲ ਆਪਣੀ ਗੁਝੰ ਲਾਂ ਨੂੰ ਖੋਲ੍ਹ ਕੇ ਪਸ਼ੇ ਕਰਨ ਦੇ ਦੋ ਸਾਧਨ ਹਨ ਜਾਂ ਤਾਂ ਆਪਣੀ ਲਿਖਤ ਨੂੰ ਉਨ੍ਹਾਂ ਪਾਤਰਾਂ ਰਾਹੀਂ ਪੇਸ਼ ਕਰਦਾ ਹੈ ਜਾਂ ਜਿਨ੍ਹਾਂ ਦੀ ਹੋਂਦ ਉਹ ਚੋਗਿਰਦੇ ਵਿੱਚ ਸੰਭਵ ਸਮਝਦਾ ਹੈ ਜਾਂ ਫਿਰ ਜਿਨ੍ਹਾਂ ਦੀ ਹੋਂਦ ਜਰੂਰੀ ਸਮਝਦਾ ਹੈ, ਦੂਸਰਾ ਸਾਧਨ ਜੋ ਅਜੋਕੇ ਸਾਹਿਤ ਵਿੱਚ ਇਕ ਥਾਂ ਬਨਾਉਣ ਲਗਾ

ਹੈ, ਕਲਪਨਾ ਦੀ ਲੜੀ ਜਿਸ ਨੂੰ ਲੜੀ ਨਾਲੋਂ ਵੱਧ ਉਡਾਰੀ ਕਹਿਣਾ ਵਧੇਰੇ ਉਚਿਤ ਹੋਵੇਗਾ। ਇਸ ਵੰਡ ਵਿੱਚੋਂ ਨਾਨਕ ਸਿੰਘ ਨਾਵਲਕਾਰ ਦਾ ਸ਼ੁਮਾਰ ਅਸੀ ਪਹਿਲੀ ਭਾਂਤ ਦੇ ਉਨ੍ਹਾਂ ਲੇਖਕਾਂ ਵਿੱਚ ਕਰ ਸਕਦੇ ਹਾਂ ਜੋ ਆਪਣੀ ਵਿਚਾਰਧਾਰਾ ਨੂੰ ਨਾਂ ਤਾਂ ਉਨ੍ਹਾ ਪਾਤਰਾਂ ਨਾਲ ਬੰਨਦੇ ਹੀ ਹਨਹ ਜਿਨ੍ਹਾਂ ਨੂੰ ਸਾਹਮਣੇ ਵੇਖਦੇ ਹਨ ਅਤੇ ਨਾ ਹੀ ਉਨ੍ਹਾਂ ਨੂੰ ਉਹ ਪਾਤਰ ਆਮ ਜੀਵਨ ਵਿੱਚ ਉਪਲਬਧ ਹਨ। ਉਨ੍ਹਾਂ ਦੇ ਪਾਤਰ ਆਮ ਤੌਰ ਤੇ ਕਲਪੇ ਪਰ ਸੰਭਾਵਨਾਵਾਂ ਦੇ ਘੇਰੇ ਵਿੱਚ ਜੀਉਂਦੇ ਪਾਤਰ ਹੁੰਦੇ ਹਨ।

ਕਲਪਨਾ ਦਾ ਪਾਤਰ ਆਦਰਸ਼ਵਾਦੀ ਪਾਤਰ ਹੋ ਸਕਦਾ ਹੈ। ਉਹ ਪਾਤਰ ਜਿਹੜਾ ਨਿੱਤ ਜੀਵਨ ਵਿੱਚ ਸਾਨੂੰ ਮਿਲਦਾ ਹੈ ਉਸ ਕੋਲੋਂ ਲੇਖਕ ਉਨ੍ਹਾਂ ਹੀ ਸੰਭਾਵਨਾਵਾਂ ਦੀ ਆਸ ਕਰਦਾ ਹੈ ਜਿਹੜੀਆਂ ਉਹ ਸਾਰਥਿਕ ਜੀਵਨ ਵਿੱਚ ਨਿਭਾ ਰਿਹਾ ਹੁੰਦਾ ਹੈ। ਨਾਨਕ ਸਿੰਘ ਨੇ ਆਪਣੇ ਪਾਤਰ ਆਮ ਤੌਰ ਤੇ ਉਸ ਖੇਤਰ ਵਿੱਚੋਂ ਲਏ ਹਨ ਜਿਸ ਦਾ ਉਸ ਨੂੰ ਆਪ ਅਨੁਭਵ ਹੈ। ਉਸ ਦਾ ਪੰਜਾਬ ਦੇ ਲੋਕਾਂ ਦੀ ਖੇਤੀ ਮਜ਼ਦੂਰ ਸਮੱਸਿਆਵਾਂ ਤੋਂ ਪਰੇ ਰਹਿਣਾ ਵੀ ਇਸੇ ਦਾ ਸਿੱਟਾ ਹੈ ਕਿ ਉਸ ਦੇ ਬਹੁਤ ਘੱਟ ਪਾਤਰ ਜਿੰਮੀਦਾਰ ਪਰਿਵਾਰਾਂ ਦੇ ਹਨ, ਭਾਵ ਇਹ ਹੈ ਕਿ ਇਨ੍ਹਾਂ ਦੀ ਉਸਾਰੀ ਨਾਨਕ ਸਿੰਘ ਦੀ ਮਾਰ ਤੋ ਬਾਹਰ ਦੀ ਗੱਲ ਸੀ ਜਾਂ ਉਹ ਇਨ੍ਹਾਂ ਦੀ ਉਸਾਰੀ ਸਮੇਂ ਆਪਣੇ ਕਲਮ ਕੋਲੋਂ ਇਨਸਾਫ ਦੀ ਆਸ ਨਹੀਂ ਕਰ ਸਕਦਾ। ਨਾਨਕ ਸਿੰਘ ਅਸਲੋਂ ਆਪਣੀਆਂ ਮੁਢਲੀਆਂ ਲਿਖਤਾਂ ਵਿੱਚ ਆਦਰਸ਼ ਪਾਤਰ ਹੀ ਲਿਆਂਦਾ ਰਿਹਾ ਉਸ ਦੇ ਪਾਤਰ ਜਾਂ ਤਾ ਉਤਮ ਭਾਵਨਾਵਾਂ ਅਤੇ ਕਿਰਦਾਰ ਦੇ ਮਾਲਕ ਹੁੰਦੇ ਹਨ ਜਾਂ ਫਿਰ ਦਲਿਤ ਵਰਗ ਅਤੇ ਘਟੀਆ ਰੁਚੀਆਂ ਦੇ ਮਾਲਕ ਉਸ ਦੇ ਨਾਵਲ ਦਾ ਨਾਇਕ ਸਰਬਗੁਣਾਂ ਭਰੂਪਰ ਹੁੰਦਾ ਹੈ, ਕੋਮਲ ਹਿਰਦਾ ਵੀ, ਗਰੀਬਾਂ ਨਾਲ ਪਿਆਰ ਕਰਦਾ ਵੀ, ਆਪਣੇ ਚੋਗਿਰਦੇ ਨਾਲ ਬਗਾਵਤ ਕਰਦਾ ਵੀ, ਅਤੇ ਅੰਤ ਜੇ ਚੰਗੇ ਲਈ ਉਹ ਮਰਦਾ ਨਹੀਂ ਤਾਂ ਚੰਗਾਈ ਦਾ ਸਾਥ ਹਰ ਹਾਲਤ ਵਿੱਚ ਨਿਭਾ ਜਾਂਦਾ ਹੈ । ਇਹ ਰੁਚੀ ਉਨ੍ਹਾਂ ਦੇ ਮੁਢਲੇ ਨਾਵਲਾਂ ਤੋਂ ਲੈ ਕੇ ਅੰਤ ਤੱਕ ਨਿੱਭੀ ਹੈ ।

ਇਤਿਹਾਸਕ ਨਾਵਲ ਵਾਂਗ 'ਇੱਕ ਮਿਆਨ ਦੋ ਤਲਵਾਰਾਂ' ਨਾਵਲ ਵਿੱਚ ਕੁਝ ਪਾਤਰ ਇਤਿਹਾਸਕ ਸ਼ਖਸੀਅਤਾਂ ਅਤੇ ਕੁਝ ਕਲਪਿਤ ਹਨ। ਲੇਖਕ ਨੇ ਇਤਿਹਾਸਕ ਪਾਤਰਾਂ ਨੂੰ ਇਤਿਹਾਸਕ ਤੱਥਾਂ ਦੇ ਆਧਾਰ ਤੋਂ ਇਲਾਵਾ ਆਪਣੀ ਕਲਪਨਾ ਨਾਲ ਵੀ ਉਸਾਰਿਆ ਹੈ। ਪਾਤਰਾਂ ਰਾਹੀਂ ਇਤਿਹਾਸਕ ਸੰਘਰਸ਼ ਅਤੇ ਵਿਰੋਧਤਾ ਨੂੰ ਪੇਸ਼ ਕੀਤਾ ਹੈ। ਇਸ ਨਾਵਲ ਵਿਚ ਭਗਤ ਅਤੇ ਦੇਸ਼ ਧ੍ਰੋਹੀ ਦੋ ਵਿਰੋਧੀ ਜੁਟ ਹਨ ਇਹਨਾਂ ਵਿਚਕਾਰ ਵਿਰੋਧ ਚਲਦਾ ਰਹਿੰਦਾ ਹੈ। ਨਾਵਲਕਾਰ ਨੇ ਇਸ ਵਿਰੋਧ ਨੂੰ ਪਾਤਰਾਂ ਦੇ ਕਰਮ ਰਾਹੀਂ ਪ੍ਰਗਟਾਇਆ ਹੈ। ਇਸਦਾ ਮੁੱਖ ਕਾਰਣ ਨਾਨਕ ਸਿੰਘ ਦੀ ਅਜਿਹੀ ਰਚਨਾ ਦ੍ਰਿਸ਼ਟੀ ਹੈ, ਜਿਸਦਾ ਚਖੌਟਾ ਧਾਰਮਿਕ ਆਚਾਰਵਾਦੀ ਹੈ। ਇਸੇ ਆਚਾਰਵਾਦ ਦਾ ਸਿੱਟਾ ਹੈ ਕਿ ਨਾਨਕ ਸਿੰਘ ਦੇ ਇਸ ਨਾਵਲ ਵਿੱਚ ਜਿੰਦਗੀ ਦਾ ਸੰਘਰਸ਼ ਉਪਰੋਕਤ ਕਿਸਮ ਦੇ ਪਾਤਰਾਂ ਵਿਚਕਾਰ ਸਿਮਟ ਗਿਆ ਹੈ। ਇਸ ਤਰ੍ਹਾਂ ਇਕ

ਅਪਣਾਉਣਯੋਗ ਚਰਿਤਰ ਵਾਲੇ ਪਾਤਰ ਅਤੇ ਦੂਜੇ ਤਿਆਗਣਯੋਗ ਚਰਿਤਰ ਵਾਲੇ ਪਾਤਰ ਸਾਹਮਣੇ ਆਉਂਦੇ ਹਨ। ਇਸਦਾ ਅਗਲਾ ਸਿੱਟਾ ਇਹ ਨਿਕਲਦਾ ਹੈ ਕਿ ਉਸਦੇ ਨਾਵਲਾਂ ਵਿੱਚ ਸਮੱਸਿਆਵਾ ਆਪਣੇ ਇਤਿਹਾਸਕ ਸੰਦਰਭ ਵਿੱਚ ਨਹੀਂ, ਬਲਕਿ ਦੁਸ਼ਟ ਪਾਤਰਾਂ ਦੀ ਦੁਸ਼ਟਤਾ ਦੇ ਸਿੱਟੇ ਦੇ ਰੂਪ ਵਿੱਚ ਉਘੜਦੀਆਂ ਹਨ। ਸੋਢੀ ਸੁਖਦੇਵ ਸਿੰਘ ਦਾ ਪਾਤਰ ਇਸਦੀ ਪ੍ਰਮਾਣਿਕ ਮਿਸਾਲ ਕਹੀ ਜਾ ਸਕਦੀ ਹੈ।

ਦੇਸ਼ ਧ੍ਰੋਹੀ ਅਤੇ ਦੇਸ਼ ਭਗਤ ਪਾਤਰਾਂ ਵਿਚਕਾਰ ਕੁਝ ਹੋਰ ਪਾਤਰ ਅਜਿਹੇ ਹਨ, ਜੋ ਮਨ ਤੋਂ ਕ੍ਰਾਂਤੀਕਾਰੀਆਂ ਦੇ ਸ਼ੁਭ ਚਿੰਤਕ ਹਨ, ਉਹਨਾਂ ਦੀ ਅੰਦਰਖਾਤੇ ਸਹਾਇਤਾ ਕਰਦੇ ਹਨ ਅਤੇ ਗੱਦਾਰਾਂ ਦਾ ਵਿਰੋਧ ਕਰਨਾ ਚਾਹੰਦੇ ਹਨ, ਪਰੰਤੂ, ਸਮਾਜਕ ਬੰਧਨਾਂ ਕਾਰਣ ਖੁੱਲ ਕੇ ਅਜਿਹਾ ਨਹੀਂ ਕਰਦੇ। ਇਹਨਾਂ ਵਿੱਚ ਮਾਸਟਰ ਦਲੀਪ ਸਿੰਘ, ਸੁਦਰਸ਼ਨ ਆਦਿ ਪਾਤਰ ਆ ਜਾਂਦੇ ਹਨ। ਇਹ ਪਾਤਰ ਇਕ ਗੋਂਦ ਵਿੱਚ ਸ਼ਾਮਿਲ ਹਨ। ਗੋਂਦ ਤੋਂ ਭਾਵ ਹੈ ਨਾਵਲ ਦੇ ਪਾਤਰਾਂ ਦਾ ਸਮੂਹਾਂ ਵਿੱਚ ਵੰਡਿਆ ਜਾਣਾ ਅਤੇ ਇਕ ਦੂਜੇ ਦੇ ਵਿਰੁੱਧ ਲੁਕਵੇਂ ਰੂਪ ਵਿੱਚ ਕਾਰਜ ਦੀ ਨੀਤੀ ਨਿਸ਼ਚਿਤ ਕਰਨਾ ਹੁੰਦਾ ਹੈ।

'ਇਕ ਮਿਆਨ ਦੋ ਤਲਵਾਰਾਂ' ਵਿੱਚ ਦੋ ਖੇਤਰਾਂ ਵਿੱਚੋਂ ਪਾਤਰ ਲਏ ਗਏ ਹਨ। ਪਹਿਲਾ ਖੇਤਰ ਇਤਿਹਾਸ ਨਾਲ ਸੰਬੰਧ ਰੱਖਦਾ ਹੈ। ਇਤਿਹਾਸਕ ਪਾਤਰਾਂ ਵਿੱਚੋਂ ਸਭ ਤੋਂ ਪ੍ਰਮੁੱਖ ਪਾਤਰ ਕਰਤਾਰ ਸਿੰਘ ਸਰਾਭਾ ਹੈ, ਜਿਸ ਦੀਆਂ ਗਤੀਵਿਧੀਆਂ ਦੇ ਦੁਆਲੇ ਸਮੁੱਚਾ ਨਾਵਲੀ-ਬ੍ਰਿਤਾਂਤ ਉਸਰਿਆ ਹੈ। ਇਹੀ ਪਾਤਰ ਇਸ ਨਾਵਲ ਦਾ ਨਾਇਕ ਵੀ ਹੈ। ਹੋਰ ਇਤਿਹਾਸਕ ਪਾਤਰਾਂ ਵਿੱਚ ਹਰਨਾਮ ਸਿੰਘ ਟੁੰਡੀਲਾਟ, ਜਗਤ ਸਿੰਘ, ਰਾਸ ਬਿਹਾਰੀ ਬੋਸ, ਸਚੇਂਦਰ ਨਾਥ ਸਾਨਿਆਲ, ਭਾਈ ਪਰਮਾਨੰਦ ਅਤੇ ਲਾਲਾ ਹਰਦਿਆਲ ਆਦਿ ਪਾਤਰ ਪ੍ਰਮੁੱਖ ਹਨ। ਦੂਜਾ ਖੇਤਰ ਲੇਖਕ ਦੀ ਕਲਪਨਾ ਦੀ ਉਪਜ ਹੈ ਅਤੇ ਇਸਦੇ ਪਾਤਰ ਵੀ ਕਲਪਨਾਤਮਕ ਹਨ। ਇਨ੍ਹਾਂ ਵਿੱਚ ਸਰਵ-ਪ੍ਰਮੁੱਖ ਰਘਬੀਰ ਕੌਰ (ਬੀਰੀ) ਹੈ, ਜੋ ਇਸ ਨਾਵਲ ਦੀ ਨਾਇਕਾ ਹੈ। ਬੀਰੀ ਤੋਂ ਬਿਨਾਂ ਸੋਢੀ ਸੁਖਦੇਵ ਸਿੰਘ, ਸੁਰਦਰਸ਼ਨ ਸਿੰਘ, ਦਿਆਲਾ ਅਤੇ ਮਾਸਟਰ ਦਲੀਪ ਸਿੰਘ ਇਸ ਵਰਗ ਦੇ ਪਾਤਰਾਂ ਦੀ ਪ੍ਰਤਿਨਿਧਤਾ ਕਰਦੇ ਹਨ ।

**ਪਾਤਰ**

| | |
|---|---|
| ਕਰਤਾਰ ਸਿੰਘ ਸਰਾਭਾ | ਨਾਇਕ |
| ਰਘਬੀਰ ਕੌਰ | ਨਾਇਕਾ |
| ਸੋਢੀ ਸੁਖਦੇਵ ਸਿੰਘ | ਰਘਬੀਰ ਦੇ ਪਿਤਾ ਜੀ |
| ਸੁਦਰਸ਼ਨ ਸਿੰਘ | ਰਘਬੀਰ ਦਾ ਭਰਾ |

ਦਿਆਲਾ ਸੁਖਦੇਵ ਸਿੰਘ ਦਾ ਸੇਵਾਦਾਰ

ਮਾਸਟਰ ਦਲੀਪ ਸਿੰਘ ਸਰਾਭੇ ਦਾ ਦੋਸਤ

ਲਾਲਾ ਹਰਦਿਆਲ

ਹਰਨਾਮ ਸਿੰਘ ਟੁੰਡੀਲਾਟ

ਜਗਤ ਸਿੰਘ ਹੋਰ ਦੇਸ਼ ਭਗਤ

ਸੋਹਨ ਸਿੰਘ ਭਕਨਾ

**2.3.1 : ਕਰਤਾਰ ਸਿੰਘ ਸਰਾਭਾ :-**

ਨਾਨਕ ਸਿੰਘ ਨੇ ਕਰਤਾਰ ਸਿੰਘ ਸਰਾਭਾ ਦਾ ਚਰਿੱਤਰ ਬੜੀ ਕਲਾਤਮਕ ਸੂਝ-ਬੂਝ ਅਤੇ ਚੇਤਨਾ ਦੁਆਰਾ ਤਿਆਰ ਕੀਤਾ ਹੈ ਕਰਤਾਰ ਸਿੰਘ ਲੁਧਿਆਣੇ ਜਿਲ੍ਹੇ ਦੇ ਪਿੰਡ ਸਰਾਭਾ ਦਾ ਰਹਿਣ ਵਾਲਾ ਸੀ ਅਤੇ ਉਹ ਉਚੇਰੀ ਪੜ੍ਹਾਈ ਕਰਨ ਲਈ ਅਮਰੀਕਾ ਦੀ ਬਰਕਲੇ ਯੂਨੀਵਰਸਿਟੀ ਵਿੱਚ ਪੜ੍ਹਦਾ ਸੀ। ਉਹ ਇਕ ਅਤਿ ਉਤਸ਼ਾਹੀ, ਜੋਸ਼ੀਲਾ ਅਤੇ ਆਸ਼ਾਵਾਦੀ ਨਣਯੁਵਕ ਸੀ ਅਤੇ ਪੂਰੀ ਤਰ੍ਹਾਂ ਨਾਲ ਅਜਿਹੇ ਪੰਜਾਬੀ ਨੌਜਵਾਨਾਂ ਦੀ ਪ੍ਰਤੀਨਿਧਤਾ ਕਰਦਾ ਸੀ ਜਿਹੜੇ ਮੌਤ ਨੂੰ ਮਖੌਲਾਂ ਕਰਦੇ ਹਨ, ਮਰਨਾ ਪ੍ਰਵਾਨ ਕਰ ਲੈਂਦੇ ਹਨ ਪਰ ਕਿਸੇ ਦੀ ਟੈਂ ਨਹੀਂ ਮੰਨਦੇ। ਸੈਕਰਾਮੈਂਟੋ ਵਿਚ ਲਾਲਾ ਹਰਦਿਆਲ ਦੀ ਜ਼ੋਸ਼ੀਲੀ ਤਕਰੀਰ ਸੁਣਨ ਤੋਂ ਬਾਅਦ ਉਹ ਗਦਰ ਪਾਰਟੀ ਵਿੱਚ ਸ਼ਾਮਲ ਹੋ ਗਿਆ ਅਤੇ ਮੈਂਬਰਸ਼ਿਪ ਵਜੋਂ ਆਪਣੀ ਸਾਰੀ ਜਮ੍ਹਾਂ ਪੂੰਜੀ (ਲਗਭਗ ਦੋ ਸੌ ਡਾਲਰ) ਲਾਲਾ ਜੀ ਦੇ ਹਵਾਲੇ ਕਰ ਦਿੱਤੀ। ਇਸ ਸਮੇਂ ਉਸ ਦੀ ਉਮਰ ਲਗਭਗ 19 ਵਰ੍ਹਿਆਂ ਦੀ ਸੀ ਅਤੇ ਦੋ ਕੁ ਵਰ੍ਹਿਆਂ ਬਾਅਦ 21 ਵਰ੍ਹਿਆਂ ਦੀ ਚੜ੍ਹਦੀ ਜਵਾਨੀ ਵਿੱਚ, ਅੰਗਰੇਜ਼ ਸਰਕਾਰ ਦੇ ਵਿਰੁੱਧ ਗਦਰ ਛੇੜਣ ਦੇ ਅਪਰਾਧ ਵਿੱਚ ਉਸ ਨੂੰ ਫਾਂਸੀ ਤੇ ਲਟਕਾ ਦਿੱਤਾ ਗਿਆ। ਦੇਸ਼ ਦੀ ਆਜ਼ਾਦੀ ਲਈ ਪੂਰੀ ਰਾਜਸੀ ਚੇਤਨਤਾ ਨਾਲ ਸ਼ਹੀਦ ਹੋਣ ਵਾਲਾ ਉਹ ਸਭ ਤੋਂ ਛੋਟੀ ਉਮਰ ਦਾ ਨਵਯੁਵਕ ਮੰਨਿਆ ਜਾਂਦਾ ਹੈ।

ਉਹ ਕਿਸੇ ਵੀ ਸਥਿਤੀ ਵਿੱਚ ਹਾਰ ਮੰਨਣਾ ਨਹੀਂ ਸੀ ਜਾਣਦਾ। ਜਦੋਂ ਉਹ ਵੇਖਦਾ ਹੈ ਕਿ ਅਮਰੀਕਾ ਅਤੇ ਕੈਨੇਡਾ ਤੋਂ ਆਉਣ ਸਮੇਂ ਬਹੁਤ ਸਾਰੇ ਇਨਕਲਾਬੀ ਗ੍ਰਿਫਤਾਰ ਕਰ ਲਏ ਗਏ ਹਨ ਤਾਂ ਵੀ ਉਹ ਮਾਯੂਸ ਨਹੀਂ ਹੁੰਦਾ। ਉਹ ਰਾਮ ਬਿਹਾਰੀ ਬੋਸ ਅਤੇ ਸਚੇਂਦਰ ਨਾਥ ਸਾਨਿਆਲ ਵਰਗੇ ਇਨਕਲਾਬੀਆਂ ਨੂੰ ਬੰਗਾਲ ਤੋਂ ਲਾਹੌਰ ਲਿਆ ਕੇ ਪਾਰਟੀ ਦੀ ਵਾਗਡੋਰ ਉਨ੍ਹਾਂ ਦੇ ਹਵਾਲੇ ਕਰ ਦਿੰਦਾ ਹੈ। ਰਾਮ ਬਿਹਾਰੀ ਬੋਸ, ਗਦਰ ਛੇੜਣ ਵਾਸਤੇ ਪੈਸਿਆਂ ਦਾ ਇੰਤਜ਼ਾਮ ਕਰਨ ਲਈ ਕਹਿੰਦਾ ਹੈ ਤਾਂ ਉਹ ਡਾਕੇ

ਮਾਰਨ ਤੋਂ ਵੀ ਗੁਰੇਜ਼ ਨਹੀਂ ਕਰਦਾ। ਜਦੋਂ ਕਿਰਪਾਲ ਸਿੰਘ ਵਰਗੇ ਮੁੱਖਬਰਾਂ ਦੀ ਵਜ੍ਹਾਂ ਸਾਲ 21 ਫਰਵਰੀ ਨੂੰ ਗਦਰ ਛੇੜਣ ਦੀ ਇਤਲਾਹ ਅੰਗਰੇਜ਼ਾਂ ਪਾਸ ਪਹੁੰਚ ਜਾਂਦੀ ਹੈ ਤਾਂ ਉਹ 19 ਫਰਵਰੀ ਦਾ ਦਿਨ ਮਿੱਥ ਲੈਂਦਾ ਹੈ ਪਰ ਨਿਰਾਸ਼ ਨਹੀਂ ਹੁੰਦਾ। ਉਹ ਬਿਨਾਂ ਕਿਸੇ ਡਰ ਜਾਂ ਝਿਜਕ ਫੌਜੀ ਛਾਉਣੀਆਂ ਵਿੱਚ ਜਾ ਪਹੁੰਚਦਾ ਹੈ ਅਤੇ ਫੌਜ ਨੂੰ ਗਦਰ ਵਿੱਚ ਸ਼ਾਮਲ ਹੋਣ ਦੀ ਸਾਰੀ ਜਿੰਮੇਵਾਰੀ ਆਪਣੇ ਸਿਰ ਲੈ ਲੈਂਦਾ ਹੈ। ਇਉਂ ਉਹ ਇਕ ਅਤਿ ਉਤਸ਼ਾਹੀ ਅਤੇ ਕਰਮਸ਼ੀਲ ਵਿਅਕਤੀ ਦੇ ਰੂਪ ਵਿੱਚ ਪੇਸ਼ ਹੋਇਆ ਹੈ। ਉਹ ਇਕ ਚੰਗਾ ਕਵੀ ਵੀ ਸੀ ਅਤੇ ਮੌਕੇ ਤੇ ਹੀ ਢੁਕੱਵੀਆਂ ਕਵਿਤਾਵਾਂ ਵੀ ਲਿਖ ਸਕਦਾ ਸੀ।

ਕਰਤਾਰ ਸਿੰਘ ਸਰਾਭੇ ਦੀ ਸ਼ਖ਼ਸੀਅਤ ਦਾ ਇਕ ਹੋਰ ਪ੍ਰਮੁੱਖ ਲੱਛਣ ਉਸਦਾ ਹਸਮੁੱਖ ਅਤੇ ਵਿਨੋਦਪ੍ਰਿਯ ਹੋਣਾ ਸੀ। ਉਹ ਆਪਣੇ ਸਾਥੀਆਂ-ਸੰਗੀਆਂ ਨਾਲ ਹਮੇਸ਼ਾ ਨੋਕ ਝੋਕ ਕਰਦਾ ਰਹਿੰਦਾ ਸੀ। ਲੇਖਕ ਨੇ ਹਰਨਾਮ ਸਿੰਘ ਟੁੰਡੀਲਾਟ ਅਤੇ ਜਗਤ ਸਿੰਘ ਨਾਲ ਉਸਦੇ ਹਾਸੇ- ਮਜ਼ਾਕ ਨੂੰ ਕਾਫ਼ੀ ਵਿਸਤਾਰ ਨਾਲ ਬਿਆਨ ਕੀਤਾ ਹੈ। ਉਹ ਬੀਰੀ ਵਰਗੀ ਕਮਸਿਨੁੰਟਿਆਰ ਨਾਲ ਵੀ ਹਾਸਾ-ਠੱਠਾ ਕਰਨੋਂ ਗੁਰੇਜ਼ ਨਹੀਂ ਕਰਦਾ। ਬਲਕਿ ਉਸ ਨੂੰ ਸ਼ੈਤਾਨ ਦੀ ਨਾਨੀ ਕਹਿ ਕੇ ਸੰਬੋਧਨ ਕਰਦਾ ਹੈ। ਉਂਝ ਉਹ ਆਪਣੇ ਚਰਿੱਤਰ ਅਤੇ ਅਸੂਲਾਂ ਦਾ ਬਹੁਤ ਪੱਖਾ ਸੀ। ਔਰਤ ਉਸ ਦੀ ਕਮਜ਼ੋਰੀ ਨਹੀਂ ਸੀ। ਆਪਣੀ ਚਾਲੇ ਉਸ ਨੇ ਮੌਤ ਲਾੜੀ ਨਾਲ ਮੰਗਣੀ ਕਰਵਾ ਕੇ ਰੱਖੀ ਸੀ, ਇਸ ਕਾਰਨ ਉਸ ਨੂੰ ਕਿਸੇ ਹੋਰ ਔਰਤ ਬਾਰੇ ਵੇਖਣ ਦੀ ਫੁਰਸਤ ਨਹੀਂ ਸੀ। ਭਾਵੇਂ ਉਹ ਫੌਲਾਦੀ ਇਰਾਦੇ ਦਾ ਬਣਿਆ ਹੋਇਆ ਸੀ ਪਰ ਨਾਵਲ ਦੇ ਅੰਤ ਵਿੱਚ ਜਦੋਂ ਬੀਰੀ ਇਕ ਪਤਨੀ ਦੇ ਰੂਪ ਵਿੱਚ ਉਸ ਨਾਲ ਮੁਲਾਕਾਤ ਕਰਨ ਲਈ ਆਉਂਦੀ ਹੈ ਤਾਂ ਉਸਦਾ ਹਿਰਦੇ ਪਿਘਲ ਜਾਂਦਾ ਹੈ। ਸੱਜ ਵਿਆਹੀ ਨੂੰ ਮੂੰਹ-ਦਿਖਾਈ ਦੇਣ ਲਈ ਉਸ ਪਾਸ ਕੁਝ ਨਹੀਂ ਸੀ, ਇਸ ਕਾਰਨ ਉਹ ਉਸ ਨੂੰ ਇਕ ਸ੍ਰੀਹ ਦੀ ਫਲੀ ਦੇ ਕੇ ਵਿਦਾ ਕਰਦਾ ਹੈ ।

ਆਮ ਤੌਰ ਤੇ ਪੰਜਾਬੀ ਆਲੋਚਕਾਂ ਵੱਲੋਂ ਨਾਨਕ ਸਿੰਘ ਉਪੱਰ ਇਕ ਇਤਰਾਜ਼ ਲਗਾਇਆ ਜਾਂਦਾ ਹੈ ਕਿ ਉਹ ਆਪਣੇ ਮੁੱਖ ਪਾਤਰਾਂ ਨੂੰ ਆਦਰਸ਼ਵਾਦੀ ਵਿਧੀ ਦੁਆਰਾ ਚਿੱਤਰ ਕੇ ਇਨ੍ਹਾਂ ਨੂੰ 'ਫਲੈਟ' ਜਾਂ ਚੱਪਟੇ ਪਾਤਰ ਬਣਾ ਦਿੰਦਾ ਹੈ ਪਰੰਤੂ ਕਰਤਾਰ ਸਿੰਘ ਸਰਾਭੇ ਦੇ ਕਿਰਦਾਰ ਵਿੱਚ ਨਾਵਲਕਾਰ ਨੇ ਕੁਝ ਕਮਜ਼ੋਰੀਆਂ ਵੀ ਵਿਖਾਈਆਂ ਹਨ। ਉਹ ਜ਼ਿੱਦੀ ਅਤੇ ਕਾਹਲੇ ਸੁਭਾਅ ਦਾ ਹੈ, ਕਿਸੇ ਦੀ ਸੁਣਦਾ ਮੰਨਦਾ ਨਹੀਂ ਬਲਕਿ ਹਮੇਸ਼ਾ ਆਪਣੇ ਆਪ ਨੂੰ ਹੀ ਠੀਕ ਮੰਨਦਾ ਹੈ। ਭਾਈ ਪਰਮਾਨੰਦ ਨਾਲ ਸਰਾਭੇ ਦੀ ਮੁਲਾਕਾਤ ਵਿੱਚ ਲੇਖਕ ਨੇ ਉਸਦੇ ਸੁਭਾਉ ਦਾ ਇਹ ਪਹਿਲੂ ਬੜੇ ਸਪਸ਼ਟ ਢੰਗ ਨਾਲ ਉਜਾਗਰ ਕੀਤਾ ਹੈ।

### 2.3.2 ਬੀਰੀ (ਰਘਬੀਰ ਕੌਰ) :-

ਰਘਬੀਰ ਕੌਰ (ਬੀਰੀ) ਇਸ ਨਾਵਲ ਦੀ ਨਾਇਕਾ ਹੈ। ਉਹ ਸੋਢੀ ਸੁਖਦੇਵ ਸਿੰਘ ਦੀ ਧੀ ਅਤੇ ਸੁਦਰਸ਼ਨ ਦੀ ਭੈਣ ਹੈ। ਉਹ ਬੜੀ ਚੁਸਤ, ਹੁਸ਼ਿਆਰ ਅਤੇ ਹਾਜ਼ਰ-ਜਵਾਬ ਮੁਟਿਆਰ ਹੈ। ਉਮਰ

ਉਸਦੀ ਭਾਵੇਂ ਮਸਾਂ ਪੰਦਰਾਂ ਕੁ ਵਰ੍ਹੇ ਹੈ ਪਰ ਉਹ ਇਕ ਪੂਰੀ ਜ਼ਿੰਮੇਵਾਰ ਲੜਕੀ ਹੈ। ਪ੍ਰਾਇਮਰੀ ਪਾਸ ਕਰਨ ਉਪਰੰਤ ਭਾਵੇਂ ਉਹ ਸਕੂਲ ਵਿਚ ਤਾਂ ਨਾ ਜਾ ਸਕੀ ਪਰੰਤੂ ਆਪਣੇ ਭਰਾ ਦੀਆਂ ਪੁਸਤਕਾਂ ਪੜ੍ਹ-ਪੜ੍ਹ ਕੇ ਉਹ ਵੀ ਕਾਫ਼ੀ ਸੁਦਰਸ਼ਨ ਪਾਸੋਂ ਦੇਸ਼ ਭਗਤੀ ਦੀਆਂ ਗੱਲਾਂ ਸੁਣ ਕੇ ਉਹ ਇਸੇ ਰੰਗ ਵਿੱਚ ਰੰਗੀ ਜਾਂਦੀ ਹੈ ਅਤੇ ਮਨ ਹੀ ਮਨ ਵਿੱਚ ਕਰਤਾਰ ਸਿੰਘ ਸਰਾਭੇ ਨੂੰ ਆਪਣਾ ਪ੍ਰੇਮੀ/ਪਤੀ ਮਨ ਲੈਂਦੀ ਹੈ। ਸਰਾਭੇ ਨਾਲ ਅੰਤਿਮ ਮੁਲਾਕਾਤ ਸਮੇਂ ਉਹ ਆਪਣੇ ਮਨ ਦੀ ਭਾਵਨਾ ਉਸਦੇ ਸਨੁੱਖ ਉਜਾਗਰ ਵੀ ਕਰ ਦਿੰਦੀ ਹੈ। ਇਥੋਂ ਪਤਾ ਚਲਦਾ ਹੈ ਕਿ ਉਹ ਸਾਧਾਰਣ ਪੰਜਾਬਣਾਂ ਵਾਂਗ ਛੂਈ-ਮੂਈ ਹੋ ਜਾਣ ਵਾਲੀ ਕੋਈ ਸ਼ਰਮਾਕਲ ਮੁਟਿਆਰ ਨਹੀਂ ਹੈ।

ਉਹ ਕਿਸੇ ਦਾ ਦਿਲ ਨਹੀਂ ਦਖਾਉਂਦੀ । ਭਾਵੇ ਉਹ ਆਪਣੇ ਪਿਤਾ ਸੁਖ ਦੇਵ ਸਿੰਘ ਸੋਢੀ ਦੀ ਅੰਗਰੇਜ਼ ਪ੍ਰਸਤੀ ਨੂੰ ਦਿਲੋਂ ਪਸੰਦ ਨਹੀਂ ਕਰਦੀ ਪਰੰਤੂ ਉਸਦੇ ਪਿਤਾਤਵ ਦਾ ਸਤਿਕਾਰ ਕਰਦੀ ਹੋਈ ਕਦੇ ਉਸ ਦੀ ਅਵੱਗਿਆ ਨਹੀਂ ਕਰਦੀ। ਉਹ ਉਸਨੂੰ ਇੱਕਲਿਆ ਛੱਡ ਕੇ ਇਨਕਲਾਬੀ ਕੰਮਾਂ ਵਿੱਚ ਹਿੱਸਾ ਲੈਣਾ ਵੀ ਪ੍ਰਵਾਨ ਨਹੀਂ ਕਰਦੀ। ਨਾਵਲ ਦੇ ਅਖ਼ੀਰ ਵਿੱਚ ਜਦੋਂ ਉਸਦਾ ਪਿਤਾ, ਡਾ. ਮਥਰਾ ਸਿੰਘ ਨੂੰ ਗ੍ਰਿਫਤਾਰ ਕਰਵਾਉਣ ਲਈ ਕਾਬਲ ਚਲਾ ਜਾਂਦਾ ਹੈ ਤਾਂ ਹੀ ਉਹ ਦਿਆਲੇ ਨੂੰ ਆਪਣੇ ਘਰ ਸੋਂਪ ਕੇ ਕਰਤਾਰ ਸਿੰਘ ਸਰਾਭੇ ਨੂੰ ਮਿਲਣ ਵਾਸਤੇ ਜਾਂਦੀ ਹੈ। ਉਹ ਆਪਣੇ ਭਰਾ ਸੁਦਰਸ਼ਨ ਅਤੇ ਉਸਦੇ ਅਧਿਆਪਕ ਦਲੀਪ ਸਿੰਘ ਦਾ ਵੀ ਪੂਰਾ ਪੂਰਾ ਸਤਿਕਾਰ ਕਰਦੀ ਹੈ।

ਉਹ ਆਪਣੀ ਧੁਨ ਅਤੇ ਇਰਾਦੇ ਦੀ ਪੱਖੀ ਹੈ। ਸਰਾਭੇ ਨਾਲ ਆਖ਼ਰੀ ਮੁਲਾਕਾਤ ਕਰਨ ਸਮੇਂ ਉਹ ਆਪਣੇ ਮਨ ਨਾਲ ਇਹ ਫੈਸਲਾ ਕਰ ਲੈਂਦੀ ਹੈ ਕਿ ਉਸ ਨੂੰ ਗ੍ਰਿਫ਼ਤਾਰ ਕਰਵਾਉਣ ਵਾਲੇ ਮੁੱਖਬਰ ਰਸਾਲਦਾਰ ਗੰਡਾ ਸਿੰਘ ਦਾ ਸਫਾਇਆ ਕਰ ਦੇਵੇਗੀ ਅਤੇ ਅਗਲੇ ਹੀ ਦਿਨ ਉਹ ਆਪਣੇ ਇਸ ਮੰਤਵ ਵਿੱਚ ਕਾਮਯਾਬੀ ਹਾਸਲ ਕਰ ਲੈਂਦੀ ਹੈ। ਉਹ ਬੜੀ ਹਾਜ਼ਰ-ਜਵਾਬ ਅਤੇ ਹਸਮੁੱਖ ਵੀ ਹੈ। ਜਦੋਂ ਸਰਾਭਾ ਉਸ ਨੂੰ 'ਨਾਨੀ' ਕਹਿ ਕੇ ਮੁੱਖਾਤਿਬ ਹੁੰਦਾ ਹੈ ਤਾਂ ਉਸੇ ਵਲੇ ਉਸ ਨੂੰ 'ਦੋਹਤਾ' ਆਖ ਕੇ ਭਾਜੀ ਮੋੜ ਦਿੰਦੀ ਹੈ। ਨਾਨਕ ਸਿੰਘ ਨੇ ਆਪਣੇ ਇਸ ਕਿਰਦਾਰ ਨੂੰ ਆਦਰਸ਼ਕ ਵਿਧੀ ਦੁਆਰਾ ਚਿਤਰਿਆ ਹੈ ਉਸ ਵਿੱਚ ਕਿਸੇ ਪ੍ਰਕਾਰ ਦੀ ਕੋਈ ਕਮਜ਼ੋਰੀ ਨਹੀਂ ਹੈ ਅਤੇ ਉਹ ਹਰ ਸਮੇਂ ਠੀਕ ਫੈਸਲੇ ਲੈਂਦੀ ਦਿਖਾਈ ਗਈ ਹੈ। ਸੋਢੀ ਪਰਿਵਾਰ ਦੇ ਮਿਆਨ ਵਿੱਚ ਇਕ ਤਲਵਾਰ ਉਹ ਹੈ ਅਤੇ ਦੂਸਰੀ ਉਸਦਾ ਪਿਤਾ ਸੁਖਦੇਵ ਸਿੰਘ ਸੋਢੀ ।

### 2.3.3 ਸੁਖਦੇਵ ਸਿੰਘ :-

ਸੋਢੀ ਸੁਖਦੇਵ ਸਿੰਘ ਇਸ ਨਾਵਲ ਦਾ ਖਲਨਾਇਕ ਹੈ। ਉਹ ਅੰਗਰੇਜ਼ ਸਰਕਾਰ ਦਾ ਪਿੱਠੂ ਹੈ ਅਤੇ ਦੇਸ਼ ਭਗਤਾਂ ਦੀ ਮੁੱਖਬਰੀ ਕਰ ਕੇ ਉਨ੍ਹਾਂ ਨੂੰ ਗ੍ਰਿਫਤਾਰ ਕਰਵਾਉਣ ਦੇ ਘਿਨਾਉਣੇ ਕੁਕਰਮਾਂ ਵਿੱਚ

ਲਿਪਤ ਰਹਿੰਦਾ ਹੈ। ਉਹ ਕਿਰਪਾਲ ਸਿੰਘ ਅਤੇ ਰਸਾਲਦਾਰ ਗੰਡਾ ਸਿੰਘ ਦੀ ਸ਼੍ਰੇਣੀ ਵਿੱਚੋਂ ਹੈ ਪਰੰਤੂ ਬੀਰੀ ਦਾ ਪਿਤਾ ਹੋਣ ਕਰਕੇ ਨਾਵਲਕਾਰ ਨੇ ਉਸਦੇ ਚਰਿੱਤਰ-ਚਿਤ੍ਰਣ ਵੱਲ ਵਧੇਰੇ ਤਵਜ ਦਿੱਤੀ ਹੈ। ਉਹ ਇਕ ਅਜਿਹੇ ਵਰਗ ਨਾਲ ਸੰਬੰਧ ਰੱਖਦਾ ਹੈ, ਜਿਸ ਨੂੰ ਗੁਰੂ ਸਾਹਿਬਾਨ ਨੇ ਸਿੱਖੀ ਤੋਂ ਖਾਰਜ ਕੀਤਾ ਹੋਇਆ ਸੀ। ਇਹ ਵਰਗ ਲੋਕਾਂ ਨੂੰ ਵਰਗਲਾ ਕੇ ਉਨ੍ਹਾਂ ਤੋਂ ਰੁਪਏ-ਪੈਸੇ ਠੱਗਣ ਵਿੱਚ ਯਕੀਨ ਰੱਖਦਾ ਸੀ ਸੁਖ ਦੇਵ ਸਿੰਘ ਚਾਹੁੰਦਾ ਸੀ ਕਿ ਉਹ ਅੰਗਰੇਜ਼ ਪ੍ਰਸਤ ਬਣ ਕੇ ਆਪਣੇ ਲਈ 'ਰਾਇ ਬਹਾਦਰ' ਆਦਿਕ ਦਾ ਖਿਤਾਬ ਪ੍ਰਾਪਤ ਕਰ ਲਏ। ਉਹ ਆਪਣੇ ਮੰਤਵ ਵਿੱਚ ਕਾਮਯਾਬ ਵੀ ਹੋ ਜਾਂਦਾ ਜੇਕਰ ਉਸਦੇ ਘਰ ਸੁਦਰਸ਼ਨ ਅਤੇ ਰਘਬੀਰ ਨੂੰ ਉਸ ਨੇ ਖੂਬ ਮਾਰਿਆ-ਕੁੱਟਿਆ ਸੀ ਜਦੋਂ ਉਸ ਨੂੰ ਰਘਬੀਰ ਦੇ ਗਦਰੀਆਂ ਨਾਲ ਸੰਬੰਧਾਂ ਬਾਰੇ ਪਤਾ ਚੱਲਿਆ ਸੀ। ਉਹ ਕਾਬਲ ਜਾ ਕੇ ਡਾ. ਮਥਰਾ ਸਿੰਘ ਨੂੰ ਗ੍ਰਿਫਤਾਰ ਤਾਂ ਕਰਵਾ ਦਿੰਦਾ ਹੈ ਪਰ ਰਘਬੀਰ ਵੱਲੋਂ ਰਸਲਾਦਾਰ ਗੰਡਾ ਸਿੰਘ ਦੀ ਹੱਤਿਆ ਦੀ ਖਬਰ ਪੜ੍ਹ ਕੇ ਰੇਲ ਗੱਡੀ ਵਿੱਚ ਹੀ ਦਿਲ ਫੇਲ੍ਹ ਹੋ ਜਾਣ ਕਾਰਨ ਆਪਣੇ ਪ੍ਰਾਣ ਤਿਆਗ ਦਿੰਦਾ ਹੈ ।

### ਹੋਰ ਪਾਤਰ

ਸੁਦਰਸ਼ਨ ਵੀ ਇਸ ਨਾਵਲ ਦਾ ਇਕ ਮੁੱਖ ਪਾਤਰ ਹੈ। ਮਾਸਟਰ ਦਲੀਪ ਸਿੰਘ ਕੋਲੋਂ ਪੜ੍ਹਦਿਆਂ ਉਸ ਦੀ ਗਦਰ ਪਾਰਟੀ ਵਿੱਚ ਦਿਲਚਸਪੀ ਹੋ ਜਾਂਦੀ ਹੈ। ਉਹ ਆਪਣੀ ਛੋਟੀ ਭੈਣ ਰਘਬੀਰ ਨੂੰ ਵੀ ਚੇਤੰਨ ਕਰਦਾ ਹੈ। ਮੈਟ੍ਰਿਕ ਵਿੱਚ ਪੜ੍ਹਦਾ ਹੋਇਆ ਆਪਣੀ ਪੜ੍ਹਾਈ ਅੱਧ-ਵਿਚਕਾਰ ਛੱਡ ਕੇ ਉਹ ਪਾਰਟੀ ਲਈ ਕੰਮ ਕਰਨ ਲੱਗਦਾ ਹੈ। ਦਿਆਲਾ ਇਕ ਭੋਲਾ-ਭਾਲਾ ਅਤੇ ਅਨਪੜ੍ਹ ਗੱਭਰੂ ਹੈ, ਜੋ ਸੋਢੀ ਸੁਖ ਦੇਵ ਸਿੰਘ ਨੂੰ ਗੁਰੂਆਂ ਵਾਂਗ ਸਤਿਕਾਰ ਦਿੰਦਾ ਹੈ ਲਾਲਾ ਹਰਦਿਆਲ, ਰਾਮ ਬਿਹਾਰੀ ਬਸੋ, ਸਚੇਂਦਰ ਨਾਥ ਸਾਨਿਆਲ, ਹਰਨਾਮ ਸਿੰਘ ਟੁੰਡੀਲਾਟ, ਜਗਤ ਸਿੰਘ ਅਤੇ ਮਾਸਟਰ ਦਲੀਪ ਸਿੰਘ ਇਸ ਨਾਵਲ ਦੇ ਕੁਝ ਹੋਰ ਉਲੇਖਯੋਗ ਪਾਤਰ ਹਨ, ਜੋ ਨਾਵਲ ਦੀ ਕਹਾਣੀ ਨੂੰ ਅੱਗੇ ਲੈ ਜਾਣ ਵਿੱਚ ਭਰੂਪਰ ਯੋਗਦਾਨ ਪਾਉਂਦੇ ਹਨ।

## 2.4 Summary (ਨਿਸ਼ਕਰਸ਼) :

ਇਤਿਹਾਸਕ ਨਾਵਲ ਵਾਂਗ ਇਕ ਮਿਆਨ ਦੋ ਤਲਵਾਰਾਂ ਨਾਵਲ ਵਿੱਚ ਵੀ ਕੁਝ ਪਾਤਰ ਇਤਿਹਾਸਕ ਸ਼ਖਸੀਅਤਾਂ ਅਤੇ ਕੁਝ ਕਲਪਿਤ ਹਨ। ਲੇਖਕ ਨੇ ਇਤਿਹਸਕ ਪਾਤਰਾਂ ਨੂੰ ਇਤਿਹਾਸਕ ਤੱਥਾਂ ਦੇ ਆਧਾਰ ਤੋਂ ਇਲਾਵਾ ਆਪਣੀ ਕਲਪਨਾ ਨਾਲ ਵੀ ਉਸਾਰਿਆ ਹੈ। ਪਾਤਰਾਂ ਰਾਹੀਂ ਇਤਿਹਾਸਕ ਸੰਘਰਸ਼ ਅਤੇ ਵਿਰੋਧਤਾ ਨੂੰ ਪੇਸ਼ ਕੀਤਾ ਹੈ। ਇਸ ਨਾਵਲ ਵਿੱਚ ਦੇਸ਼ ਭਗਤ ਅਤੇ ਦੇਸ਼ ਧ੍ਰੋਹੀ ਦੋ ਵਿਰੋਧੀ ਜੁੱਟ ਹਨ। ਇਹਨਾਂ ਵਿਚਕਾਰ ਵਿਰੋਧ ਚਲਦਾ ਰਹਿੰਦਾ ਹੈ। ਨਾਵਲਕਾਰ ਨੇ ਇਸ ਵਿਰੋਧ ਨੂੰ ਪਾਤਰਾਂ ਦੇ ਕਰਮ ਰਾਹੀਂ ਪ੍ਰਗਟਾਇਆ ਹੈ। ਇਸਦਾ ਮੁੱਖ ਕਾਰਣ ਨਾਨਕ ਸਿੰਘ ਦੀ ਅਜਿਹੀ ਰਚਨਾ-ਦ੍ਰਿਸ਼ਟੀ ਹੈ, ਜਿਸਦਾ ਚੌਖਟਾ

ਧਾਰਮਿਕ ਆਚਾਰਵਾਦ ਦਾ ਸਿੱਟਾ ਹੈ ਕਿ ਨਾਨਕ ਸਿੰਘ ਦੇ ਇਸ ਨਾਵਲ ਵਿੱਚ ਜ਼ਿੰਦਗੀ ਦਾ ਸੰਘਰਸ਼ ਉਪਰੋਕਤ ਕਿਸਮ ਦੇ ਪਾਤਰਾਂ ਵਿਚਕਾਰ ਸਿਮਟ ਗਿਆ ਹੈ ਇਸ ਤਰ੍ਹਾਂ ਇਕ ਅਪਣਾਉਣਯੋਗ ਚੱਰਿਤਰ ਵਾਲੇ ਪਾਤਰ ਅਤੇ ਦੂਜੇ ਤਿਆਗਣਯੋਗ ਚਰਿਤਰ ਵਾਲੇ ਪਾਤਰ ਸਾਹਮਣੇ ਆਉਂਦੇ ਹਨ। ਇਸਦਾ ਅਗਲਾ ਸਿੱਟਾ ਇਹ ਨਿਕਲਦਾ ਹੈ ਕਿ ਉਸਦੇ ਨਾਵਲਾਂ ਵਿੱਚ ਸਮੱਸਿਆਵਾਂ ਆਪਣੇ ਇਤਿਹਾਸਕ ਸੰਦਰਭ ਵਿਚ ਨਹੀਂ, ਬਲਕਿ ਦੁਸ਼ਟ ਪਾਤਰਾਂ ਦੀ ਦੁਸ਼ਟਤਾ ਦੇ ਸਿੱਟੇ ਦੇ ਰੂਪ ਵਿੱਚ ਉਘੜਦੀਆਂ ਹਨ ।

## 2.5 Glossory/Keywords (ਔਖੇ ਸ਼ਬਦਾਂ ਦੇ ਅਰਥ)

ਤਿਆਗਣਯੋਗ-ਛੱਡ ਦੇਣਾ

ਪ੍ਰਮਾਣਿਕ-ਅਸਲੀ

ਗਤੀਵਿਧੀਆਂ-ਸਰਗਰਮੀਆਂ

ਅਵੱਗਿਆ-ਅਪਮਾਨ

## 2.6 Self-Assesment Questions (SAQ)

1. ਇਕ ਮਿਆਨ ਦੋ ਤਲਵਾਰਾਂ' ਨਾਵਲ ਵਿੱਚ ਕਰਤਾਰ ਸਿੰਘ ਸਰਾਭਾ ਦਾ ਸੰਖੇਪ ਚਿਤਰਣ ਕਰੋ।

2. 'ਇਕ ਮਿਆਨ ਦੋ ਤਲਵਾਰਾਂ' ਨਾਵਲ ਵਿੱਚਰਘਬੀਰ ਕੌਰ ਦੇ ਭਰਾ ਦਾ ਕੀ ਨਾਂ ਹੈ।

3. ਇੱਕ ਮਿਆਨ ਦੋ ਤਲਵਾਰਾਂ' ਨਾਵਲ ਵਿੱਚ ਕਿੰਨੇ ਪਾਤਰ ਹਨ ਉਹਨਾਂ ਦੇ ਨਾਂ ਲਿਖੋ।

## 2.7 Suggestive learning ਵਿਦਿਆਰਥੀ ਇਸ ਨਾਵਲ ਤੋ ਇਲਾਵਾ ਪੰਜਾਬੀ ਨਾਵਲ ਆਲੋਚਣਾ ਦੇ ਨਾਲ ਸੰਬੰਧਤ ਪੁਸਤਕਾਂ ਪੜ੍ਹਣ ।

## 2.8 References

1. ਨਾਨਕ ਸਿੰਘ ਦੀ ਨਾਵਲ ਰਚਨਾ

2. ਕੁਲਬੀਰ ਸਿੰਘ ਕਾਂਗ, ਨਾਨਕ ਸਿੰਘ ਇਕ ਅਧਿਐਨ, ਲੋਕ ਸਾਹਿਤ ਪ੍ਰਕਾਸ਼ਨ

-----o-----

**Unit- 1 (ਪੰਜਾਬੀ ਨਾਵਲ)** **lesson : 3**

## Title : (ਇਕ ਮਿਆਨ ਦੋ ਤਲਵਾਰਾਂ ਨਾਵਲ ਦਾ ਪਲਾਟ / ਕਥਾਨਕ)

**Structure :**

**3.1 Objective (ਉਦੇਸ਼)**

**3.2 Inroduction (ਜਾਣ-ਪਛਾਣ)**

**3.3 Headings (ਇਕ ਮਿਆਨ ਦੋ ਤਲਵਾਰਾਂ ਨਾਵਲ ਦਾ ਕਥਾਨਕ)**

**3.4 Summary (ਨਿਸ਼ਕਰਸ਼)**

**3.5 Glossory / Keywords (ਔਖੇ ਸ਼ਬਦਾਂ ਦੇ ਅਰਥ)**

**3.6 Self-Assesment Questions (SAQ)**

**3.7 Suggestive learning**

**3.8 References**

### 3.1 ਉਦੇਸ਼ (Objectives)

ਨਾਨਕ ਸਿੰਘ ਇਕ ਅਤਿਅੰਤ ਪ੍ਰਵੀਣ ਕਥਾਕਾਰ (story-teller) ਹੈ ਅਤੇ ਇਸ ਪ੍ਰਸੰਗ ਵਿੱਚ ਸ਼ਾਇਦ ਹੀ ਕੋਈ ਹੋਰ ਕਥਾਕਾਰ ਉਸਦਾ ਮੁੱਖਾਬਲਾ ਕਰ ਸਕੇ। ਉਹ ਜਾਣਦਾ ਹੈ ਕਿ ਮੱਧਕਾਲੀਨ ਸੋਚ ਵਾਲੇ ਪਾਠਕ ਇਹੋ ਜਿਹੀਆਂ ਕਹਾਣੀਆਂ ਵਿੱਚ ਵਧੇਰੇ ਦਿਲਚਸਪੀ ਲੈਂਦੇ ਹਨ, ਜੋ ਸੱਚੀਆ ਹੋਣ। ਇਹੀ ਕਾਰਨ ਹੈ ਕਿ ਮੱਧਕਾਲੀਨ ਕਿੱਸਾ ਕਵੀਆਂ ਨੇ ਨਾ ਕੇਵਲ ਹੀਰ-ਰਾਂਝਾ ਅਤੇ ਮਿਰਜ਼ਾ-ਸਾਹਿਬਾਂ ਆਦਿਕ ਕਹਾਣੀਆਂ ਨੂੰ ਸੱਚੀਆ ਸਿੱਧ ਕੀਤਾ ਹੈ ਬਲਕਿ ਇਸ ਗੱਲ ਉਪਰ ਵੀ ਬਲ ਦਿੱਤਾ ਹੈ ਕਿ ਇਹ ਘਟਨਾਵਾਂ ਉਨਾਂ ਦੀਆਂ ਅੱਖਾਂ ਸਾਹਮਣੇ ਵਾਪਰੀਆਂ ਅਤੇ ਉਹ ਇਨ੍ਹਾਂ ਦਾ ਚਸ਼ਮਦੀਦ ਗਵਾਹ ਸਨ। ਸਾਡੇ ਵਰਗੇ

ਅਰਧ ਜਾ ਅਲਪ ਲਿਖਿਤ ਦੇਸ਼ਾਂ ਵਿੱਚ ਕਲਪਿਤ ਕਥਾਵਾਂ ਨੂੰ ਝੂਠੀਆਂ ਮੰਨ ਕੇ, ਇਨ੍ਹਾਂ ਵਿੱਚ ਦਿਲਚਸਪੀ ਨਹੀਂ ਲਈ ਜਾਂਦੀ। ਪਰੰਤੂ ਵਿਕਸਿਤ ਦੇਸ਼ਾਂ ਵਿੱਚ ਸਥਿਤੀ ਉਲਟ ਹੈ। ਉਥੇ ਕਲਪਿਤ ਕਹਾਣੀਆਂ ਨੂੰ ਵਧੇਰੇ ਆਦਰ-ਸਤਿਕਾਰ ਨਾਲ ਵੇਖਿਆ ਜਾਂਦਾ ਹੈ ਕਿਉਂਕਿ ਇਨ੍ਹਾਂ ਵਿੱਚ ਕਿਸੇ ਲੇਖਕ ਦੀ ਸਿਰਣਾਤਮਕ ਪ੍ਰਤਿਭਾ ਦਾ ਚਮਤਕਾਰ ਛਿਪਿਆ ਹੁੰਦਾ ਹੈ। ਸੌਂਦਰਯ-ਸ਼ਾਸਤਰੀਆਂ ਅਨੁਸਾਰ ਵੀ ਸੱਚੀ ਘਟਨਾ ਉਤੇ ਆਧਾਰਿਤ ਰਚਨਾ ਦਾ ਸਰੂਪ ਅਨੁਕਰਣਾਤਮਕ ਹੁੰਦਾ ਹੈ, ਜਦੋਂ ਕਿ ਕਲਪਣਾ ਉਪਰ ਆਧਾਰਿਤ ਕ੍ਰਿਤੀ ਸਿਰਜਣਾਤਮਕ ਕਲਾ ਦਾ ਨੂੰਨਾ ਬਣਦੀ ਹੈ ।

## 3.2 ਜਾਣ-ਪਛਾਣ (Introduction)

ਨਾਨਕ ਸਿੰਘ ਆਪਣੇ ਨਾਵਲਾਂ ਦੀਆਂ ਕਹਾਣੀਆਂ ਨੂੰ ਸੱਚਾ ਸਿੱਧ ਕਰਨ ਲਈ ਇਨ੍ਹਾਂ ਦੇ ਆਰੰਭ ਵਿੱਚ ਬੜੀਆਂ ਲੰਬੀਆਂ ਅਤੇ ਰੋਚਕ ਭੂਮਿਕਾਵਾਂ ਲਿਖਦਾ ਹੈ। ਇਨ੍ਹਾਂ ਭੂਮਿਕਾਵਾਂ ਦੇ ਮਾਧਿਅਮ ਦੁਆਰਾ ਉਹ ਆਪਣੇ ਪਾਠਕਾਂ ਨੂੰ ਇਹ ਵਿਸ਼ਵਾਸ ਦਿਵਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਉਸ ਨੇ ਆਪਣੇ ਨਾਵਲ ਦੇ ਨਾਇਕ ਨੂੰ ਉਸ ਸ਼ਹਿਰ ਵਿੱਚ ਵੇਖਿਆ ਸੀ ਉਸ ਨਾਲ ਗੱਲਬਾਤ ਕੀਤੀ ਅਤੇ ਬਾਅਦ ਵਿੱਚ ਉਸਨੇ ਨਾਵਲ ਰਚਨਾ ਕੀਤੀ। ਇਉਂ ਉਹ ਆਪਣੇ ਨਾਵਲ ਵਿੱਚ ਵਰਤੀ ਗਈ ਕੱਚੀ-ਸਮਗਰੀ ਦੇ ਦਿੰਦਾ ਹੈ, ਜਿਵੇਂ ਅੱਜਕਲ੍ਹ ਖਾਣ ਪੀਣ ਦੀਆਂ ਵਸਤਾਂ ਦੇ ਰੈਪਰਜ਼ ਉਪਰ ਲਿਖਿਆਂ ਹੁੰਦਾ ਹੈ ਕਿ ਚੀਜ਼ ਵਿੱਚ ਪਾਈਆਂ ਜਾਣ ਵਾਲੀਆਂ ਪਦਾਰਥਾਂ ਦੀ ਮਾਤਰਾ ਕਿੰਨੀ ਕਿੰਨੀ ਹੈ। ਨਾਨਕ ਸਿੰਘ ਆਪਣੇ ਨਾਵਲਾਂ ਵਿੱਚ ਕਹਾਣੀ ਦੇ ਮਹੱਤਵ ਨੂੰ ਪੂਰੀ ਤਰ੍ਹਾਂ ਸਵੀਕਾਰ ਕਰਦਾ ਹੈ ਇਹੀ ਕਾਰਨ ਹੈ ਕਿ ਉਸਦੇ ਹਰ ਨਾਵਲ ਵਿੱਚ ਇਕ ਵਿਸ਼ੇਸ਼ ਕਹਾਣੀ ਨੂੰ ਬਿਆਨ ਕੀਤਾ ਗਿਆ ਹੈ।

## 3.3 ਪਲਾਟ/ਕਥਾਨਕ

ਨਾਵਲ ਦੀ ਕਥਾ ਵਸਤੂ ਦਾ ਕੇਂਦਰੀ ਸਥਾਨ ਜਿਲ੍ਹਾ ਜਿਹਲਮ ਦਾ ਇਕ ਪਿੰਡ ਹਰਨਪੁਰ ਸੋਢੀਆਂ ਬਣਾਇਆ ਗਿਆ ਹੈ, ਜਿਥੇ ਸੋਢੀ ਸੁਖਦੇਵ ਸਿੰਘ ਸਿੱਖ ਗੁਰੂ ਸਾਹਿਬਾਨ ਦੀਆਂ ਉਨ੍ਹਾਂ ਪੀੜੀਆਂ ਨਾਲ ਸੰਬੰਧ ਰੱਖਦਾ ਸੀ, ਜੋ ਧੀਰਮੱਲੀਆਂ ਅਤੇ ਰਾਮਗਰੀਆਂ ਦੇ ਰੂਪ ਵਿੱਚ ਗੁਰਸਿੱਖੀ ਤੋ ਛੇਕੀਆ ਹੋਈਆਂ ਸਨ। ਗੁਰੂ ਰਾਮਦਾਸ ਜੀ ਦਾ ਵੱਡਾ ਪੁੱਤਰ ਪ੍ਰਿਥੀ ਚੰਦ ਵੀ ਇਕ ਇਹੋ ਜਿਹਾ ਸੋਢੀ ਹੀ ਸੀ। ਵੱਖ-ਵੱਖ ਸਿੱਖ ਗੁਰੂ ਸਾਹਿਬਾਨ ਦੇ ਪੁੱਤਰ-ਪੋਤਰੇ ਹੋਣ ਦੇ ਬਾਵਜੂਦ ਆਪਣੇ ਸਾਜ਼ਿਸ਼ੀ ਅਤੇ ਪੰਥਦੋਖੀ ਸੁਭਾ ਦੇ ਕਾਰਨ ਇਹ ਪਰਿਵਾਰ ਗੁਰਸਿੱਖੀ ਵਿੱਚ ਸ਼ਾਮਲ ਨਹੀਂ ਸਨ ਰਹੇ ਪਰੰਤੂ ਇਸਦੇ ਬਾਵਜੂਦ ਭੋਲੇ-ਭਾਲੇ ਸਿੱਖ ਇਨ੍ਹਾਂ ਨੂੰ ਗੁਰੂ ਘਰ ਦੀ ਸੰਤਾਨ ਹੋਣ ਦੇ ਨਾਤੇ ਨਾ ਕੇਵਲ ਅਦਬ ਸਤਿਕਾਰ ਹੀ ਦਿੰਦੇ ਸਨ ਬਲਕਿ ਦਸਵੰਧ ਦੀ ਰਕਮ ਵੀ ਇਨ੍ਹਾਂ ਦੇ ਹਵਾਲੇ ਕਰਕੇ ਕ੍ਰਿਤੱਗ ਮਹਿਸੂਸ ਕਰਦੇ ਸਨ। ਭਾਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਲੱਗਿਆ 1708 ਈ. ਵਿੱਚ ਦੇਹਧਾਰੀ ਸਤਿਗੁਰੂ ਦੀ ਪਰੰਪਰਾ ਸਮਾਪਤ ਕਰ ਦਿੱਤੀ

ਪਰ ਆਮ ਆਦਮੀ ਦਾ ਕਈ ਸੰਪਰਦਾਵਾਂ ਵਿੱਚ ਦੇਹਧਾਰੀ ਗੁਰੂ ਦੀ ਅਗਵਾਈ ਤੋਂ ਬਿਨਾ ਗੁਜ਼ਾਰਾ ਨਹੀਂ ਹੁੰਦਾ। ਇਸੇ ਲਈ ਕਈ ਸੰਪਰਦਾਵਾਂ ਵਿੱਚ ਦੇਹਧਾਰੀ ਗੁਰੂ ਅੱਜ ਵੀ ਸਿੱਖਾਂ ਦੀ ਖੂਬ ਲੁੱਟ ਖਸੁੱਟ ਕਰ ਰਹੇ ਹਨ। ਬਾਬਾ ਸੁਖਦੇਵ ਸਿੰਘ ਦੇ ਪੂਰਵਜ ਵੀ ਜਿਹਲਮ ਦੇ ਆਸ ਪਾਸ ਦੇ ਇਲਾਕੇ ਵਿੱਚ ਆਪਣੀ ਸਿੱਖੀਸੇਵਕੀ ਨੂੰ ਖੂਬ ਚਮਕਾਈ ਬੈਠੇ ਸਨ ਪਰੰਤੂ 1872-73 ਵਿੱਚ ਸਿੰਘ ਸਭਾ ਲਹਿਰ ਦੇ ਉਥਾਨ ਨਾਲ ਇਨ੍ਹਾਂ ਦੇਹਧਾਰੀ ਗੁਰੂਆਂ ਦੇ ਕਾਰੋਬਾਰ ਨੂੰ ਧੱਕਾ ਲਗਣਾ ਸ਼ੁਰੂ ਹੋ ਗਿਆ ਸੀ ਅਤੇ ਵੀਹਈ ਸਦੀ ਤੱਕ ਇਹ ਲੋਕ ਆਪਣਾ ਆਦਰ-ਭਉ ਗੁਆ ਬੈਠੇ ਸਨ। ਸੋਢੀ ਸੁਖਦੇਵ ਸਿੰਘ ਨਾਲ ਵੀ ਇਸੇ ਤਰ੍ਹਾਂ ਹੋਇਆ ਸੀ ਅਤੇ 1913-14 ਈ. ਤੱਕ, ਜਦੋਂ ਇਸ ਨਾਵਲ ਦੀਆਂ ਘਟਨਾਵਾਂ ਸ਼ੁਰੂ ਹੁੰਦੀਆਂ ਹਨ, ਉਹ ਪੂਰੀ ਤਰ੍ਹਾਂ ਨਾਲ ਟੁੱਟ ਭੱਜ ਗਿਆ ਸੀ। ਹੁਣ ਇਸ ਤਰ੍ਹਾਂ ਦੇ ਲੋਕ ਅੰਗਰੇਜ਼ ਸਰਕਾਰ ਦੀ ਮਿਨੰਤ-ਖੁਸ਼ਾਮਦ ਕਰਕੇ ਆਪਣੀ ਉਪਜੀਵਕਾ ਅਰਜਿਤ ਕਰਦੇ ਸਨ। ਅੰਗਰੇਜ਼ਾਂ ਨੂੰ ਵੀ ਇਸ ਤਰ੍ਹਾਂ ਦੇ ਚਾਪਲੂਸਾਂ ਦੀ ਜ਼ਰੂਰਤ ਸੀ ਕਿਉਂ ਕਿ ਅਜਿਹੇ ਲੋਕਾਂ ਨੂੰ ਆਪਣੇ ਸੇਵਕ ਬਣਾ ਕੇ ਆਮ ਲੋਕਾਂ ਵਿੱਚ ਉਨ੍ਹਾਂ ਦੀ ਲੋਕਪ੍ਰਿਯਤਾ ਅਤੇ ਇਨਸਾਫ਼ ਪਸੰਦੀ ਵਿੱਚ ਇਜਾਫ਼ਾ ਹੁੰਦਾ ਸੀ ਇਸ ਨਾਵਲ ਦੀ ਕਥਾ ਵਸਤੂ ਦੀਆ ਤਿੰਨ ਇਕਾਈਆਂ ਹਨ। ਪਹਿਲੀ ਇਕਾਈ ਹਰਨਪੁਰ ਸੋਢੀਆਂ ਦੇ ਨਜ਼ਦੀਕ ਵਸੇ ਇਕ ਪਿੰਡ ਵਿੱਚ ਰਹਿਣ ਵਾਲੇ ਵਿਅਕਤੀ ਦਿਆਲੇ ਦੇ ਜੀਵਨ ਨਾਲ ਸੰਬੰਧ ਰੱਖਦੀ ਹੈ। ਦਿਆਲਾ ਖੱਤਰੀਆਂ ਦਾ ਇਕ ਯਤੀਮ ਮੁੰਡਾ ਸੀ ਜੋ ਸੋਢੀ ਸੁਖਦੇਵ ਸਿੰਘ ਦਾ ਅਨਿੰਨ ਭਗਤ ਸੀ। ਕਈ ਵਰ੍ਹੇ ਇਧਰ-ਉਧਰ ਧੱਕੇ ਖਾ ਕੇ ਅੰਤ ਉਹ ਸੋਢੀ ਸੁਖਦੇਵ ਸਿੰਘ ਦੀ ਸੇਵਾ ਵਿੱਚ ਪਹੁੰਚ ਜਾਂਦਾ ਹੈ। ਦੂਜੀ ਇਕਾਈ ਕੈਨੇਡਾ ਵਿੱਚ ਗਦਰ ਪਾਰਟੀ ਦੇ ਸੰਗਠਨ, ਕਾਮਾਗਾਟਾਮਾਰੂ ਜਹਾਜ ਦੇ ਬਿਰਤਾਂਤ, ਗਦਰ ਪਾਰਟੀ ਦੇ ਮੈਂਬਰਾ ਦੀਆ ਭਾਰਤ ਵਿੱਚ ਗਤੀਵਿਧੀਆ ਨਾਲ ਸੰਬੰਧ ਰੱਖਦੀ ਹੈ। ਲੇਖਕ ਨੇ ਇਸ ਇਕਾਈ ਨੂੰ ਦੂਜੇ ਭਾਗ ਦਾ ਨਾਮ ਦਿੱਤਾ ਹੈ ਅਤੇ ਇਹ ਪੰਨਾ ਨੰ. 80 ਤੋਂ ਲੈ ਕੇ ਪੰਨਾ ਨੰ. 209 ਤੱਕ ਫੈਲੀ ਹੋਈ ਹੈ। ਨਾਵਲ ਦਾ ਤੀਜਾ ਭਾਗ ਗਦਰ ਅੰਦੋਲਣ ਦੇ ਸਰਾਭਾ, ਹਰਨਾਮ ਸਿੰਘ, ਟੁੰਡੀਲਾਟ ਅਤੇ ਡਾ. ਮਥਰਾ ਸਿੰਘ ਸਮੇਤ ਇਸ ਅੰਦੋਲਨ ਦੇ ਸਾਰੇ ਪ੍ਰਮੁੱਖ ਨੇਤਾ ਗ੍ਰਿਫਤਾਰ ਕਰ ਲਏ ਜਾਂਦੇ ਹਨ। ਰਾਸ ਬਿਹਾਰੀ ਬੋਸ ਅਤੇ ਸਚੇਂਦਰ ਨਾਥ ਸਾਨਿਆਲ ਨੇਤਾ ਗ੍ਰਿਫਤਾਰ ਕਰ ਲਏ ਜਾਂਦੇ ਹਨ। ਹੋਰ ਬਹੁਤ ਸਾਰੇ ਮੈਂਬਰ ਮਾਰੇ ਜਾਂਦੇ ਹਨ ਅਤੇ ਗ੍ਰਿਫਤਾਰ ਨੇਤਾਵਾਂ ਨੂੰ ਫਾਂਸੀ ਜਾਂ ਕਾਲੇਪਾਣੀ ਦੀਆਂ ਸਜ਼ਾਵਾਂ ਹੋ ਜਾਂਦੀਆਂ ਹਨ। ਇਸ ਤਰ੍ਹਾਂ ਇਹ ਅੰਦੋਲਨ ਸਮਾਪਤ ਹੋ ਜਾਂਦਾ ਹੈ। ਇਹ ਭਾਗ ਪੰਨਾ 210 ਤੋਂ ਨਾਵਲ ਦੇ ਅੰਤ ਤੱਕ ਫੈਲਿਆ ਹੋਇਆ ਹੈ ।

ਨਾਵਲ ਦੀ ਕਥਾਵਸਤੂ ਅਨੁਸਾਰ ਸੋਢੀ ਸੁਖਦੇਵ ਸਿੰਘ ਪਹਿਲੇ ਵਿਸ਼ਵ-ਯੁੱਧ ਲਈ ਪੰਜਾਬ ਦੇ ਨੌਜਵਾਨਾਂ ਨੂੰ ਭਰਤੀ ਦਾ ਕੰਮ ਕਰਵਾਉਂਦਾ ਫਿਰ ਰਿਹਾ ਹੈ। ਉਸ ਦਾ ਲੜਕਾ ਸੁਦਰਸ਼ਨ ਦਸਵੀਂ ਵਿੱਚ ਪੜ੍ਹਦਾ ਹੈ ਅਤੇ ਲੜਕੀ ਰਘਬੀਰ (ਬੀਰੀ) ਅੱਠ ਕੁ ਜਮਾਤਾਂ ਪੜ੍ਹ ਕੇ ਹੱਟ ਗਈ ਹੈ। ਕਿਉਂਕਿ ਪਿੰਡ ਵਿੱਚ ਕੋਈ ਸਕੂਲ ਨਹੀਂ ਸੀ। ਸੁਦਰਸ਼ਨ ਆਪਣੇ ਸਕੂਲ ਅਧਿਆਪਕ ਦਲੀਪ ਸਿੰਘ ਤੋਂ ਪ੍ਰੇਰਿਤ ਹੋ ਕੇ ਗਦਰ

ਪਾਰਟੀ ਦੇ ਅੰਦੋਲਨ ਵਿੱਚ ਦਿਲਚਸਪੀ ਲੈਣ ਲੱਗਦਾ ਹੈ। ਉਹ ਕਈ ਵਾਰ ਚੋਰੀ-ਛਿਪੇ 'ਗਦਰ ਗੂੰਜ' ਦੇ ਅੰਕ ਵੀ ਘਰ ਲੈ ਆਉਂਦਾ ਹੈ ਇਸ ਅਖਬਾਰ ਵਿੱਚ ਛਪੀਆਂ ਕਰਤਾਰ ਸਿੰਘ ਸਰਾਭੇ ਦੀਆਂ ਕਵਿਤਾਵਾਂ ਨੂੰ ਪੜ੍ਹ ਕੇ ਬੀਰੀ ਆਪਣੇ ਮਨ ਦੇ ਅੰਦਰ ਹੀ ਅੰਦਰ ਉਸ ਨਾਲ ਪ੍ਰੇਮ ਕਰਨ ਲੱਗ ਪੈਂਦੀ ਹੈ। ਸੁਦਰਸ਼ਨ ਆਪਣੇ ਪਿਤਾ ਪਾਸ ਅੱਗੇ ਪੜ੍ਹਾਈ ਕਰਨ ਦਾ ਬਹਾਨਾ ਲਾ ਕੇ ਲਾਹੌਰ ਚਲਾ ਜਾਂਦਾ ਹੈ ਉਥੇ ਪਹੁੰਚ ਕੇ ਅਜਿਹੇ ਨੌਜਵਾਨਾਂ ਦੇ ਇਕ ਗਰੁੱਪ ਵਿੱਚ ਸ਼ਾਮਲ ਹੋ ਜਾਂਦਾ ਹੈ, ਜੋ ਗਦਰ ਪਾਰਟੀ ਦੇ ਕਾਰਕੁਨਾਂ ਦੀ ਮਦਦ ਕਰਦੇ ਸਨ। ਉਸਦੇ ਪਿਤਾ ਸੋਢੀ ਸੁਖਦੇਵ ਸਿੰਘ ਨੂੰ ਆਪਣੇ ਬੱਚਿਆਂ ਦੀਆਂ ਅਜਿਹੀਆਂ ਹਰਕਤਾਂ ਬਾਰੇ ਕੁੱਝ ਪਤਾ ਨਹੀਂ ਚਲਦਾ ਅਤੇ ਉਹ ਆਪਣਾ ਕੰਮ ਬਾਦਸਤੂਰ ਕਰੀ ਜਾਂਦਾ ਹੈ।

ਕੈਨੇਡਾ ਵਿੱਚ ਜਾ ਵੱਸੇ ਭਾਰਤਵਾਸੀਆਂ ਦੇ ਦਿਲ ਵਿੱਚ ਦੇਸ਼ ਪਿਆਰ ਅਤੇ ਸੁਤੰਤਰਤਾ ਦਾ ਜਜ਼ਬਾ ਤੀਬਰ ਹੋ ਜਾਂਦਾ ਹੈ ਅਤੇ ਉਹ ਇਕ ਗਦਰ ਪਾਰਟੀ ਦਾ ਸੰਗਠਨ ਕਰ ਲੈਂਦੇ ਹਨ, ਜਿਸਦਾ ਮੰਤਵ ਭਾਰਤ ਨੂੰ ਅੰਗਰੇਜ਼ਾਂ ਦੇ ਬੇਰਹਿਮ ਪੰਜੇ ਤੋਂ ਆਜ਼ਾਦ ਕਰਵਾਉਣਾ ਸੀ। ਲਾਲਾ ਹਰਦਿਆਲ ਨੂੰ ਇਸ ਪਾਰਟੀ ਦਾ ਪ੍ਰਧਾਨ ਚਣੁ ਲਿਆ ਗਿਆ। ਲਾਲਾ ਜੀ ਦਾ ਖਿਆਲ ਸੀ ਕਿ ਦੋ ਤਿੰਨ ਵਰ੍ਹਿਆਂ ਦੇ ਅੰਦਰ-ਅੰਦਰ ਇੰਗਲੈਂਡ ਅਤੇ ਜਰਮਨੀ ਦੇ ਦਰਮਿਆਨ ਯੁੱਧ ਹੋ ਕੇ ਰਹੇਗਾ। ਇਸ ਧਾਰਨਾ ਨੂੰ ਪ੍ਰਗਟ ਕਰਨ ਲਈ 31 ਦਸੰਬਰ 1913 ਨੂੰ ਉਨ੍ਹਾਂ ਨੇ ਮੈਕਰਾਮੈਂਟੋ ਵਿੱਚ ਇਕ ਤਕਰੀਰ ਵੀ ਕੀਤੀ। ਖਿਆਲ ਸੀ ਕਿ ਗਦਰ ਪਾਰਟੀ ਨੂੰ ਆਪਣੀਆਂ ਤਿਆਰੀਆਂ ਮੁੱਖੰਮਲ ਕਰਨ ਲਈ ਦੋ-ਤਿੰਨ ਵਰ੍ਹਿਆਂ ਦਾ ਸਮਾਂ ਮਿਲ ਜਾਵੇਗਾ ਪਰ ਯੁੱਧ 1914 ਈ. ਵਿੱਚ ਹੀ ਸ਼ੁਰੂ ਹੋ ਗਿਆ। ਇਸ ਕਾਰਨ ਪਾਰਟੀ ਨੂੰ ਕਾਹਲੀ ਵਿੱਚ ਗਦਰ ਛੇੜਨ ਦਾ ਫੈਸਲਾ ਕਰਨਾ ਪਿਆ। ਦੂਜੇ ਪਾਸੇ ਲਾਲਾ ਹਰਦਿਆਲ ਨੂੰ ਅਮਰੀਕਾ ਵਿੱਚੋਂ ਕੱਢ ਦਿੱਤਾ ਗਿਆ ਅਤੇ ਉਹ ਗਦਰ ਪਾਰਟੀ ਦਾ ਯਗੋ ਸੰਚਾਲਨ ਨਾ ਕਰ ਸਕਿਆ। ਲਾਲਾ ਹਰਦਿਆਲ ਜਰਮਨੀ ਆਦਿਕ ਦੇਸ਼ਾਂ ਤੋਂ ਗਦਰ ਪਾਰਟੀ ਲਈ ਕੋਈ ਸਮਰਥਨ ਨਾ ਜੁਟਾ ਸਕਿਆ। ਇਸ ਕਾਰਨ ਗਦਰ ਅੰਦੋਲਨ ਕਾਮਯਾਬ ਨਾ ਹੋ ਸਕਿਆ। ਉਧਰ 27 ਜੁਲਾਈ 1914 ਨੂੰ ਪਹਿਲਾ ਵਿਸ਼ਵ ਯੁੱਧ ਸ਼ੁਰੂ ਹੋਇਆ ਅਤੇ 4 ਅਗਸਤ 1914 ਨੂੰ ਇੰਗਲੈਂਡ ਨੇ ਇਸ ਯੁੱਧ ਵਿੱਚ ਸ਼ਾਮਿਲ ਹੋਣ ਦਾ ਐਲਾਨ ਕਰ ਦਿੱਤਾ। ਗਦਰ ਪਾਰਟੀ ਦੇ ਨੇਤਾਵਾਂ ਨੇ ਸੋਚ ਰੱਖਿਆ ਸੀ ਕਿ ਜਦੋਂ ਇੰਗਲੈਂਡ ਯੁੱਧ ਵਿੱਚ ਰੁੱਝਿਆ ਹੋਵੇਗਾ ਤਾਂ ਉਹ ਭਾਰਤੀ ਫੌਜਾਂ ਨੂੰ ਆਜ਼ਾਦੀ ਲਈ ਪ੍ਰੇਰਿਤ ਕਰਕੇ ਗਦਰ ਛੇੜ ਦੇਣਗੇ ਅਤੇ ਇਸ ਤਰ੍ਹਾਂ ਆਪਣੇ ਮੰਤਵ ਵਿੱਚ ਕਾਮਯਾਬ ਹੋ ਜਾਣਗੇ। ਸੋ ਯੁੱਧ ਸ਼ੁਰੂ ਹੁੰਦਿਆਂ ਹੀ 11 ਅਗਸਤ ਨੂੰ ਸੈਕਰਾਮੈਂਟੋਂ ਵਿੱਚ ਇਕ ਇੱਕਠ ਕੀਤਾ ਗਿਆ ਜਿਸ ਵਿੱਚ ਹਜ਼ਾਰਾਂ ਹਿੰਦੁਸਤਾਨੀਆਂ ਨੇ ਭਾਰਤ ਵਿੱਚ ਜਾ ਕੇ ਗਦਰ ਮਚਾਉਣ ਦੀ ਪ੍ਰਤਿਗਿਆ ਕੀਤੀ। ਇਸ ਇੱਕਠ ਵਿੱਚ ਨਵਾਬ ਖਾਂ, ਬਰਕਤੁੱਲਾ ਅਤੇ ਭਗਵਾਨ ਸਿੰਘ ਆਦਿਕ ਇਨਕਲਾਬੀਆਂ ਨੇ ਤਕਰੀਰਾਂ ਕੀਤੀਆਂ ਅਤੇ ਬਹੁਤ ਸਾਰਾ ਰੁਪਇਆ ਇੱਕਠਾ ਕਰ ਲਿਆ। ਇਸ ਉਪਰੰਤ ਕੁਝ ਹੀ ਦਿਨਾਂ ਵਿੱਚ ਅਨੇਕ ਇਨਕਲਾਬੀਆਂ ਦੇ ਜੱਥੇ ਭਾਰਤ ਵੱਲ ਰਵਾਨਾ ਹੋ ਗਏ। ਇਨ੍ਹਾਂ ਹੀ ਦਿਨਾਂ ਵਿੱਚ "ਕਾਮਾ ਗਾਟਾ

ਮਾਰੂ" ਜਹਾਜ ਦੀ ਘਟਨਾ ਵਾਪਰ ਗਈ, ਜਿਸ ਕਾਰਨ ਭਾਰਤੀਆਂ ਵਿੱਚ ਅੰਗਰੇਜ਼ਾਂ ਦੇ ਵਿਰੁੱਧ ਇਕ ਵਿਆਪਕ ਰੋਸ ਫੈਲ ਗਿਆ। 23 ਜੁਲਾਈ ਨੂੰ ਇਹ ਜਹਾਜ਼ ਕੈਨੇਡਾ ਤੋਂ ਵਾਪਸ ਮੋੜ ਦਿੱਤਾ ਗਿਆ ਅਤੇ 21 ਜੁਲਾਈ 1914 ਨੂੰ ਬਾਬਾ ਸੋਹਣ ਸਿੰਘ ਭਕਣਾ ਅਤੇ ਸ੍ਰ. ਕਰਤਾਰ ਸਿੰਘ ਸਰਾਭਾ 'ਕੋਰੀਆ' ਨਾਮ ਦੇ ਇਕ ਜਹਾਜ਼ ਰਾਹੀਂ ਗਦਰ ਮਚਾਉਣ ਦੇ ਉਦੇਸ਼ ਨਾਲ ਭਾਰਤ ਵੱਲ ਚਲ ਪਏ। ਭਕਨਾ ਅਤੇ ਸਰਾਭੇ ਨੂੰ ਜਹਾਜ਼ ਵਿੱਚ ਹੀ ਪਹਿਲੇ ਵਿਸ਼ਵ-ਯੁੱਧ ਦੇ ਸ਼ੁਰੂ ਹੋਣ ਬਾਰੇ ਸਮਾਚਾਰ ਮਿਲਿਆ ਸੀ। ਇਹ ਦੋਵੇਂ ਜਹਾਜ਼ (ਕਾਮਾਗਾਟਾਮਾਰੂ ਅਤੇ ਕੋਰੀਆ) ਜਾਪਾਨ ਦੀ ਬੰਦਰਗਾਹ ਯਕੌਹਾਮਾ ਉੱਪਰ ਇੱਕ ਠੇ ਹੋਏ। ਭਕਨਾ ਅਤੇ ਸਰਾਭਾ, ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਨੂੰ ਮਿਲੇ ਅਤੇ ਉਸ ਨੂੰ ਗਦਰ ਪਾਰਟੀ ਦੇ ਉਦਸ਼ੇ ਬਾਰੇ ਜਾਣਕਾਰੀ ਦਿੱਤੀ।

ਅੰਗਰੇਜ਼ ਸਰਕਾਰ ਨੂੰ ਗਦਰ ਪਾਰਟੀ ਦੀਆਂ ਸਾਰੀਆਂ ਸਰਗਰਮੀਆਂ ਬਾਰੇ ਸੂਹ ਲੱਗਦੀ ਰਹਿੰਦੀ ਸੀ। ਇਨ੍ਹਾਂ ਇਨਕਲਾਬੀਆਂ ਨੂੰ ਨਜਿਠੱਣ ਲਈ 5 ਸਤੰਬਰ 1914 ਨੂੰ ਸਰਕਾਰ ਨੇ ਇਕ ਨਵਾਂ ਆਰਡੀਨੈਂਸ ਜਾਰੀ ਕਰ ਦਿੱਤਾ, ਜਿਸ ਦੇ ਅਧੀਨ ਬਾਹਰ ਤੋਂ ਆਉਣ ਵਾਲੇ ਭਾਰਤੀਆਂ ਨੂੰ ਗ੍ਰਿਫਤਾਰ ਕਰ ਕੇ ਨਜ਼ਰਬੰਦ ਕਰ ਦਿੱਤਾ ਗਿਆ। ਬਾਬਾ ਸੋਹਣ ਸਿੰਘ ਭਕਨਾ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਪਰੰਤੂ ਕਰਤਾਰ ਸਿੰਘ ਸਰਾਭਾ ਅਤੇ ਹੋਰ ਬਹੁਤ ਸਾਰੇ ਕ੍ਰਾਂਤੀਕਾਰੀ ਬਚ ਨਿਕਲੇ। ਪਰ ਇਨ੍ਹਾਂ ਕ੍ਰਾਂਤੀਕਾਰੀਆਂ ਪਾਸ ਗੋਲੀ-ਸਿੱਕੇ ਦੀ ਬੜੀ ਕਿੱਲਤ ਸੀ। ਸਰਾਭੇ ਨੇ ਬੰਗਾਲ ਜਾ ਕੇ ਸਚੇਂਦਰ ਨਾਥ ਸਾਨਿਆਲ ਤੋਨੂੰਦਦ ਮੰਗੀ ਤਾਂ ਉਸ ਨੇ ਜਵਾਬ ਦੇ ਦਿੱਤਾ। ਇਸ ਉਪਰੰਤ ਸਰਾਭਾ, ਰਾਮ ਬਿਹਾਰੀ ਬਸੋ ਨੂੰ ਮਿਲਿਆ ਅਤੇ ਉਸ ਨੂੰ ਲੀਡਰਸ਼ਿਪ ਸੰਭਾਲਣ ਲਈ ਬਨੇ ਤੀ ਕੀਤੀ, ਜਿਸ ਨੂੰ ਉਸ ਨੇ ਸਵੀਕਾਰ ਕਰ ਲਿਆ ਹੁਣ ਫੈਸਲਾ ਹੋਇਆ ਕਿ 15 ਨਵੰਬਰ 1914 ਨੂੰ ਗਦਰ ਅੰਦੋਲਨ ਸ਼ੁਰੂ ਕਰ ਦਿੱਤਾ ਜਾਵੇ। ਗਦਰ ਪਾਰਟੀ ਦੇ ਕਈ ਨੇਤਾਵਾਂ, ਜਿਵੇਂ ਹਰਨਾਮ ਸਿੰਘ ਟੁੰਡੀਲਾਟ, ਜਗਤ ਸਿੰਘ, ਮਥਰਾ ਸਿੰਘ, ਪੰਡਤ ਜਗਤ ਰਾਮ, ਪ੍ਰਿਥਵੀ ਸਿੰਘ, ਰੁਲੀਆ ਸਿੰਘ, ਰੂੜ ਸਿੰਘ ਚੂਹੜਚੱਕ ਅਤੇ ਗੁਰਮੁੱਖ ਸਿੰਘ ਲਲਤੋਂ ਨੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਪਰ ਹਥਿਆਰਾਂ ਦਾ ਇੰਤਜ਼ਾਮ ਨਾ ਹੋਣ ਕਰਕੇ ਇਹ ਤਾਰੀਖ ਅੱਗੇ ਪਾ ਦਿੱਤੀ ਗਈ। ਇਹ ਫੈਸਲਾ ਵੀ ਹੋਇਆ ਕਿ 30 ਨਵੰਬਰ ਨੂੰ ਫਿਰੋਜ਼ਪੁਰ ਛਾਉਣੀ ਦਾ ਅਸਲਾਖਾਨਾ ਲੁੱਟਿਆ ਜਾਵੇ। ਇਸ ਮੰਤਵ ਲਈ ਨਵਾਬ ਖਾਂ ਦੀ ਅਗਵਾਈ ਵਿਚ ਇਕ ਪਾਰਟੀ ਨੂੰ ਭੇਜਿਆ ਗਿਆ ਪਰੰਤੂ ਕੋਈ ਸਫਲਤਾ ਨਾ ਮਿਲੀ। ਪੁਲਸ ਨਾਲ ਹੋਈ ਮੁੱਠ ਭੇੜ ਵਿੱਚ ਦੋ ਲੀਡਰ ਪੰਡਤ ਕਾਸ਼ੀ ਰਾਮ ਅਤੇ ਮੀਆਂ ਰਹਿਮਤ ਅਲੀ ਮਾਰੇ ਗਏ। ਨਵਾਬ ਖਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਉਸਨੇ ਵਾਅਦਾ ਮੁਆਫ ਬਣ ਕੇ ਹੋਰ ਵੀ ਕਈ ਇਨਕਲਾਬੀ ਗ੍ਰਿਫਤਾਰ ਕਰਵਾ ਦਿੱਤੇ। ਇਉਂ ਇਹ ਅੰਦੋਲਨ ਆਰੰਭ ਵਿੱਚ ਹੀ ਅਸਫਲ ਹੋਣ ਲੱਗ ਪਿਆ।

ਰਾਸ ਬਿਹਾਰੀ ਬੋਸ ਅਤੇ ਸਚੇਂਦਰ ਨਾਥ ਸਾਨਿਆਲ ਨੇ ਸਰਾਭੇ ਨੂੰ ਵੱਧ ਤੋਂ ਵੱਧ ਪੈਸੇ ਇੱਕਠੇ ਕਰਨ ਲਈ ਕਿਹਾ। ਇਸ ਮੰਤਵ ਲਈ ਦੋ-ਚਾਰ ਪਿੰਡਾਂ ਵਿੱਚ ਡਾਕੇ ਮਾਰੇ ਗਏ। ਅਸਲੇ ਦੀ ਲੋੜ ਪੂਰੀ ਕਰਨ ਵਾਸਤੇ ਲੋਹਟਬੱਧੀ (ਨਾਭਾ) ਵਿੱਚ ਇਕ ਬੰਬ ਫੈਕਟਰੀ ਲਗਾਈ ਗਈ ਜਿਸ ਨੇ 27 ਜਨਵਰੀ 1915 ਨੂੰ ਮਥਰਾ ਸਿੰਘ ਅਤੇ ਵਿਸ਼ਣੂ ਗਣੇਸ਼ ਪਿੰਗਲੇ ਦੀ ਅਗਵਾਈ ਵਿੱਚ ਕੰਮ ਸ਼ੁਰੂ ਕਰ ਦਿੱਤਾ। 21 ਫਰਵਰੀ 1915 ਨੂੰ ਗਦਰ ਛੇੜਨ, ਦੀ ਨਵੀਂ ਤਾਰੀਖ ਮਿਥ ਲਈ ਗਈ। ਇਸੇ ਦੌਰਾਨ ਚੱਬੇ ਪਿੰਡ ਵਿੱਚ ਮਾਰੇ ਗਏ ਡਾਕੇ ਵਿੱਚੋਂ ਕਾਲਾ ਸਿੰਘ ਲੁਹਾਰ ਨੂੰ ਗਿਫ੍ਰਤਾਰ ਕਰ ਲਿਆ ਗਿਆ ਅਤੇ ਉਸ ਨੇ ਪੁਲਸ ਨੂੰ ਗਦਰੀਆਂ ਬਾਰੇ ਕਾਫ਼ੀ ਜਾਣਕਾਰੀ ਪ੍ਰਦਾਨ ਕਰ ਦਿੱਤੀ। ਹੁਣ ਪੁਲਿਸ ਨੇ ਫੈਸਲਾ ਕੀਤਾ ਕਿ ਆਪਣਾ ਕੋਈ ਬੰਦਾ ਗਦਰ ਪਾਰਟੀ ਵਿੱਚ ਸ਼ਾਮਲ ਕਰ ਦਿੱਤਾ ਜਾਵੇ, ਜਿਸ ਦੀ ਮਦਦ ਨਾਲ ਹਰ ਜਾਣਕਾਰੀ ਪੁਲਸ ਤੱਕ ਪਹੁੰਚਦੀ ਰਹੇ। ਇਕ ਇਨਕਲਾਬੀ ਬਲਵੰਤ ਸਿੰਘ ਦੇ ਸਾਲੇ ਕਿਰਪਾਲ ਸਿੰਘ ਨੂੰ ਇਸ ਮੰਤਵ ਲਈ ਖਰੀਦਿਆ ਗਿਆ ਅਤੇ ਉਸ ਨੇ ਪਾਰਟੀ ਵਿੱਚ ਸ਼ਾਮਲ ਹੁੰਦਿਆਂ ਹੀ ਨਾਲ-ਨਾਲ ਸਾਰੀ ਜਾਣਕਾਰੀ ਪੁਲਿਸ ਤੱਕ ਪਹੁੰਚਾਉਣੀ ਸ਼ੁਰੂ ਕਰ ਦਿੱਤੀ ਹੁਣ ਪਾਰਟੀ ਨੇ ਫੈਸਲਾ ਕੀਤਾ ਕਿ ਗਦਰ ਦੀ ਤਾਰੀਖ 21 ਫਰਵਰੀ ਦੀ ਬਜਾਇ 19 ਫਰਵਰੀ ਕਰ ਦਿੱਤੀ ਜਾਵੇ ਪਰੰਤੂ ਪੁਲਸ ਪਾਸ ਸਾਰੇ ਵਰਵੇ ਪਹੁੰਚ ਜਾਣ ਦੇ ਕਾਰਨ ਕੁਝ ਨਾ ਹੋ ਸਕਿਆ। ਬਹੁਤ ਸਾਰੇ ਗਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਰਾਮ ਬਿਹਾਰੀ ਬੋਸ ਅਤੇ ਸਾਨਿਆਲ ਬੰਗਾਲ ਚਲੇ ਗਏ। ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਅਤੇ ਜਗਤ ਸਿੰਘ ਸੁਰਸਿੰਘ ਕਾਬਲ ਵੱਲ ਰਵਾਨਾ ਹੋ ਗਏ ਅਤੇ ਗਦਰ ਅੰਦੋਲਨ ਪੂਰੀ ਤਰ੍ਹਾਂ ਨਾਲ ਅਸਫਲ ਹੋ ਗਿਆ। ਸਰਾਭੇ ਅਤੇ ਉਸਦੇ ਸਾਥੀਆਂ ਨੂੰ ਕਾਬਲ ਦੇ ਰਾਹ ਵਿੱਚ ਹੀ ਇਹ ਮਾਲੂਮ ਹੋ ਗਿਆ ਕਿ ਅੰਗਰੇਜ਼ ਸਰਕਾਰ ਦੀਆਂ ਹਦਾਇਤਾਂ ਤੇ ਕਾਬਲ ਵਿੱਚ ਵੀ ਫੜੋਫੜੀ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਸਰਾਭਾ ਸੋਚਦਾ ਹੈ ਕਿ ਕਾਬਲ ਜਾ ਕੇ ਗ੍ਰਿਫਤਾਰ ਹੋਣ ਨਾਲੋਂ ਤਾਂ ਇਹੀ ਚੰਗਾ ਰਹੇਗਾ ਕਿ ਵਾਪਸ ਪੰਜਾਬ ਵਿੱਚ ਜਾ ਕੇ ਉਨ੍ਹਾਂ ਮੁੱਖਬਰਾਂ ਨੂੰ ਸੋਧਿਆ ਜਾਵੇ, ਜਿਨ੍ਹਾਂ ਦੀ ਵਜ੍ਹਾਂ ਕਾਰਨ ਗਦਰ ਫੈਲਿਆ ਹੋਇਆ ਹੈ। ਇਸ ਕਾਰਨ ਇਹ ਤਿੰਨੇ ਕ੍ਰਾਂਤੀਕਾਰੀ ਪਿਸ਼ਾਵਰ ਦੇ ਨੇੜੇ ਵੱਸੇ ਇਕ ਪਿੰਡ ਮਤਨੀ ਤੋ ਵਾਪਸ ਪਰਤ ਆਉਂਦੇ ਹਨ। ਕਰਤਾਰ ਸਿੰਘ ਸਰਾਭਾ ਸੁਝਾਵ ਦਿੰਦਾ ਹੈ ਕਿ ਉਹ ਆਪਣੇ ਹਮਦਰਦ ਮਾਸਟਰ ਦਲੀਪ ਸਿੰਘ ਦੇ ਪਿੰਡ ਭਲੋਵਾਲ ਜਾਣ ਅਤੇ ਉਥੋਂ ਅੱਗੇ ਦਾ ਪ੍ਰੋਗਰਾਮ ਬਣਾਇਆ ਜਾਵੇ। ਜਗਤ ਸਿੰਘ ਦੱਸਦਾ ਹੈ ਕਿ ਡਾ. ਮੱਥਰਾ ਸਿੰਘ ਦਾ ਪਿੰਡ ਢੁਡਿਆਲ, ਸਰਗੋਪੇ ਦੇ ਨੇੜੇ ਹੀ ਹੈ। ਉਥੋਂ ਉਨ੍ਹਾਂ ਨੂੰ ਕੁਝ ਅਸਲਾ ਮਿਲ ਸਕਦਾ ਹੈ। ਸਰਗੋਪੇ ਦੇ ਨੇੜੇ ਚੱਕ ਨੰ. ਪੰਜ ਵਿੱਚ ਇਕ ਅਰਦਲੀ ਬੂੜ ਸਿੰਘ ਪਾਸੋਂ ਉਨ੍ਹਾਂ ਨੂੰ ਅੰਗਰੇਜ਼ੀ ਮਾਰਕੇ ਦਾ ਅਸਲਾ ਮਿਲਣ ਦੀ ਉਮੀਦ ਵੀ ਸੀ। ਇਉਂ ਇਹ ਤਿੰਨੇ ਕ੍ਰਾਂਤੀਕਾਰੀ ਭਲੋਵਾਲ ਪਹੁੰਚ ਜਾਂਦੇ ਹਨ। ਮਾਸਟਰ ਦਲੀਪ ਸਿੰਘ, ਬੜੂ ਸਿੰਘ ਨੂੰ ਮਿਲ ਆਉਂਦਾ ਹੈ । ਬੂੜ ਸਿੰਘ ਦੱਸਦਾ ਹੈ ਕਿ ਉਸਦਾ ਰਸਾਲਦਾਰ ਗੰਡਾ ਸਿੰਘ ਵੀ ਕ੍ਰਾਂਤੀਕਾਰੀਆਂ ਨਾਲ ਹਮਦਰਦੀ ਰੱਖਦਾ ਹੈ ਅਤੇ ਉਹ ਅਸਲੇ ਵੱਲੋਂ ਬੇਫਿਕਰ ਹੋ ਜਾਣ।

ਮਾਸਟਰ ਦਲੀਪ ਸਿੰਘ ਦੀ ਮਦਦ ਨਾਲ ਕਰਤਾਰ ਸਿੰਘ ਸਰਾਭਾ ਅਤੇ ਉਸਦੇ ਸਾਥੀ ਸੁਦਰਸ਼ਨ ਅਤੇ ਬੀਰੀ ਨੂੰ ਮਿਲ ਲੈਂਦੇ ਹਨ ਤਾਂ ਜੋ ਉਨ੍ਹਾਂ ਦਾ ਆਧਾਰ ਵਿਆਪਕ ਬਣ ਸਕੇ। ਪਰ ਜਿਵੇਂ ਹੀ ਸਰਾਭਾ ਅਤੇ ਉਸਦੇ ਸਾਥੀ ਹਥਿਆਰ ਲੈਣ ਲਈ ਰਸਾਲਦਾਰ ਗੰਡਾ ਸਿੰਘ ਪਾਸ ਘੋੜੀਪਾਲ ਪਿਡੰ ਪਹੁੰਚ ਦੇ ਹਨ ਤਾਂ ਰਸਾਲਦਾਰ ਦੀ ਸ਼ਾਜਿਸ ਕਾਰਨ ਉਨ੍ਹਾਂ ਨੂੰ 2 ਮਾਰਚ 1915 ਨੂੰ ਗ੍ਰਿਫਤਾਰ ਕਰ ਲਿਆ ਜਾਂਦਾ ਹੈ। 26 ਅਪ੍ਰੈਲ 1915 ਨੂੰ 'ਲਾਹੌਰ' ਕਾਨਸਪੀਰੇਸੀ ਕੇਸ' ਨਾਮ ਦਾ ਮੁੱਖੱਦਮਾਂ ਸ਼ੁਰੂ ਹੁੰਦਾ ਹੈ ਅਤੇ 13 ਸਤੰਬਰ 1915 ਦੇ ਦਿਨ ਸਰਾਭੇ ਅਤੇ ਉਸ ਦੇ ਸਾਥੀਆਂ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਜਾਂਦੀ ਹੈ। ਫਾਂਸੀ ਤੋਂ ਇਕ ਦਿਨ ਪਹਿਲਾਂ ਬੀਰੀ, ਕਰਤਾਰ ਸਿੰਘ ਸਰਾਭੇ ਨਾਲ ਮੁਲਾਕਾਤ ਕਰਨ ਲਈ ਆਉਂਦੀ ਹੈ।ਉਹ ਦਸੱਦੀ ਹੈ ਕਿ ਉਸਨੇ ਸਰਾਭੇ ਨੂੰ ਆਪਣਾ ਪਤੀ ਤਸਲੀਮ ਕੀਤਾ ਹੋਇਆ ਹੈ। ਸਰਾਭਾ ਉਸ ਦੀ ਪ੍ਰੇਮ ਭਰੀ ਪੇਸ਼ਕਸ਼ ਉੱਪਰ ਬੜਾ ਹੈਰਾਨ ਹੁੰਦਾ ਹੈ ਅਤੇ ਆਖ਼ਰ ਇਸ ਨੂੰ ਪ੍ਰਵਾਨ ਕਰ ਲੈਂਦਾ ਹੈ। ਮੁਲਾਕਾਤ ਤੋਂ ਪਿਛੋਂ ਬੀਰੀ ਸਿੱਧੀ ਰਸਾਲਾਦਾਰ ਗੰਡਾ ਸਿੰਘ ਪਾਸ ਜਾ ਪਹੁੰਚਦੀ ਹੈ ਅਤੇ ਉਸਦੀ ਹੱਤਿਆ ਕਰ ਦਿੰਦੀ ਹੈ। ਇਸੇ ਦਿਨ ਸਰਾਭੇ ਅਤੇ ਉਸਦੇ ਸਾਥੀਆਂ ਨੂੰ ਫਾਂਸੀ ਦੇ ਦਿੱਤੀ ਜਾਂਦੀ ਹੈ। ਬੀਰੀ ਦਾ ਪਿਤਾ ਸੋਢੀ ਸੁਖਦੇਵ ਸਿੰਘ ਜਿਹਲਮ ਦੇ ਡੀ.ਸੀ. ਦੇ ਬੁਲਾਵੇ ਉਪੱਰ ਉਸ ਨੂੰ ਮਿਲਣ ਵਾਸਤੇ ਜਾਂਦਾ ਹੈ ਤਾਂ ਪਤਾ ਚਲਦਾ ਹੈ ਕਿ ਉਸ ਦੇ ਦੋਵੇਂ ਬੱਚੇ ਇਨਕਲਾਬੀਆਂ ਨਾਲ ਰਲੇ ਹੋਏ ਹਨ। ਡੀ.ਸੀ. ਦੇ ਕਥਨ ਅਨੁਸਾਰ ਉਸ ਦੇ ਬਚਾਉ ਦੀ ਇਕ ਸੂਰਤ ਬਚਦੀ ਹੈ ਕਿ ਉਹ ਕਿਸੇ ਵਡੇਂ ਇਨਕਲਾਬੀ ਨੂੰ ਗ੍ਰਿਫਤਾਰ ਕਰਵਾ ਦੇਵੇ। ਇਸ ਮੰਤਵ ਲਈ ਸੋਢੀ ਸੁਖ ਦੇਵ ਸਿੰਘ ਨੂੰ ਕਾਬਲ ਭੇਜਿਆ ਜਾਂਦਾ ਹੈ ਕਿਉਂਕਿ ਉਥੇ ਡਾ. ਮਥਰਾ ਸਿੰਘ ਦੇ ਛਿਪੇ ਹੋਣ ਦੀ ਸੂਚਨਾ ਮਿਲੀ ਸੀ। ਸੋਢੀ ਆਪਣੀ ਇਸ ਘਿਨੋਣੇ ਕਰਮ ਵਿੱਚ ਕਾਮਯਾਬ ਹੋ ਜਾਂਦਾ ਹੈ। ਉਹ ਖੁਸ਼ੀ-ਖੁਸ਼ੀ ਆਪਣੇ ਘਰ ਪਰਤ ਰਿਹਾ ਹੁੰਦਾ ਹੈ ਕਿ ਲਾਹੌਰ ਰੇਲਵੇ ਸਟੇਸ਼ਨ ਉਪਰ ਉਸਨੂੰ ਪਤਾ ਚਲਦਾ ਹੈ ਕਿ ਉਸਦੀ ਧੀ ਬੀਰੀ ਨੇ ਮੁੱਖਬਰ ਗੰਡਾ ਸਿੰਘ ਦੀ ਹੱਤਿਆ ਕਰ ਦਿੱਤੀ ਹੈ ਅਤੇ ਬਾਅਦ ਵਿੱਚ ਉਸ ਨੇ ਆਤਮਘਾਤ ਕਰ ਲਿਆ ਹੈ। ਇਹ ਖ਼ਬਰ ਪੜ੍ਹ ਕੇ ਸੋਢੀ ਸੁਖਦੇਵ ਸਿੰਘ ਰੇਲ ਗੱਡੀ ਵਿੱਚ ਹੀ ਢੇਰ ਹੋ ਜਾਂਦਾ ਹੈ। ਇਉਂ ਗਦਰ ਪਾਰਟੀ ਦੇ ਇਤਿਹਾਸ ਨਾਲ ਜੁੜੇ ਇਸ ਨਾਵਲ ਦਾ ਦੁਖਾਂਤਿਕ ਅੰਤ ਹੋ ਜਾਂਦਾ ਹੈ।

ਨਾਨਕ ਸਿੰਘ ਆਪਣੇ ਨਾਵਲਾਂ ਵਿੱਚ ਕਥਾਨਕ ਦੀ ਸਿਰਜਣਾ ਵਿੱਚ ਬਹੁਤ ਨਿਪੁੰਨ ਮੰਨਿਆ ਜਾਂਦਾ ਹੈ ਪਰ ਇਸ ਨਾਵਲ ਵਿੱਚ ਉਹ ਪੂਰੀ ਤਰ੍ਹਾਂ ਨਾਲ ਸਫਲ ਨਹੀਂ ਹੋ ਸਕਿਆ। ਇਸ ਨਾਵਲ ਦੇ ਮੁਢਲੇ ਭਾਗ ਦਾ ਦਿਆਲਾ ਬ੍ਰਿਤਾਂਤ ਇਕਦਮ ਵਾਧੂ ਅਤੇ ਬੇਲੋੜਾ ਹੈ। ਦੂਜੇ ਭਾਗ "ਗਦਰ ਪਾਰਟੀ ਦੀਆਂ ਸਰਗਰਮੀਆਂ ਅਤੇ ਇਸ ਲਹਿਰ ਦੀ ਅਸਫਲਤਾ" ਵਿੱਚ ਇਤਿਹਾਸਕ ਵੇਰਵਿਆਂ ਨੇ ਨਾਵਲੀ ਬ੍ਰਿਤਾਂਤ ਦੀ ਸਹਿਜ-ਸੁਭਾਵਿਕਤਾ ਅਤੇ ਕਲਾਤਮਕਤਾ ਨੂੰ ਉਭਰਣ ਨਹੀਂ ਦਿੱਤਾ। ਲੇਖਕ ਨੇ ਵੇਰਵਿਆਂ ਦੀ ਪੁਸ਼ਟੀ ਲਈ ਥਾਂ-ਪੁਰ-ਥਾਂ, ਲੰਬੇ ਲੰਬੇ ਫੁੱਟ ਨੋਟ ਵੀ ਦਿੱਤੇ ਹਨ, ਇਉਂ ਪ੍ਰਤੀਤ ਹੁੰਦਾ ਹੈ, ਜਿਵੇਂ ਕੋਈ ਇਤਿਹਾਸ ਦੀ ਪੁਸਤਕ ਪੜ੍ਹੀ ਜਾ ਰਹੀ ਹੋਵੇ। ਤੀਜੇ ਭਾਗ ਵਿੱਚ ਨਾਵਲੀ-ਬ੍ਰਿਤਾਂਤ ਕੁਝ ਰਵਾਂ ਹੋਇਆ ਹੈ। ਪਰ ਹੁਣ

ਲੇਖਕ ਪਾਸ ਨਵਾਲੀ ਬ੍ਰਿਤਾਂਤ ਨੂੰ ਸੰਪੂਰਨ ਕਰਨ ਦੀ ਬਹੁਤ ਗੁੰਜਾਇਸ਼ ਨਹੀਂ ਸੀ। ਇਸ ਭਾਗ ਵਿੱਚ ਵੀ ਭਾਈ ਪਰਮਾਨੰਦ ਅਤੇ ਕਰਤਾਰ ਸਿੰਘ ਦੀ ਆਪਸੀ ਵਾਰਤਾਲਾਪ, ਨਾਵਲੀ-ਪਾਠ ਵਿੱਚ ਗਤੀਰੋਧ ਪੈਦਾ ਕਰਦੀ ਹੈ।

ਕਿਧਰੇ-ਕਿਧਰੇ ਨਾਨਕ ਸਿੰਘ ਦੀ ਨਿਪੁੰਨ ਨਾਵਲ ਕਲਾ ਦੇ ਝਲਕਾਰੇ ਜ਼ਰੂਰ ਦਿਖਾਈ ਦਿੰਦੇ ਹਨ। ਦਿਆਲੇ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ, ਸੁਦਰਸ਼ਨ ਅਤੇ ਬੀਰੀ ਦੇ ਜੀਵਨ ਨੂੰ ਪ੍ਰਗਟ ਕਰਨ ਵਾਲੇ ਵੇਰਵੇ, ਸੋਢੀ ਸੁਖਦੇਵ ਸਿੰਘ ਵੱਲੋਂ ਅੰਗਰੇਜ਼ਾਂ ਦੀ ਮਿਹਰਬਾਨੀ ਹਾਸਲ ਕਰਨ ਲਈ ਕੀਤੇ ਗਏ ਸਿਰਤੋੜ ਯਤਨ, ਸਰਾਭੇ ਅਤੇ ਉਸਦੇ ਸਾਥੀਆਂ ਦਾ ਪਿਸ਼ਾਵਰ ਜਾਣਾ ਅਤੇ ਵਾਪਸ ਆ ਕੇ ਬੀਰੀ ਨੂੰ ਮਿਲਣਾ, ਸੋਢੀ ਸੁਖਦੇਵ ਸਿੰਘ ਵੱਲੋਂ ਡਾਕਟਰ ਮਥਰਾ ਸਿੰਘ ਨੂੰ ਗ੍ਰਿਫ਼ਤਾਰ ਕਰਵਾਉਣ ਦੀ ਕੀਤੀ ਸਾਜ਼ਿਸ਼-ਕੁਝ ਅਜਿਹੇ ਵੇਰਵੇ ਹਨ, ਜੋ ਨਾਵਲਕਾਰ ਨਾਨਕ ਸਿੰਘ ਨੂੰ ਬਿਲਕੁਲ ਅਸਫਲ ਨਹੀਂ ਹੋਣ ਦਿੰਦੇ। ਇਹ ਵੇਰਵੇ ਪਾਠ ਵਿੱਚ ਰੋਚਕਤਾ ਵੀ ਬਣਾਈ ਰੱਖਦੇ ਹਨ। ਨਾਨਕ ਸਿੰਘ ਦਾ ਇਹ ਨਾਵਲ ਦੋ ਕੁ ਵਰ੍ਹਿਆਂ ਦੇ ਵਕਫੇ ਵਿੱਚ ਫੈਲਿਆ ਹੋਇਆ ਹੈ। ਲੇਖਕ ਇਨ੍ਹਾਂ ਦੋ ਵਰ੍ਹਿਆਂ ਦੇ ਕਾਲ ਨੂੰ ਕਈ ਵਾਰ ਅੱਗੇ ਪਿੱਛੇ ਲੈ ਜਾਂਦਾ ਹੈ ਅਤੇ ਕਹਾਣੀ ਦੀ ਮੰਗ ਅਨੁਸਾਰ ਕਾਲ ਦੇ ਮਕੈਨੀਕਲ-ਕ੍ਰਮ ਨੂੰ ਭੰਗ ਕਰਦਾ ਹੋਇਆ ਦੇਖਿਆ ਜਾ ਸਕਦਾ ਹੈ। ਉਤਸੁਕਤਾ ਅਤੇ ਕੌਤੂਹਲ, ਇਸ ਕਥਾਨਕ ਦੇ ਕੁਝ ਹੋਰ ਪ੍ਰਮੁੱਖ ਲਛੱਣ ਹਨ। ਇਤਿਹਾਸਕ ਨਾਵਲ ਲੇਖਣ ਸੰਬੰਧੀ ਪੂਰਨ ਭਾਂਤ ਅਭਿਆਸ ਨਾ ਹੋਣ ਕਾਰਨ ਕਥਾਨਕ ਦੀ ਦ੍ਰਿਸ਼ਟੀ ਤੋਂ ਜ਼ਰੂਰੀ ਇਸ ਨਾਵਲ ਵਿੱਚ ਕਈ ਦੋਸ਼ ਰਹਿ ਗਏ ਹਨ।

ਤੀਜੀ ਗਲ ਜਿਹੜੀ ਪਲਾਟ ਬਾਰੇ ਦੇਖਣੀ ਜ਼ਰੂਰੀ ਹੈ, ਉਹ ਹੈ ਗੋਂਦ ਕਾਰੀ ਦਾ ਹੁਨਰ। ਉਪਰ ਦਸਿਆ ਜਾ ਚੁਕਾ ਹੈ ਕਿ ਨਾਵਲ ਦੇ ਪਲਾਟ ਵਿੱਚ ਇਕ ਮੁੱਖ ਕਹਾਣੀ ਹੁੰਦੀ ਹੈ ਤੇ ਬਾਕੀ ਨਿਕੀਆਂ ਘਟਨਾਵਾਂ। ਇਨ੍ਹਾਂ ਨੂੰ ਗੁੰਦਣਾ ਬੜਾ ਔਖਾ ਕੰਮ ਹੈ। ਨਾਨਕ ਸਿੰਘ ਪਲਾਟ ਦੀ ਗੋਂਦ ਕਾਰੀ ਦੇ ਹੁਨਰ ਦਾ ਉਸਤਾਦ ਹੈ। ਪਲਾਟਾਂ ਦਾ ਮਸਾਲਾ ਭਾਵੇਂ ਘਟੀਆ ਹੋਵੇ ਪਰ ਗੋਂਦਕਾਰੀ ਵਿੱਚ ਕੋਈ ਊਚ ਨਹੀਂ। ਇਸ ਨਾਲ ਨਾਵਲ ਦੀਆਂ ਸਾਰੀਆਂ ਕਹਾਣੀਆਂ ਅਸੁਭਾਵਕ ਹੋ ਗਈਆਂ ਹਨ। ਪਰ ਇਹ ਦੋਸ਼ ਗੋਂਦਕਾਰੀ ਦੇ ਹੁਨਰ ਵਿੱਚ ਨਹੀਂ, ਬਲਕਿ ਪਲਾਟਾਂ ਦੇ ਮਸਾਲੇ ਦੀ ਚੋਣ ਵਿੱਚ ਨੁਕਰ ਹੈ। ਜੇਕਰ ਪਲਾਟਾਂ ਵਿੱਚ ਜੀਵਨ ਦੀਆਂ ਹਕੀਕਤਾਂ ਨਹੀਂ ਦਰਸਾਈਆਂ ਗਈਆਂ ਤੇ ਨਿਰੀ ਕਲਪਤ ਕਹਾਣੀ ਹੀ ਥਪ ਕੇ ਪੇਸ਼ ਕੀਤੀ ਗਈ ਹੈ। ਪਲਾਟਾਂ ਦੇ ਮੌਕਾ ਮੇਲ ਜ਼ਰੂਰੀ ਤੌਰ ਪਰ ਅਸੁਭਾਵਕ ਹੋਣਗੇ। ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਨਾਨਕ ਸਿੰਘ ਜਿਨ੍ਹਾਂ ਸਮਾਜਕ ਅੰਸਰਾ ਤੋਂ ਪਲਾਟ ਦਾ ਮਸਾਲਾ ਲੈਂਦਾ ਹੈ, ਉ ਜੀਵਨ ਵਿੱਚ ਵੀ ਬਣਾਵਟ ਹੈ। ਇਸ ਕਰਕੇ ਵੀ ਕਹਾਣੀ ਅਸੁਭਾਵਕ ਪ੍ਰਤੀਤ ਹੁੰਦੀ ਹੈ। ਇਕ ਗਲ ਸਾਨੂੰ ਨਹੀਂ ਭੁੱਲਣੀ ਚਾਹੀਦੀ, ਉਹ ਇਹ ਕਿ ਨਾਨਕ ਸਿੰਘ ਦੀ ਪਲਾਟ ਘੜ੍ਹਨ ਦੀ ਤਕਨੀਕ ਹੀ ਅਜਿਹੀ ਹੈ, ਕਿ ਕਹਾਣੀ ਅਸੁਭਾਵਕ

ਜਾਪੇ। ਨਾਵਲ ਦਾ ਪਲਾਟ ਘੜ੍ਹਨ ਦੀ ਵਧੀਆ ਤਕਨੀਕ ਇਹ ਹੈ, ਕਿ ਜੀਵਨ ਦੀਆਂ ਹਕੀਕਤਾਂ ਨੂੰ ਲੈ ਕੇ ਉਨ੍ਹਾਂ ਦੁਆਲੇ ਕਲਪਣਾ ਨਾਲ ਕਹਾਣੀ ਘੜੀ ਜਾਂਦੀ ਹੈ। ਪਰ ਨਾਨਕ ਸਿੰਘ ਜੀਵਨ ਦੀਆਂ ਹਕੀਕਤਾਂ ਨੂੰ ਸਾਹਮਣੇ ਰਖਦਾ ਹੀ ਨਹੀਂ। ਨਿਰੇ ਕਲਪਤ ਪਲਾਟ ਸੰਭਾਵਨਾ ਤੋ ਦੂਰ ਰਹਿੰਦੇ ਹਨ।

## 3.4 Summary (ਨਿਸ਼ਕਰਸ਼) :

ਪਲਾਟ-ਨਾਵਲ ਅਤੇ ਕਹਾਣੀ ਵਿੱਚ ਇਹੀ ਫ਼ਰਕ ਹੁੰਦਾ ਹੈ ਕਿ ਨਾਵਲ ਦਾ ਪਲਾਟ ਗੁੰਝਲਦਾਰ ਤੇ ਕਹਾਣੀ ਪਲਾਟ ਸਾਦ-ਮੁਰਾਦਾ ਹੁੰਦਾ ਹੈ। ਨਾਵਲ ਵਿੱਚ ਇਕ ਮੁੱਖ ਕਹਾਣੀ ਹੁੰਦੀ ਹੈ ਤੇ ਉਸਦਾ ਭਾਵ ਸਹੀ ਤੌਰ ਤੇ ਉਘੜਨ ਲਈ ਤੇ ਉਹਦਾ ਸਮਾਜਕ ਪਛੋਕੜ (Social setting) ਦਰਸਾਉਣ ਲਈ, ਨਿਕੀਆਂ ਨਿੱਕੀਆਂ ਲੱਮੀਆਂ ਘਟਨਾਵਾਂ ਉਸ ਨਾਲ ਜੋੜੀਆਂ ਜਾਂਦੀਆਂ ਹਨ। ਇਸ ਦੇ ਨਾਲ ਹੀ ਨਾਵਲਕਾਰ ਨੂੰ ਇਹ ਵੀ ਖੁਲ੍ਹ ਹੁੰਦੀ ਹੈ ਕਿ ਕਿਧਰੇ ਕਿਧਰੇ ਨਿੱਕੀਆਂ ਛੂਕਾਂ ਦੁਆਰਾ, ਇਹਨਾਂ ਘਟਨਾਵਾਂ ਦੀ ਮਹਾਨਤਾ ਤੇ ਗੁਣਾ ਅਗੇ ਨੂੰ ਦਰਸਾ ਸਕਦਾ ਹੈ। ਇਸ ਤਰ੍ਹਾਂ ਉਹ ਨਾਵਲ ਦੀ ਕਹਾਣੀ ਨੂੰ ਸਰਬ-ਸਾਂਝੀ ਰੰਗਣ ਦਿੰਦਾ ਹੈ ਤੇ ਨਾਵਲ ਦੇ ਪਾਤਰਾਂ ਦੇ ਸੁਭਾ ਨੂੰ ਸਮੁੱਚੇ ਸਮਾਜਿਕ ਜੀਵਨ ਤੇ ਆਮ ਮਨੁੱਖ ਮਾਤ ਤੇ ਲਾਗੂ ਕਰਦਾ ਹੈ। ਘਟਨਾਵਾਂ ਦੇ ਇਸ ਤਾਣੇ ਬਾਣੇ ਦੀ ਉਲਝਣ ਕਰਕੇ ਨਾਵਲ ਦਾ ਪਲਾਟ ਕਹਾਣੀ ਦੇ ਪਲਾਟ ਤੋਂ ਨਿਖੇੜਿਆ ਜਾ ਸਕਦਾ ਹੈ। ਮਿਸਾਲ ਦੇ ਤੌਰ ਤੇ ਨਾਨਕ ਸਿੰਘ ਦੇ ਨਾਵਲ ਪਵਿੱਤਰ ਪਾਪੀ ਦੇ ਪਲਾਟ ਵਿੱਚ ਉਪਰੋਕਤ ਦੱਸੇ ਗੁਣ ਸਹੀ ਹਨ ਤੇ ਉਹ ਪਲਾਟ ਦੇ ਦ੍ਰਿਸ਼ਟੀਕਰਨ ਤੋਂ ਨਾਵਲਿਕ ਰਸਵਈ ਪਰ ਪੂਰਾ ਸਹੀ ਉਤਰਦਾ।

## 3.5 Glossory/Keywords (ਔਖੇ ਸ਼ਬਦਾਂ ਦੇ ਅਰਥ)

ਦ੍ਰਿਸ਼ਟੀਕੋਣ- ਦੇਖਣ ਦਾ ਨਜਰੀਆ

ਕ੍ਰਾਂਤੀਕਾਰੀ-ਕ੍ਰਾਂਤੀ ਕਰਣ ਵਾਲਾ

ਸਹਿਜ ਸੁਭਾਵਕ- ਆਪਣੇ ਆਪ

ਪਿਛੋਕੜ- ਪਿਛਲਾ

## 3.6 Self-Assesment Questions (SAQ)

1. ਇਕ ਮਿਆਨ ਦੋ ਤਲਵਾਰਾਂ ਨਾਵਲ ਦੀ ਕਥਾਵਸਤੂ ਦਾ ਕੇਂਦਰੀ ਸਥਾਨ ਕਿਹੜਾ ਹੈ।

2. ਇਕ ਮਿਆਨ ਦੋ ਤਲਵਾਰਾਂ ਨਾਵਲ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ।

3. ਇਕ ਮਿਆਨ ਦੋ ਤਲਵਾਰਾਂ ਨਾਵਲ ਕਿਸ ਲਹਿਰ ਨਾਲ ਸੰਬੰਧਤ ਹੈ।

**3.7 Suggestive learning**: ਵਿਦਿਆਰਥੀ ਇਸ ਨਾਵਲ ਤੋ ਇਲਾਵਾ ਪੰਜਾਬੀ ਨਾਵਲ ਆਲੋਚਣਾ ਦੇ ਨਾਲ ਸੰਬੰਧਤ ਪੁਸਤਕਾਂ ਪੜ੍ਹਣ।

## 3.8 References


1. ਜਗਦੀਸ਼ ਕੌਰ ਵਾਡੀਆ, ਪੰਜਾਬੀ ਨਾਵਲ ਦਾ ਪਿਤਾਮਾ, ਲਾਹੌਰ ਬੁਕ ਛਾਪ ਲੁਧਿਆਣਾ

2. ਪ੍ਰੋ. ਸ. ਸੋਜ਼, ਨਾਵਲਕਾਰ ਨਾਨਕ ਸਿੰਘ, ਪੈਪਸੂ ਬੁਕ ਡਿਪੂ ਪਟਿਆਲਾ


-----o-----

**Unit- 1 (ਪੰਜਾਬੀ ਨਾਵਲ)** **Lesson : 4**

**Title : (ਨਾਨਕ ਸਿੰਘ ਦੀ ਪੰਜਾਬੀ ਸਾਹਿਤ ਨੂੰ ਦੇਣ ਅਤੇ ਸਥਾਨ)**

**Structure :**

**4.1 Objective (ਉਦੇਸ਼)**

**5.2 Inroduction (ਜਾਣ-ਪਛਾਣ)**

**4.3 Headings (ਨਾਨਕ ਸਿੰਘ ਦੀ ਪੰਜਾਬੀ ਸਾਹਿਤ ਨੂੰ ਦੇਣ ਅਤੇ ਸਥਾਨ)**

**4.3.1 ਕਾਵਿ ਰਚਨਾ**

**4.3.2 ਨਾਵਲ ਰਚਨਾ**

**4.3.3 ਕਹਾਣੀ ਰਚਨਾ**

**4.3.4 ਨਾਟਕ ਰਚਨਾ**

**4.3.5 ਵਾਰਤਕ ਰਚਨਾ**

**4.4 Summary (ਨਿਸ਼ਕਰਸ਼)**

**4.5 Glossory/Keywords (ਔਖੇ ਸ਼ਬਦਾਂ ਦੇ ਅਰਥ)**

**4.6 Self-Assesment Questions (SAQ)**

**4.7 Suggestive learning**

**4.8 References**

## 4.1 ਉਦੇਸ਼ (Objectives)

ਨਾਨਕ ਸਿੰਘ ਨੇ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਹਰ ਸੰਭਵ ਯਤਨ ਨਾਲ ਹਰ ਖੇਤਰ ਵਿੱਚ ਹੀ ਅਮੀਰ ਬਣਾਇਆ ਤੇ ਵਿਕਸਿਤ ਕੀਤਾ ਹੈ। ਕਵਿਤਾ, ਨਾਵਲ, ਕਹਾਣੀ, ਨਾਟਕ, ਇਕਾਂਗੀ, ਨਿਬੰਧ, ਜੀਵਨੀ, ਪਤੱਰਕਾਰੀ, ਸੰਪਾਦਨ ਆਦਿ ਲਗਭਗ ਹਰ ਸਾਹਿਤ ਰੂਪ ਵਿੱਚ ਉਸਨੇ ਆਪਣੀ ਕਲਮ ਸਫਲਤਾ ਸਹਿਤ ਚਲਾਈ ਹੈ ਤੇ ਸਦੀਵੀ ਨਕਸ਼ ਛੱਡੇ ਹਨ ਤਾਂ ਵੀ, ਉਸਦੀ ਸਭ ਤੋਂ ਵੱਡੀ ਪ੍ਰਾਪਤੀ ਨਾਵਲ ਦੇ ਖੇਤਰ ਵਿੱਚ ਮੰਨੀ ਜਾਣੀ ਚਾਹੀਦੀ ਹੈ। ਉਸ ਤੋਂ ਪਹਿਲਾ ਪੰਜਾਬੀ ਨਾਵਲ ਸਿਰਫ਼ ਨਾਮ ਦਾ ਹੀ ਨਾਵਲ ਸੀ, ਸਗੋਂ ਨਾ ਹੋਣ ਬਰਾਬਰ ਸੀ। ਨਾਵਲ ਦੇ ਨਾਂ ਤੇ ਪੰਜਾਬੀ ਵਿੱਚ ਕੁਝ ਸਸਤੇ ਕਿਸਮ ਦੇ ਪ੍ਰਚਾਰ-ਪ੍ਰਧਾਨ ਜਾਂ ਮਨੋਰੰਜਨ-ਪ੍ਰਧਾਨ ਲੰਮੇ ਬਿਆਨ ਹੀ ਦੇਖਣ ਵਿੱਚ ਮਿਲਦੇ ਸਨ।

## 4.2 ਜਾਣ-ਪਛਾਣ (Introduction)

ਨਾਨਕ ਸਿੰਘ ਇਕ ਵਿਅਕਤੀ ਨਹੀਂ ਸਗੋਂ ਆਪਣੇ ਆਪ ਵਿੱਚ ਸੰਸਥਾ ਸੀ।ਨਾਨਕ ਸਿੰਘ ਪੰਜਾਬੀ ਦਾ ਸਭ ਤੋਂ ਵੱਡਾ ਨਾਵਲਕਾਰ ਅਤੇ ਇਕ ਮਹਾਨ ਸਾਹਿਤਕਾਰ ਹੈ। ਉਸ ਨੂੰ ਜੀਵਨ ਤੇ ਕੁਦਰਤ ਦੀ ਅਥਾਹ ਪਾਠਸ਼ਾਲਾ ਵਿੱਚੋਂ ਬਹੁਤ ਕੁਝ ਬੁੱਧੀ, ਸੂਝ ਅਤੇ ਗਿਆਨ ਮਿਲਿਆ ਹੈ। ਪੂਰਵ ਨਾਨਕ ਸਿੰਘ ਨਾਵਲ ਬਹੁਤ ਅਵਿਕਸਿਤ ਸੀ। ਉਨ੍ਹਾਂ ਨਾਵਲਾਂ ਵਿੱਚ ਨਾਵਲੀ ਤੱਤ ਵੇਖਣ ਨੂੰ ਵੀ ਨਹੀਂ ਲੱਭਦੇ ਸਨ। ਮਜ਼ਹਬੀ ਵਿਤਕਰਿਆਂ ਭਰੇ ਗਿਆਨ-ਉਪਦੇਸ਼, ਧਾਰਮਿਕ ਵਿਤੰਡਵਾਦ, ਲੰਮੀਆਂ ਜੀਵਨੀਆਂ ਅਤੇ ਸਾਖੀਨੁਮਾ ਕਹਾਣੀਆਂ ਸਨ ਜਾਂ ਚੋਰੀ, ਯਾਰੀ, ਤਿਲਸੱਮੀ ਤੇ ਜਾਸੂਸੀ ਕਿਸਮ ਦੀਆਂ ਰੋਮਾਂਸ ਕਥਾਵਾਂ ਸਨ, ਜਾਂ ਫੇਰ ਬੰਗਲਾ, ਉਰਦੂ ਤੇ ਹਿੰਦੀ ਸਾਹਿਤ ਵਿੱਚੋਂ ਉਲਥਾਏ ਕੁਝ ਸਾਧਾਰਨ ਕਿਸਮ ਦੇ ਅਨੁਵਾਦ ਹੀ ਸਾਨੂੰ ਪ੍ਰਾਪਤ ਸਨ। ਨਾਨਕ ਸਿੰਘ ਨੇ ਪੰਜਾਬੀ ਨਾਵਲ ਨੂੰ ਕਲਾ ਸੂਝ, ਵਿਸ਼ੇ ਦੀ ਵਿਵਿਧਤਾ, ਲੋਕ ਜੀਵਨ ਦੀ ਡੂੰਘੀ ਸਮਝ ਅਤੇ ਕਹਾਣੀ ਰਸ ਸਦਕਾ ਉਸ ਸਿਖਰ ਤੇ ਪਹੁੰਚਾਇਆ ਕਿ ਇਹ ਤੇਜ਼ੀ ਨਾਲ ਬਦਲ ਰਹੇ ਪੰਜਾਬੀ ਸਮਾਜ ਦੀ ਹੀ ਨਹੀਂ ਸਗੋਂ ਭਾਰਤੀ ਜਨ-ਜੀਵਨ ਦੀ ਯਾਤਰਾ ਜਾਪਦੇ ਹਨ।ਉਹ ਸਹਿਜ ਸੁਭਾ ਲਿਖਦਾ ਹੈ, ਪਰ ਫਿਰ ਵੀ ਕਲਾ ਦੇ ਆਸ਼ੇ ਤੋਂ ਪੂਰਾ ਉਤਰਦਾ ਹੈ। ਉਹ ਇਕ ਸੁਚੱਜਾ ਕਲਾਕਾਰ ਹੈ। ਇਸ ਤੋਂ ਛੁਟ ਪੰਜਾਬੀ ਦੀਆਂ ਕੁਝ ਸਭ ਤੋਂ ਚੰਗੀਆਂ ਕਹਾਣੀਆਂ ਵੀ ਉਸ ਨੇ ਲਿਖਿਆਂ ਹਨ। ਉਹ ਪੰਜਾਬੀ ਨਾਵਲ ਤੇ ਛੋਟੀ ਕਹਾਣੀ ਦਾ ਮੋਢੀ ਰਿਹਾ ਹੈ। ਉਸ ਦੇ ਨਾਵਲਾਂ ਵਿੱਚ ਕੁਝ ਅਮਰ ਇਸਤਰੀ ਪਾਤਰ ਜਾਂ ਨਾਇਕਾਵਾਂ ਦੇ ਚਿੱਤਰ ਮਿਲਦੇ ਹਨ। ਕਹਾਣੀ ਦੀ ਰੋਚਕਤਾ ਵਿੱਚ ਉਸ ਦਾ ਮੁੱਖਾਬਲਾ ਸ਼ਾਇਦ ਹੀ ਹੋਰ ਕੋਈ ਨਾਵਲਕਾਰ ਕਰ ਸਕੇ। ਉਸ ਦੀ ਕਲਾ ਵੀ ਕਈ ਪੜਾਵਾਂ ਤੋਂ ਲੰਘਦੀ ਤੇ ਵਿਕਾਸ ਕਰਦੀ ਰਹੀ ਹੈ।

## 4.3 ਨਾਵਲਕਾਰ ਦੀ ਪੰਜਾਬੀ ਸਾਹਿਤ ਨੂੰ ਦੇਣ ਅਤੇ ਸਥਾਨ

ਨਾਨਕ ਸਿੰਘ ਇਕ ਬਹੁਵਿਧਾਈ, ਕੁਲਵਰਤੀ, ਅਤੇ ਸਮਰਪਿਤ ਲੇਖਕ ਸੀ। ਉਸ ਦਾ ਰਚਨਾ ਕਾਲ ਛੇ ਦਹਾਕਿਆਂ ਤਕ ਫੈਲਿਆ ਹੋਇਆ ਹੈ। ਨਾਨਕ ਸਿੰਘ ਨੇ ਪੰਜਾਬੀ ਵਿਚ 38 ਮੌਲਿਕ ਨਾਵਲਾਂ, 9 ਕਹਾਣੀ ਸੰਗ੍ਰਹਿ, 10 ਪੂਰੇ ਨਾਟਕ, ਤੇ ਇਕਾਂਗੀ ਦੀ ਸਿਰਜਨਾ ਕੀਤੀ ਹੈ। ਇਸ ਤੋਂ ਇਲਾਵਾ ਉਸ ਨੇ ਆਪਣੀ ਸ੍ਵੈਜੀਵਨੀ 'ਮੇਰੀ ਦੁਨੀਆਂ' ਲਿਖੀ ਹੈ। ਉਸ ਦਾ ਇਕ ਨਿਬੰਧ ਸੰਗ੍ਰਹਿ 'ਚੜਦੀ ਕਲਾ' ਹੈ। ਉਸ ਨੇ ਆਮ ਵਾਕਫ਼ੀਅਤ ਦੀ ਇਕ ਪੁਸਤਕ 'ਰਸੋਈ ਸਿਖਿਆ' ਵੀ ਲਿਖੀ ਹੈ। ਸੱਤ ਨਾਵਲਾਂ ਦੇ ਅਨੁਵਾਦ ਵੀ ਕੀਤੇ ਹਨ। ਗੁਣਾਤਮਕ ਅਤੇ ਗਿਣਾਤਮਕ ਪੱਖੋਂ ਉਸਦੀਆਂ ਪੁਸਤਕਾਂ ਨੇ ਪੰਜਾਬੀ ਸਾਹਿਤ ਦੇ ਭੰਡਾਰ ਵਿਚ ਬਹੁਤ ਵਾਧਾ ਕੀਤਾ ਹੈ। ਉਸ ਦੀਆਂ ਵੱਖ-ਵੱਖ ਰਚਨਾਵਾਂ ਦਾ ਵਿਸ਼ਲੇਸ਼ਣ ਕਰਨ ਹਿਤ ਆਲੋਚਣਾਤਮਕ ਪੁਸਤਕਾਂ, ਖੋਜ ਪ੍ਰਬੰਧਾਂ,ਸਾਹਿਤਕ ਮੈਗਜ਼ੀਨਾਂ, ਦੇ ਵਿਸ਼ੇਸ਼ ਅੰਕਾਂ ਦੀ ਗਿਣਤੀ ਵੀ ਕਾਫ਼ੀ ਹੈ।ਪੰਜਾਬੀ ਸਾਹਿਤ ਦੇ ਲਗਭਗ ਹਰ ਖੇਤਰ ਵਿੱਚ ਹੱਥ ਹੀ ਨਹੀਂ ਅਜਮਾਇਆ ਸਗੋਂ ਮੋਢੀਆਂ ਵਾਲਾ ਰੋਲ ਵੀ ਅਦਾ ਕੀਤਾ ਹੈ। ਸਾਹਿਤ ਦੇ ਬਹੁਤ ਸਾਰੇ ਖੇਤਰਾਂ ਵਿੱਚ ਉਸਨੇ ਸਫਲਤਾ ਸਹਿਤ ਕਲਮ ਚਲਾਈ ਹੈ ਤੇ ਪੰਜਾਬੀ ਸਾਹਿਤ ਨੂੰ ਹਰ ਪੱਖੋਂ ਅਮੀਰ ਕੀਤਾ ਹੈ। ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ ਤੇ ਪੰਜਾਬੀ ਸਭਿਆਚਾਰ ਨੂੰ ਨਾਨਕ ਸਿੰਘ ਦੀ ਦੇਣ ਅਮਿੱਤ ਤੇ ਅਨੇਕ ਪੱਖੀ ਹੈ।ਨਾਨਕ ਸਿੰਘ ਆਪਣੀ ਉਮਰ ਦੇ 75 ਵਰਿਆਂ ਵਿੱਚੋਂ ਪੂਰੇ 65 ਵਰ੍ਹੇ ਪੰਜਾਬੀ ਸਾਹਿਤ ਨੂੰ ਲਗਾਤਾਰ ਕੁਝ ਨਾ ਕੁਝ ਦਿੰਦਾ ਰਿਹਾ ਹੈ। ਇੰਨੀ ਲੰਮੀ ਆਸ, ਸਾਧਨਾ ਤੇ ਸੇਵਾ ਉਸਦੀ ਇਕ ਵਿਸ਼ੇਸ਼ ਦੇਣ ਹੈ ।ਕਵਿਤਾ ਦੇ ਖੇਤਰ ਵਿੱਚ ਵਿਸ਼ੇ ਤੇ ਰੂਪ ਪੱਖੋਂ ਉਸਨੂੰ ਪਰੰਪਰਾਵਾਦੀ ਕਾਵਿ ਪਰੰਪਰਾ ਨੂੰ ਅੱਗੇ ਵੀ ਤੋਰਿਆ ਹੈ ਅਤੇ ਨਵੇਂ ਤਜਰਬੇ ਵੀ ਕੀਤੇ ਹਨ, ਲੋਕ ਭਾਵਨਾਵਾਂ ਦੀ ਤਰਜਮਾਨੀ ਵੀ ਕੀਤੀ ਹੈ ਅਤੇ ਲੋਕ ਜੀਵਨ ਤੇ ਲੋਕ ਸੰਘਰਸ਼ ਨਾਲ ਜੁੜ ਕੇ ਜਨਤਾ ਦੀ ਚੀਜ਼ ਵੀ ਬਣਾਇਆ ਹੈ।

ਸਭ ਤੋਂ ਵੱਡੀ ਗੱਲ ਇਹ ਹੈ ਕਿ ਉਹ ਆਧੁਨਿਕ ਪੰਜਾਬੀ ਸਾਹਿਤ ਦਾ ਅਮੀਰ ਖੁਸਰੋ ਹੈ, ਜਿਸ ਨੇ ਵਾਜੇ ਉਤੇ ਤਰਜ਼ਾਂ ਬਣਾ ਕੇ, ਪੰਜਾਬੀ ਨੂੰ ਲੋਕ-ਪ੍ਰਿਯ ਵੀ ਬਣਾਇਆ ਤੇ ਕਵਿਤਾ ਨੂੰ ਧਰਮ ਸਥਾਨਾਂ, ਅਨੁਸ਼ਠਾਨਾਂ ਤੇ ਰੀਤੀ-ਰਿਵਾਜਾਂ ਨਾਲ ਜੋੜ ਕੇ ਲੋਕ ਪ੍ਰਿਯ ਵੀ ਬਣਾਇਆ, ਪਾਠਕਾਂ ਦਾ ਘੇਰਾ ਵਿਸ਼ਾਲ ਕੀਤਾ ਅਤੇ ਇਸ ਵਿੱਚ ਵਿਸ਼ੇ ਦੀ ਵਿਵਿਧਤਾ ਵੀ ਲਿਆਂਦੀ ਹੈ। ਨਾਨਕ ਸਿੰਘ ਨੇ ਪੂਰਵ ਵਰਤੀ ਧਾਰਮਿਕ-ਸੰਪ੍ਰਦਾਇਕ ਚਿੰਤਨ-ਧਾਰਾ ਨੂੰ ਠਲ੍ਹ ਪਾ ਕੇ ਸਰਵ ਸਾਂਝੀ ਪੰਜਾਬੀਅਤ ਅਤੇ ਭਾਰਤੀਅਤਾ ਦਾ ਸੰਦੇਸ਼ ਅਤੇ ਦੇਸ਼ ਭਗਤੀ ਤੇ ਰਾਸ਼ਟਰ ਭਗਤੀ ਦਾ ਸੰਕਲਪ ਵੀ ਦਿੱਤਾ।ਉਹ ਅਜ ਤਕ ਪੰਜਾਬੀ ਪਾਠਕਾਂ, ਸਾਹਿਤਕਾਰਾਂ, ਆਲੋਚਕਾਂ ਵਿਚ ਪ੍ਰਿਯ ਹੈ।

ਨਾਨਕ ਸਿੰਘ ਨੇ ਆਪਣੇ ਸਾਹਿਤ ਦੇ ਸੁਧਾਰਵਾਦੀ ਆਸ਼ਿਆਂ ਸਦਕਾ ਲੱਖਾਂ ਲੋਕਾਂ ਦਾ ਜੀਵਨ

ਸੁਧਾਰਿਆ ਹੈ, ਉਹਨਾਂ ਨੂੰ ਜੀਵਨ ਜਾਂਚ ਦੱਸ ਕੇ ਨਵਾਂ ਜੀਵਨ ਰਾਹ ਦਰਸਾਇਆ ਹੈ। ਨਾਨਕ ਸਿੰਘ ਨੇ ਦੇਸ਼, ਧਰਮ ਤੇ ਸਮਾਜ ਉਸਾਰੀ ਲਈ ਕੰਮ ਕਰ ਰਹੀਆਂ ਲੋਕ ਸ਼ਕਤੀਆਂ ਨਾਲ ਇਕਸੁਰ ਹੋ ਕੇ ਸਮਾਜਿਕ ਤੇ ਰਾਸ਼ਟਰੀ ਸੰਘਰਸ਼ ਤੇ ਸਮਾਜਿਕ ਲਹਿਰਾਂ ਨਾਲ ਜੁੜਿਆ ਵੀ ਰਿਹਾ

ਹੈ ਪਰ ਸਾਹਿਤ ਨੂੰ ਨਿਰੋਲ ਸਾਹਿਤਕ ਪੱਧਰ ਤੇ ਰਖਕੇ ਕਲਾਤਮਕ ਤੇ ਸੁਹਜਾਤਮਕ ਰੁਚੀਆਂ ਉਜਾਗਰ ਵੀ ਕੀਤੀਆਂ ਹਨ।

**4.3.1 ਕਾਵਿ ਰਚਨਾ** – ਨਾਨਕ ਸਿੰਘ ਨੇ ਆਪਣਾ ਸਾਹਿਤਕ ਸਫ਼ਰ ਕਵੀ ਦੇ ਤੌਰ ਤੇ ਸ਼ੁਰੂ ਕੀਤਾ।ਕਵਿਤਾ ਦੇ ਬੀਜ ਉਸ ਦੇ ਮਨ ਵਿਚ ਵਿਪਰੀਤ ਸਥਿਤੀਆਂ ਅਤੇ ਆਰਥਿਕ ਸਮਾਜਿਕ ਦਬਾਵਾਂ ਦੀ ਪ੍ਰਤੀਕਿਰਿਆ ਵਜੋਂ ਪੈਦਾ ਹੋਏ। ਉਸ ਦੀ ਕਵਿਤਾ ਵਿੱਚ ਵਿਸ਼ੇ ਪੱਖੋਂ ਪਹਿਲੀ ਵਾਰੀ ਦੇਸ਼-ਪਿਆਰ ਤੇ ਧਰਮ ਦਾ ਸੁੰਦਰ ਤੇ ਸਹਿਜ ਰੂਪ ਪ੍ਰਗਟ ਹੋਇਆ ਹੈ।ਉਸ ਦੇ ਲੇਖਨ ਕਾਲ ਦਾ ਆਰੰਭ ਸੰਨ 1909 ਤੋਂ 1910 ਹੋਇਆ ਉਸ ਦੀ ਪੁਸਤਕ 'ਸ਼ੀਹਰਫ਼ੀ ਹੰਸ ਰਾਜ' ਛਪੀ।ਉਸ ਤੋਂ ਪਿਛੋਂ ਅੱਠ ਹੋਰ ਕਾਵਿ ਸੰਗ੍ਰਹਿ ਛਪੇ। 'ਸਤਿਗੁਰੂ ਮਹਿਮਾ' ਨਾਨਕ ਸਿੰਘ ਦੇ ਧਾਰਮਿਕ ਗੀਤਾਂ ਦਾ ਇਕ ਬਹੁਤ ਹੀ ਮਕਬੂਲ ਸੰਗ੍ਰਹਿ ਮੰਨਿਆਂ ਜਾਂਦਾ ਹੈ। ਇਹ ਪਹਿਲੀ ਵਾਰ 1920 ਵਿਚ ਪ੍ਰਕਾਸ਼ਿਤ ਹੋਇਆ ਸੀ।ਇਹ ਕਾਵਿ-ਸੰਗ੍ਰਹਿ ਗੁਟਕਾ ਸਾਈਜ਼ ਵਿਚ 264 ਪੰਨਿਆਂ ਅਤੇ 13 ਭਾਗਾਂ ਵਿਚ ਹੈ।ਦੂਜਾ ਸੰਗ੍ਰਹਿ ਗੁਰੂਕੀਰਤ ਹੈ ਜੋ 10 ਭਾਗਾਂ ਅਤੇ 192 ਪੰਨਿਆਂ ਦੀ ਪੁਸਤਕ ਹੈ।ਇਨ੍ਹਾਂ ਰਚਨਾਵਾਂ ਵਿਚ ਨਾਨਕ ਸਿੰਘ ਦੇ ਲਿਖੇ ਹੋਏ ਧਾਰਮਿਕ ਗੀਤ ਦ੍ਰਿਸ਼ਟੀਗੋਚਰ ਹੁੰਦੇ ਹਨ। 'ਖੂਨੀ ਵਿਸਾਖੀ', 'ਸੰਗੀਤ ਪੁਸ਼ਪ', 'ਜਖਮੀ ਦਿਲ', 'ਸਾਕਾ ਨਨਕਾਣਾ', 'ਨਿਰੰਕਾਰੀ ਬਾਬਾ', ਤੇ 'ਭਾਰਤ ਰਕਸ਼ਕ' ਉਸ ਦੀਆਂ ਰਚਨਾਵਾਂ ਹਨ। 'ਖੂਨੀ ਵਿਸਾਖੀ' ਵਿਚ 13 ਅਪ੍ਰੈਲ 1919 ਈ. ਨੂੰ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਦੀ ਤਸਵੀਰ ਬਿਆਨ ਕਰਦੀ ਹੈ।

**4.3.2 ਨਾਵਲ ਰਚਨਾ**- ਨਾਨਕ ਸਿੰਘ ਦੀ ਸਾਹਿਤ-ਰਚਨਾ ਦਾ ਸਭ ਤੋ ਪ੍ਰਮੁੱਖ ਅਤੇ ਉਜਾਗਰ ਉਸਦੀ ਨਾਵਲਗੀਰੀ ਨਾਲ ਜੁੜਿਆ ਹੋਇਆ ਹੈ।'ਮਤਰੇਈ ਮਾਂ' (1924), 'ਕਾਲ ਚੱਕਰ' (1924), 'ਪ੍ਰੇਮ ਸੰਗੀਤ'(1926), 'ਮਿੱਠਾ ਮੋਹਰਾ' (1928)। ਨਾਨਕ ਸਿੰਘ ਆਪਣੀ ਸਿਰਜਣਾ ਦਾ ਆਰੰਭ 'ਚਿੱਟਾ ਲਹੂ' (1932), ਤੋਂ ਮੰਨਦਾ ਹੈ।'ਚਿੱਟਾ ਲਹੂ' 1932 ਤੋਂ ਲੈ ਕੇ 'ਗੰਗਾਜਲੀ ਵਿਚ ਸ਼ਰਾਬ' (1947) ਤੱਕ ਮੰਨਦਾ ਹੈ। ਇਸ ਦੌਰ ਵਿਚ ਉਸਨੇ 14 ਨਾਵਲ ਲਿਖੇ ਜਿਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ -: 1. ਚਿੱਟਾ ਲਹੂ (1932), 2. ਗਰੀਬ ਦੀ ਦੁਨੀਆ (1932), 3. ਫੌਲਾਦੀ ਫੁੱਲ (1933), 4. ਕਾਗਤਾਂ ਦੀ ਬੇੜੀ (1934), 5. ਪਿਆਰ ਦੀ ਦੁਨੀਆ (1938), 6. ਗਰੀਬ ਦੀ ਦੁਨੀਆ (1939), 7. ਅਧਖਿੜਿਆ ਫੁੱਲ (1940), 8. ਪਵਿੱਤਰ ਪਾਪੀ (1942), 9. ਜੀਵਨ ਸੰਗ੍ਰਾਮ (1943), 10. ਦੂਰ ਕਿਨਾਰਾ (1945), 11. ਲਵ ਮੈਰਿਜ (1945), 12. ਟੂਟੀ ਵੀਣਾ (1946), 13. ਗੰਗਾਜਲੀ ਵਿਚ ਸ਼ਰਾਬ

(1947)

ਆਧੁਨਿਕ ਪੰਜਾਬੀ ਸਾਹਿਤ ਵਿੱਚ 1930 ਈ. ਤਕ ਭਾਈ ਵੀਰ ਸਿੰਘ ਦਾ ਪ੍ਰਭਾਵ ਇੰਨਾ ਵਿਸ਼ਾਲ ਤੇ ਵਿਆਪਕ ਹੈ, ਕਿ ਇਹ ਸਮਾਂ ਭਾਈ ਵੀਰ ਸਿੰਘ ਕਾਲ ਅਖਵਾਂਦਾ ਹੈ ਪਰ 1930 ਈ. ਤੋਂ ਉਪਰੰਤ ਸਮਾਂ ਇਨ੍ਹਾਂ ਬਦਲ ਗਿਆ, ਕਿਸ ਇਸ ਦੇ ਅੱਗੇ, ਆਦਰਸ਼, ਲੋੜਾਂ ਅਤੇ ਸਮੱਸਿਆਵਾਂ ਸਭ ਕੁਝ ਹਟ ਗਿਆ। ਪੰਜਾਬੀ ਦਾ ਨਵਾਂ ਪ੍ਰਭਾਵਸ਼ਾਲੀ ਸਾਹਿਤਕਾਰ ਗੁਰਬਖਸ਼ ਸਿੰਘ ਸੀ, ਜਿਸ ਨੇ 1933 ਈ. ਤੋਂ ਆਪਣੀ ਲੇਖਣੀ ਪ੍ਰੀਤ-ਲੜੀ ਨਾਲ ਸ਼ੁਰੂ ਕੀਤੀ ਲਗਭਗ ਇਹੋ ਕਾਲ ਨਾਨਕ ਸਿੰਘ ਦੀ ਅਸਲ ਰਚਨਾ ਦੇ ਆਰੰਭ ਦਾ ਹੈ। ਨਾਨਕ ਸਿੰਘ ਨੇ 1925-26 ਈ. ਤੋਂ ਲਗਭਗ ਲਿਖਣਾ ਸ਼ੁਰੂ ਕੀਤਾ ਅਤੇ ਮਿੱਠਾ ਮੋਹਰਾ, ਮਤਰੇਈ ਮਾਂ, ਪ੍ਰੇਮ ਸੰਗੀਤ ਆਦਿ ਛੋਟੇ ਮੋਟੇ ਨਾਵਲ ਲਿਖ ਕੇ ਹੱਥ ਅਜ਼ਮਾਇਆ। ਪਰ ਉਸ ਦਾ ਪਹਿਲਾ ਵਿਸ਼ੇ ਨਾਵਲ 'ਚਿੱਟਾ ਲਹੁ' 1932 ਈ. ਵਿੱਚ ਛੱਪਿਆ। ਇਸ ਨਾਵਲ ਨਾਲ ਨਾਨਕ ਸਿੰਘ ਇਕਦਮ ਪੰਜਾਬੀ ਦੁਨੀਆਂ ਉਤੇ ਛਾ ਗਿਆ। ਤੇਜਾ ਸਿੰਘ ਆਦਿ ਕਈ ਆਲੋਚਕਾ ਨੇ ਇਸ ਨਾਵਲ ਨੂੰ ਇਨ੍ਹਾਂ ਸਲਾਹਿਆ ਕਿ ਇਸ ਨੂੰ ਹੀ ਨਾਨਕ ਸਿੰਘ ਦਾ ਸ਼ਾਹਕਾਰ ਮੰਨ ਲਿਆ। ਪ੍ਰੀਤਲੜੀ ਦੇ ਪ੍ਰਭਾਵ ਤੋਂ ਨਾਨਕ ਸਿੰਘ ਵੀ ਹੋਰ ਲੇਖਕਾਂ ਵਾਂਗ ਬਚ ਨਾ ਸਕਿਆ ਤੇ ਗੁਰਬਖਸ਼ ਸਿੰਘ ਦੇ ਜਾਦੂ ਦਾ ਉਸ ੳੇਤੇ ਇੰਨਾਂ ਅਸਰ ਹੋਇਆ ਕਿ 1938 ਈ. ਵਿੱਚ ਅੰਮ੍ਰਿਤਸਰ ਛਡ ਕੇ ਪ੍ਰੀਤ ਨਗਰ ਜਾ ਵਸਿਆ। ਉਸ ਦੀ ਸ਼ੈਲੀ ਵਿੱਚ ਵੀ ਰੋਚਕਤਾ ਵੱਧ ਗਈ, ਸੁਹਿਦਰਤਾ ਉਸ ਦਾ ਆਸਰਾ ਬਣ ਗਈ ਤੇ ਆਦਰਸ਼ਵਾਦ ਉਸ ਦਾ ਧੁਰਾ। ਸਮਾਜ-ਸੁਧਾਰ ਤੋਂ ਵਿਕਾਸ ਕਰ ਕੇ ਨਾਨਕ ਸਿੰਘ ਹੁਣ ਪ੍ਰੀਤ ਪੁਜਾਰੀ ਹੋ ਨਿਬੜਿਆ। 'ਅੱਧ ਖਿੜਿਆ ਫੁੱਲ', 'ਜੀਵਨ ਸੰਗਰਾਮ', 'ਲਵ ਮੈਰਿਜ' ਆਦਿ।

1947 ਈ ਵਿਚ ਦੇਸ਼ ਦਾ ਵਿਭਾਜਨ ਹੋਇਆ। ਪੰਜਾਬ ਦੀ ਦੁਖਾਂਤਿਕ ਵੰਡ, ਜਿਸ ਨੇ ਲੇਖਕ ਦੇ ਪੁਰਾਣੇ ਸੁਪਨਿਆਂ ਦੇ ਸ਼ੀਸ਼ ਮਹਿਲ ਇਕਦਮ ਚਕਨਾ ਚੂਰ ਕਰ ਕੇ ਰੱਖ ਦਿੱਤੇ। ਇਸ ਮਹਾਂ-ਦੁਖਾਂਤ ਬਾਰੇ ਨਾਨਕ ਸਿੰਘ ਨੇ ਚਾਰ ਨਾਵਲ ਲਿਖੇ। 'ਖੂਨ ਦੇ ਸੋਹਲੇ' (1948), 'ਅੱਗ ਦੀ ਖੇਡ' (1948), 'ਮੰਝਧਾਰ' (1950), 'ਚਿੱਤਰਕਾਰ' (1951)। ਭਿਆਨਕ ਤੇ ਘੋਰ ਅਤਿਆਚਾਰਾਂ ਦੇ ਕਾਲੇ ਚਿੱਤਰ ਦੋ ਨਾਵਲਾਂ ਖੂਨ ਦੇ ਸੋਹਲੇ ਤੇ ਅੱਗ ਦੀ ਖੇਡ ਰਾਹੀਂ ਖਿੱਚੇ ਹਨ। ਇਕ ਪੱਧਰ ਤੇ ਆ ਕੇ ਨਾਨਕ ਸਿੰਘ ਦੀ ਨਾਵਲ-ਕਲਾ ਨੂੰ ਭਾਰੀ ਝਟਕਾ ਲੱਗਾ ਹੈ। ਸੁਭਾਵਕ ਤੇ ਸਾਧਾਰਣ ਕਲਾਕਾਰ ਤੋਂ ਬਦਲ ਕੇ ਹੁਣ ਉਹ ਰਾਜਸੀ ਆਸ਼ਿਆ ਨੂੰ ਮੁੱਖ ਰੱਖ ਵੱਲ 'ਅਗਾਂਹ ਵਧੂ' ਲੇਖਕ ਬਣ ਗਿਆ। ਇਸ ਤਰ੍ਹਾਂ ਉਸ ਦਾ ਅਨੁਭਵ, ਵਿਸ਼ੇ ਦਾ ਆਕਾਰ ਕਲਾਪਕੜ ਸੀਮਤ ਹੋ ਗਏ ਹਨ। ਆਪਣੇ 1947 ਈ. ਤੋਂ ਪਹਿਲਾ ਲਿਖੇ ਨਾਵਲਾਂ ਤੋਂ ਨਾਨਕ ਸਿੰਘ ਇਕ ਵੱਖਰੀ ਕਿਸਮ ਦੀ ਰਚਨਾ ਕਰਦਾ। ਜਿਸ ਵਿੱਚ ਭਾਵੇਂ ਪਲਾਟ, ਕਹਾਣੀ, ਪਾਤਰ ਉਸਾਰੀ ਆਦਿ ਸਭ ਕੁਝ ਹੈ ਪਰ ਪਾਠਕ ਨੂੰ ਲੇਖਕ ਸੁਭਾਵਕ ਦੀ ਥਾਂ ਪ੍ਰਚਾਰਕ ਕਲਾਕਾਰ ਪ੍ਰਤੀਤ ਹੁੰਦਾ

ਹੈ। ਜਿਵੇਂ ਲੇਖਕ ਸੁਚੇਤ ਹੋ ਕੇ ਆਪਣੇ ਖੰਭ ਸਕੋੜਦਾ, ਮਨ ਨੂੰ ਘੁਟਦਾ ਤੇ ਸੰਕੋਚ ਵਰਤਦਾ ਹੈ, ਮੰਨ ਦੀਆਂ ਵਾਗਾਂ ਢਿੱਲਿਆਂ ਨਹੀਂ ਛੱਡਦਾ। ਇਹ ਦੋਸ਼ ਕਲਾ ਦੀ ਘਾਟ ਦਾ ਦੋਸ਼ ਹੈ। ਪਰ ਸਾਰੇ ਅਗਾਂਹ ਵਧੂ ਸਾਹਿਤ ਵਿੱਚ ਇਹ ਉਕਾਈ ਸੁਤੇ ਸਿੱਧ ਆ ਜਾਂਦੀ ਹੈ। ਇਸ ਦੇ ਸ਼ਿਕਾਰ ਹੋਏ ਨਵੇਂ ਨਾਵਲਕਾਰ ਵੀ ਹਨ। ਨਾਨਕ ਸਿੰਘ ਦੀ ਰਚਨਾ ਦੇ ਇਸ ਤੀਜੇ ਕਾਲ ਵਿੱਚ ਕਈ ਹੋਰ ਨਾਵਲਕਾਰ, ਨਾਵਲ ਖੇਤਰ ਵਿੱਚ ਉਤਰੇ ਤੇ ਨਾਨਕ ਸਿੰਘ ਦੇ ਟਾਕਰੇ ਦਾ ਜਤਨ ਕਰਦੇ ਹਨ ।

1950 ਤੋਂ ਬਾਅਦ ਲਿਖੇ ਗਏ ਨਾਨਕ ਸਿੰਘ ਦੇ ਨਾਵਲਾਂ ਉਪਰ ਬਦਲਦੀਆਂ ਸਮਾਜਿਕ, ਸਭਿਆਚਾਰਕ ਪਰਿਸਥੀਤੀਆਂ

ਦਾ ਪ੍ਰਤੀਬਿੰਬ ਸਪਸ਼ਟ ਤੋਰ ਤੇ ਦੇਖਿਆ ਜਾ ਸਕਦਾ ਹੈ।-: 1. ਆਦਮਖੋਰ (1951), 2. ਕਟੀ ਹੋਈ ਪਤੰਗ (1952), 3. ਸੁਮਨ ਕਾਂਤਾ (1952), 4. ਨਾਸੂਰ (1953), 5. ਸੰਗਮ (1954), 6. ਬੰਜਰ (1955), 7. ਆਸਤਕ ਨਾਸਤਕ (1957), 8. ਪੂਜਾਰੀ (1958), 9. ਛਲਾਵਾ (1959), 10. ਅਣਸੀਤੇ ਜਖਮ (1959), 11. ਪੱਥਰ ਦੇ ਖੰਭ (1960), 12. ਵਰ ਨਹੀਂ ਸਰਾਪ (1962), 13. ਇਕ ਮਿਆਨ ਦੋ ਤਲਵਾਰਾਂ (1964), 14. ਕੋਈ ਹਰਿਆ ਬੂੇ ਰਹਿਓ ਰੀ (1964), 15. ਸਰਾਪੀਆਂ ਰੂਹਾਂ (1965), 16. ਗਗਨ ਦਮਾਮਾ ਬਾਜਿਆ (1967)

ਪਹਿਲੀ ਵਾਰ ਨਾਵਲ ਵਿੱਚ ਉਸਨੇ ਆਦਰਸ਼ਵਾਦ ਨਾਲ ਯਥਾਰਵਾਦ ਦਾ ਸੁੰਦਰ ਸੁਮੇਲ ਕੀਤਾ ਹੈ, ਉਸਦੇ ਪਾਤਰ ਮਨੁੱਖੀ ਮਨ ਦੇ ਤਰਜਮਾਨੀ ਹਨ। ਆਜ਼ਾਦੀ, ਤਰੱਕੀ ਅਤੇ ਤਬਦੀਲੀ ਲਈ ਮਹਿਕਦੇ ਉਸਦੇ ਪਾਤਰ ਉਸਦੇ ਸੰਵੇਦਨਸ਼ੀਲ ਹਿਰਦੇ ਦੀ ਉਪਜ ਹਨ। ਆਪਣੇ ਆਦਰਸ਼ ਦੀ ਪ੍ਰਾਪਤੀ ਲਈ ਅਸਲ ਜੀਵਨ ਨਾਲ ਜੂਝਦੇ ਪਾਤਰ, ਕਹਾਣੀ ਰਸ, ਭਾਸ਼ਾ ਦੀ ਅਮੀਰੀ, ਸ਼ਹਿਰੀ ਮੱਧ ਸ਼੍ਰੇਣੀ ਦਾ ਚ੍ਰਿਤਣ, ਸ਼ੁਧ ਪੰਜਾਬੀ ਪਰਿਵੇਸ਼, ਭਾਰਤੀ ਸੰਸਕ੍ਰਿਤੀ ਦਾ ਪਲਕ-ਝਲਕਾਰਾ, ਉਸਦੇ ਕਲਾਤਮਕ ਤੇ ਸਫਲ ਮੰਚ ਉਪਯੋਗੀ ਇਕਾਂਗੀ ਲਿਖੇ। ਉਸਦੀ ਕਹਾਣੀ ਲਘੂ ਮਨੋਵਿਗਿਆਨਿਕ ਤੇ ਯਥਾਰਥ ਕਹਾਣੀ ਹੈ, ਅਜੋਕੀ ਕਹਾਣੀ ਦਾ ਪੂਰਵ ਰੂਪ ਨਹੀਂ ਸਗੋਂ ਉਸਦੇ ਹਾਣ ਦੀ ਵਸਤ ਹੈ। ਉਸਦੇ ਲੇਖਾਂ ਵਿੱਚ ਸਮਕਾਲੀ ਪਤਨ-ਗ੍ਰਸਤ ਤੇ ਧਰਮ ਨੈਤਿਕਤਾ ਵਿਮੁੱਖ ਸਮਾਜ ਦੀ ਵਧੀਆ ਤਸਵੀਰ-ਕਸ਼ੀ ਹੋਈ ਹੈ। ਸੰਪਾਦਕ ਦੇ ਨਾਤੇ ਉਹ 'ਸਰਸ੍ਵਤੀ' ਦੇ ਸੰਪਾਦਕ ਆਚਾਰਯ ਮਹਾਵੀਰ ਪ੍ਰਸ਼ਾਦ ਦ੍ਵਿਵੇਦੀ ਵਾਲਾ ਸਥਾਨ ਰੱਖਦਾ ਹੈ ।

ਨਾਨਕ ਸਿੰਘ ਉਹ ਦੁਮੇਲ ਹੈ ਜਿਥੇ ਭਾਰਤ ਦੇ ਪੰਜਾਬ, ਹਿੰਦੀ ਤੇ ਪੰਜਾਬੀ ਅਤੇ ਹਿੰਦੂ-ਸਿਖ ਅਤੇ ਮੁਸਲਮਾਨ ਦਾ ਸੰਗਮ ਹੁੰਦਾ ਹੈ। ਨਾਨਕ ਸਿੰਘ ਨੇ ਆਪਣੇ ਪੂਰਵ-ਵਰਤੀਆਂ ਲਈ ਸੋਚਾਂ ਖੜੀਆਂ ਕਰ ਦਿੱਤੀਆਂ, ਸਮਕਾਲੀਆਂ ਲਈ ਈਰਖਾ ਪੈਦਾ ਕਰਕੇ ਲਿਖਣ ਦੀ ਗਤੀ ਵਿੱਚ ਤੇਜ਼ੀ ਲਿਆਂਦੀ ਅਤੇ ਨਵੇਂ

ਲੇਖਕਾਂ ਲਈ ਨਵੀਂ ਨਰੋਈ ਤੋ ਕਲਾਤਮਕ ਸ਼ੈਲੀ ਪ੍ਰਦਾਨ ਕਰਕੇ ਸਾਹਿਤ-ਸਿਰਜਣਾ ਦਾ ਨਿਵੇਕਲਾ ਰਾਹ ਮੋਕਲਾ ਕੀਤਾ। ਸਫਲਤਾ ਦੀ ਟੀਸੀ ਤੇ ਪਹੁੰਚ ਕੇ ਅਨੇਕਾਂ ਰਾਸ਼ਟਰੀ ਪੁਰਸਕਾਰ ਪ੍ਰਾਪਤ ਕਰਕੇ ਤੇ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਹੋ ਕੇ ਵੀ ਨਾਨਕ ਸਿੰਘ ਨੇ ਨਿਮਰਤਾ, ਨਿਰਮਾਣਤਾ ਤੇ ਇਨਸਾਨੀਅਤ ਦਾ ਪੱਲਾ ਕਦੇ ਨਹੀਂ ਛੱਡਿਆ। ਭਾਰਤ ਦੀਆਂ ਉਨੱਤ ਬੋਲੀਆਂ ਵਿੱਚ ਪੰਜਾਬੀ ਦਾ ਸਿਰ ਮਾਣ ਨਾਲ ਉੱਚਾ ਕਰਨ ਵਾਲਾ ਸਾਹਿਤਕਾਰ ਨਾਨਕ ਸਿੰਘ ਸਾਹਿਤ ਤੇ ਕਲਾ ਦਾ ਉਹ ਰੋਸ਼ਨ ਚਿਰਾਗ ਹੈ ਜਿਸਦਾ ਸਾਹਿਤ ਸਦੀਵੀ ਮੁੱਲਾਂ ਦਾ ਪਾਰਸੀ ਹੈ, ਕਿਉਂਕਿ ਉਹ ਮਾਨਵੀ ਮੁਲਾਂ ਵਾਲਾ ਸਾਹਿਤ ਹੈ।

ਨਾਨਕ ਸਿੰਘ ਦਾ ਸਾਹਿਤ ਸਮਕਾਲੀ ਲਹਿਰਾਂ ਦੀ ਉਪਜ ਵੀ ਹੋ ਸਕਦਾ ਹੈ ਤੇ ਇਨ੍ਹਾਂ ਤੋਂ ਇਹ ਭਰੂਪਰ ਰੂਪ ਵਿੱਚ ਪ੍ਰਭਾਵਤ ਵੀ ਹੈ, ਪਰੰਤੂ ਇਹ ਸਮਕਾਲੀ ਲਹਿਰ ਦਾ ਮੁਥਾਜ ਨਹੀਂ। ਆਪਣੇ ਸਮੇਂ ਦੀਆਂ ਰਾਜਨੀਤਿਕ, ਸਮਾਜਿਕ ਤੇ ਧਾਰਮਿਕ ਲਹਿਰਾਂ ਵਿੱਚੋਂ ਉਸਨੇ ਘਟਨਾਵਾਂ ਹੀ ਨਹੀਂ ਲਈਆਂ, ਸਗੋਂ ਉਨ੍ਹਾਂ ਦੇ ਹੇਠਾਂ ਪਸਰੇ ਭਾਵ ਜਗਤ ਨੂੰ ਫੜ੍ਹਨ ਦਾ ਯਤਨ ਵੀ ਉਹ ਸਦਾ ਕਰਦਾ ਰਿਹਾ ਹੈ। ਇਹੋ ਕਾਰਨ ਹੈ ਕਿ ਉਸਦਾ ਸਾਹਿਤ ਸਦੀਵੀ ਮੁੱਲ ਰੱਖਦਾ ਹੈ ਅਤੇ ਸਮਾਂ ਬੀਤਣ ਨਾਲ ਉਸਦੇ ਸਾਹਿਤ ਦੇ ਮੁਲਾਂਕਣ ਤੇ ਪੁਨਰ ਮੁਲਾਂਕਣ ਨਾਲ ਉਸਦੇ ਸਾਹਿਤ ਦੀ ਮਹੱਤਤਾ ਹੋਰ ਵੀ ਵਧਦੀ ਰਹੇਗੀ। ਨਾਨਕ ਸਿੰਘ ਨਾ ਕੇਵਲ ਪੰਜਾਬੀ ਦਾ ਸਭ ਤੋਂ ਮਹਾਨ ਨਾਵਲਕਾਰ ਹੈ, ਸਗੋਂ ਆਧੁਨਿਕ ਸਮੇਂ ਦੇ ਸਭ ਤੋਂ ਵਧੀਕ ਪ੍ਰਭਾਵਸ਼ਾਲੀ ਸਾਹਿਤਕਾਰਾਂ ਵਿੱਚੋਂ ਹੈ। ਨਿਰਸੰਦੇਹ ਵੀਹਵੀਂ ਸਦੀ ਵਿੱਚ ਪੰਜਾਬੀ ਸਾਹਿਤ ਨੇ ਤਿੰਨ ਬਹੁਤ ਵੱਡੇ ਵੱਡੇ ਆਕਾਰ ਦੇ ਸਾਹਿਤਕਾਰ ਪੈਦਾ ਕੀਤੇ ਹਨ, ਜਿਨ੍ਹਾਂ ਦੀ ਅਦੁਤੀ ਪ੍ਰਸਿਧੀ ਅਤੇ ਉੱਚੀ ਪ੍ਰਤਿਭਾ ਅੱਗੇ ਹੋਰ ਸਭ ਲੇਖਕ ਤੇ ਕਵੀ ਮਾਤ ਹੋ ਜਾਂਦੇ ਹਨ। ਉਹ ਹਨ ਭਾਈ ਵੀਰ ਸਿੰਘ, ਗੁਰਬਖਸ਼ ਸਿੰਘ ਅਤੇ ਨਾਨਕ ਸਿੰਘ। ਇਨ੍ਹਾਂ ਤਿੰਨਾਂ ਨੇ ਬਹੁਤ ਕੁਝ ਲਿਖਿਆ ਹੈ, ਪਰ ਇਸ ਭਰੂਪਰ ਰਚਨਾ-ਸ਼ਕਤੀ ਦੇ ਨਾਲ, ਇਨ੍ਹਾਂ ਦਾ ਵੱਡਾ ਕਮਾਲ, ਸਾਹਿਤ-ਅਗਵਾਈ ਅਤੇ ਸਾਹਿਤ ਉਸਾਰੀ ਉਤੇ ਨਿਰਭਰ ਹੈ। ਭਾਈ ਵੀਰ ਸਿੰਘ ਨੇ ਨਵੀਨ ਕਲਾਮਈ ਵਾਰਤਕ ਅਤੇ ਲੇਖ, ਨਾਨਕ ਸਿੰਘ ਨੇ ਨਵੀਨ ਨਾਵਲ ਅਤੇ ਛੋਟੀ ਕਹਾਣੀ ਦਾ ਨਾ ਕੇਵਲ ਮੁੱਢ ਬੱਧਾ ਸਗੋਂ ਇਨ੍ਹਾਂ ਸਾਹਿਤ-ਰੂਪਾਂ ਦਾ ਸੰਪੂਰਣ ਵਿਕਾਸ ਆਪਣੀ ਕਲਾ ਨਿਪੁੰਨਤਾ ਰਾਹੀਂ ਕਰਕੇ ਵਿਖਾਇਆ। ਨਾਨਕ ਸਿੰਘ ਸਾਡੇ ਸਮੇਂ ਦੇ ਇੰਨਾ ਨੇੜੇ ਹੈ ਤੇ ਉਸ ਦਾ ਪ੍ਰਭਾਵ ਇੰਨਾ ਵਿਆਪਕ ਕਿ ਸ਼ਾਇਦ ਉਸ ਦੀ ਸਾਹਿਤਕ ਪੱਧਰ ਨਿਯਤ ਕਰਨਾ ਪੂਰੀ ਅਸਲੀਅਤ ਨਾ ਹੋਵੇ, ਫਿਰ ਵੀ ਇਸ ਖਿਆਲ ਤੋਂ ਕਿ ਉਸ ਨੇ ਲਿਖਦਿਆਂ 35 ਸਾਲ ਤੋਂ ਵੱਧ ਬਿਤਾਏ ਹਨ, ਉਸ ਦਾ ਪੰਜਾਬੀ ਸਾਹਿਤ ਵਿੱਚ ਸਥਾਨ ਨਿਸਚਿਤ ਕਰਨਾ ਜ਼ਰੂਰੀ ਜਾਪਦਾ ਹੈ ।

ਕਈ ਵਾਰੀ ਕਿਸੇ ਸਾਹਿਤਕਾਰ ਦਾ ਅਤਿ ਪ੍ਰਸਿੱਧ ਜਾਂ ਹਰਮਨ ਪਿਆਰਾ ਹੋਣਾ ਉਸ ਦੀ ਸਾਹਿਤਕ ਪੱਧਰ ਦਾ ਠੀਕ ਅਨੁਮਾਨ ਲਾਉਣ ਵਿੱਚ ਰੁਕਾਵਟ ਬਣ ਜਾਂਦਾ ਹੈ। ਉਸ ਦੀ ਸਰਵ ਵਿਆਪਕਤਾ,

ਜੋ ਉਸ ਦੀ ਸਭ ਤੋਂ ਉਤੱਮ ਵਿਸ਼ੇਸ਼ਤਾ ਤੇ ਗੁਣ ਹੁੰਦਾ ਹੈ, ਪੌਣ, ਪਾਣੀ ਤੇ ਅਕਾਸ਼ ਵਾਂਗ, ਆਮ ਤੇ ਸਧਾਰਨ ਹੋ ਕੇ ਕਈ ਉਪਰੀ ਦ੍ਰਿਸ਼ਟੀ ਵਾਲਿਆਂ ਨੂੰ ਬੇ-ਕੀਮਤ ਤੇ ਤੁੱਛ ਜਾਪਣ ਲਗ ਪੈਂਦਾ ਹੈ, ਭਾਵੇਂ ਇਨ੍ਹਾਂ ਪ੍ਰਾਕ੍ਰਿਤਿਕ ਤੱਤਾਂ ਵਾਂਗ ਉਸ ਦੀ ਲੋੜ ਤੇ ਕੀਮਤ ਅੰਦਰ ਡੂੰਘੇ ਥਾਂ ਵਸ ਰਹੀ ਹੁੰਦੀ ਹੈ। ਇਹ ਉਸੇ ਤਰ੍ਹਾਂ ਹੈ ਜਿਵੇਂ ਸੰਤਾਨ ਲਈ ਘਰ ਵਿੱਚ ਨਿੱਤ ਦਿਨ, ਮਹਾਨ ਤੋ ਮਹਾਨ ਗੁਣਾਂ ਵਾਲਾ ਪਿਤਾ ਸਾਧਾਰਣ ਮਨੁੱਖ ਹੁੰਦਾ ਹੈ। ਭਾਵੇਂ ਅੰਦਰ, ਇਸ ਵਿੱਚ ਸੰਤਾਨ ਹਰ ਵੇਲੇ ਉਸ ਨੂੰ ਪਿਆਰਦੀ, ਸਤਿਕਾਰਦੀ ਹੈ। ਕੁਝ ਇਹੋ ਜਿਹਾ ਹਾਲ ਸਾਡੇ ਨਾਵਲਕਾਰ ਨਾਨਕ ਸਿੰਘ ਦਾ ਹੈ ਜੋ ਇਕ ਅਸਾਧਾਰਨ ਗੁਣਾਂ ਵਾਲਾ ਕਲਾਕਾਰ ਹੁੰਦਿਆਂ ਵੀ ਸਾਨੂੰ ਇਕ ਲੇਖਕ ਜਾਪਦਾ ਹੈ ਜੋ ਹਰ ਸਾਲ ਇਕ ਨਵਾਂ ਨਾਵਲ ਰਚ ਕੇ ਆਪਣੀ ਬਹੁਲਤਾ ਦੇ ਭੰਡਾਰੇ ਵਿੱਚ ਹੋਰ ਵਾਧਾ ਕਰਦਾ ਰਿਹਾ। ਨਾਨਕ ਸਿੰਘ ਪਾਠਕਾਂ ਲਈ ਨਵੀਂ ਤੋਂ ਨਵੀਂ ਸਾਹਿਤਕ ਸਮੱਗਰੀ ਇੰਨੀ ਤੇਜ਼ੀ ਨਾਲ ਇੱਕਠੀ ਕਰਦਾ ਜਾਂਦਾ ਹੈ ਕਿ ਪਾਠਕ ਨੂੰ ਉਸ ਬਾਰੇ ਕੋਈ ਨਿੱਗਰ ਵਿਚਾਰ ਕਰਨਾ, ਕੁਝ ਸੋਚਣਾ, ਕੋਈ ਆਲੋਚਨਾਤਮਕ ਨਿਰਣਾ ਕਰਨਾ ਅਸੰਭਵ ਹੋ ਜਾਂਦਾ ਹੈ। ਉਹ ਸਹਿਤ ਸੁਭਾ, ਅਚੇਤ ਜਾਂ ਸੁਚੇਤ, ਨਾਵਲ ਤੇ ਕਹਾਣੀਆਂ ਲਿਖੀ ਜਾਂਦਾ ਹੈ ਤੇ ਭੁੱਖੇ ਤਿਹਾਏ ਪਾਠਕ ਉਹ ਸਭ ਕੁਝ ਸ਼ੌਕ ਨਾਲ ਪੜ੍ਹੀ ਜਾਂਦੇ ਹਨ। ਜਿਵੇਂ ਜੀਵਨ ਤੇ ਸਮਾਜ ਬਦਲ ਰਿਹਾ ਹੈ, ਨਾਨਕ ਸਿੰਘ ਦੇ ਵਿਸ਼ੇ, ਕਲਾ ਤੇ ਦ੍ਰਿਸ਼ਟੀਕੋਣ ਬਦਲਦੇ ਰਹਿੰਦੇ ਹਨ। ਇਸ ਤਰ੍ਹਾਂ ਪਾਠਕਾਂ ਨੂੰ ਨਾਨਕ ਸਿੰਘ ਸਦਾ ਨਵਾਂ ਨਵਾਂ ਜਾਪਦਾ ਰਹਿੰਦਾ ਹੈ।

ਬਹੁਲਤਾ ਦੇ ਆਸ਼ੇ ਤੋਂ ਨਾਨਕ ਸਿੰਘ ਨੂੰ ਅੰਗਰੇਜ਼ੀ ਨਾਵਲਕਾਰ ਵਾਲਟਰ ਸਕਾਟ ਨਾਲ ਅਤੇ ਸੁਭਾਵਕਤਾ, ਸਾਧਾਰਣਤਾ ਦੇ ਪੱਖੋਂ ਚਾਰਲਸ ਡਿਕਸਜ਼ ਨਾਲ ਤੁਲਨਾ ਦਿੱਤੀ ਜਾ ਸਕਦੀ ਹੈ, ਭਾਵੇਂ ਕਈ ਸਦੀਆਂ ਤੋਂ ਉਨੱਤੀ ਕਰ ਰਹੇ ਅੰਗਰੇਜ਼ੀ ਨਾਵਲ ਦੇ ਇਨ੍ਹਾਂ ਮਹਾਨ ਲੇਖਕਾਂ ਦੀ ਸਾਹਿਤਕ-ਪੱਧਰ ਪੰਜਾਬੀ ਦੇ ਮੋਢੀ ਨਾਵਲਕਾਰ ਨਾਨਕ ਸਿੰਘ ਤੋਂ ਬਹੁਤ ਵੱਖਰੀ ਤੇ ਉਚੇਰੀ ਹੈ।

ਭਾਰਤੀ ਬੋਲੀਆਂ ਦੇ ਸਾਹਿਤਾਂ ਵਿੱਚ ਨਾਵਲ ਦੀ ਉਪਜ ਉਰਦੂ ਬੰਗਾਲੀ ਤੇ ਹਿੰਦੀ ਵਿੱਚ ਉਨਹੀਂਵੀ ਸਦੀ ਦੇ ਦੂਜੇ ਅੱਧ ਤੋਂ ਹੀ ਸ਼ੁਰੂ ਹੋਈ ਅਤੇ ਉਹ ਵੀ ਅੰਗਰੇਜ਼ੀ ਰਾਜ ਤੇ ਅੰਗਰੇਜ਼ੀ ਵਿਦਿਆ ਦੇ ਪ੍ਰਭਾਵ ਹੇਠਾਂ 1 ਭਾਰਤ ਦੇ ਹੋਰ ਆਧੁਨਿਕ ਨਾਵਲਕਾਰਾਂ ਵਿੱਚੋਂ ਮੁਨਸ਼ੀ ਪ੍ਰੇਮ ਚੰਦ ਦਾ ਨਾ ਵੀ ਖਾਸ ਕਰਕੇ ਪ੍ਰਸਿੱਧ ਹੈ, ਉਸ ਨੇ ਉਰਦੂ ਤੇ ਹਿੰਦੀ ਦੋਹਾਂ ਬੋਲੀਆਂ ਵਿੱਚ ਉਚ ਪੱਧਰ ਦੇ ਨਾਵਲ ਲਿਖੇ। ਨਾਨਕ ਸਿੰਘ ਉਤੇ ਉਰਦੂ ਹਿੰਦੀ ਤੇ ਬੰਗਾਲੀ ਨਾਵਲ ਦਾ ਬਹੁਤ ਡੂੰਘਾ ਅਸਰ ਹੋਇਆ ਜਿਵੇਂ ਕਿ ਉਹ ਆਪ ਆਪਣੀ ਪੁਸਤਕ 'ਮੇਰੀ ਦੁਨੀਆਂ, ਵਿੱਚ ਮੰਨਦਾ ਹੈ। ਉਸ ਨੇ ਇਨ੍ਹਾਂ ਬੋਲੀਆਂ ਤੇ ਮਸ਼ਹੂਰ ਨਾਵਲ ਪੜ੍ਹੇ, ਖਾਸ ਕਰਕੇ ਪ੍ਰੇਮ ਚੰਦ ਦੇ। ਇਹ ਗੱਲ ਅਕਾਲੀ ਲਹਿਰ ਦੇ ਸਮੇਂ 1920-22 ਈ. ਦੀ ਹੈ ਜਦੋਂ ਕਿ ਜੇਲ੍ਹ ਯਾਤਰਾ ਦੇ ਦਿਨਾਂ ਵਿੱਚ ਨਾਨਕ ਸਿੰਘ ਨੂੰ ਵਿਹਲ ਤੇ ਸਾਹਿਤ-ਭੁੱਖ ਦੋਵੇਂ ਪ੍ਰਾਪਤ ਸਨ। ਨਾਨਕ ਸਿੰਘ ਨੂੰ ਵੀ ਇਨ੍ਹਾਂ ਨਾਵਲਾਂ ਤੋਂ ਪੰਜਾਬੀ ਵਿੱਚ ਕੁਝ ਲਿਖਣ ਦੀ ਜਾਗ ਲਗੀ ਅਤੇ ਪ੍ਰੇਮ ਚੰਦ ਦਾ ਇਹ ਬੀਜਰੂਪ

ਪ੍ਰੇਰਣਾ-ਪੂਰਵ ਤੇ ਅਸਰ ਇਨ੍ਹਾਂ ਪ੍ਰਪੱਲਤ ਹੋਇਆ ਕਿ 1925 ਈ. ਤੋਂ ਲੈ ਕੇ 1970 ਈ. ਤੱਕ ਉਸ ਨੇ ਇੰਨਾ ਕੁਝ, ਇੰਨੀ ਸੁਚੱਜਤਾ ਨਾਲ ਲਿਖਿਆ ਕਿ ਪੰਜਾਬੀ ਸਾਹਿਤ ਅਣਗਿਣਤ ਚੰਗੇ ਨਾਵਲਾਂ ਨਾਲ ਮਾਲਾਮਾਲ ਹੋ ਗਿਆ। ਨਾਨਕ ਸਿੰਘ ਸੱਚਮੁਚ ਪੰਜਾਬੀ ਦਾ ਪ੍ਰੇਮ ਚੰਦ ਹੈ, ਇਨ੍ਹਾਂ ਦੋਨਾਂ ਦੀ ਪਰਸਪਰ ਤੁਲਨਾ ਬੜੀ ਢੁੱਕਵੀਂ ਹੈ, ਵਿਸ਼ੇ, ਕਲਾ, ਸ਼ੈਲੀ, ਬੋਲੀ, ਪਲਾਟ-ਉਸਾਰੀ, ਕਹਾਣੀ-ਰਸ, ਬਹੁਲਤਾ, ਸੁਭਾਵਕਤਾ, ਸੁਹਿਰਦਤਾ ਆਦਿ ਹਰ ਇਕ ਪੱਖ ਤੋਂ।

ਨਾਨਕ ਸਿੰਘ ਦੀ ਨਾਵਲ ਕਲਾ ਦੀ ਉਸਾਰੀ ਅਤੇ ਵਿਕਾਸ ਵਿੱਚ ਪ੍ਰੇਮ ਚੰਦ ਤੋਂ ਬਾਅਦ ਦੇ ਹੋਰ ਮਹਾਨ ਸ਼ਖਸੀਅਤਾਂ ਦਾ ਵੀ ਪ੍ਰਭਾਵ ਪਿਆ, ਅਰਥਾਤ ਭਾਈ ਵੀਰ ਸਿੰਘ ਅਤੇ ਗੁਰਬਖਸ਼ ਸਿੰਘ ਦਾ। ਪ੍ਰੇਮ ਚੰਦ ਅਤੇ ਭਾਈ ਵੀਰ ਸਿੰਘ ਜਿਸ ਨੇ ਪੰਜਾਬੀ ਵਿੱਚ ਸਭ ਤੋਂ ਪਹਿਲਾ ਇਤਿਹਾਸਕ ਪਿਛੋਕੜ ਦੇ ਨਾਵਲ ਸੁੰਦਰੀ, ਬਿਜੈ ਸਿੰਘ, ਸਤਵੰਤ ਕੌਰ ਆਦਿ ਲਿਖੇ ਤੇ ਨਾਨਕ ਸਿੰਘ ਨੂੰ ਆਪਣਾ ਮਨ-ਭਾਉਂਦਾ ਵਿਸ਼ਾ ਸਮਾਜ ਸੁਧਾਰ ਮਿਲਿਆ। ਵੀਹਵੀਂ ਸਦੀ ਵਿੱਚ ਸਭ ਤੋਂ ਵੱਡੀ ਸਮਾਜਕ ਰਾਜਸੀ ਸਮੱਸਿਆ ਸਮਾਜ ਸੁਧਾਰ ਦੀ ਰਹਿ ਰਹੀ ਹੈ ਜਿਸ ਤੋਂ ਬਿਨ੍ਹਾਂ ਮਹਾਤਮਾ ਗਾਂਧੀ ਨੇ ਵੀ ਦੇਸ਼ ਦੀ ਆਜ਼ਾਦੀ ਵਿਅਰਥ ਤੇ ਅਸੰਭਵ ਸਮਝੀ। ਅਛੂਤ ਸੁਧਾਰ, ਇਸਤਰੀ ਸੁਧਾਰ, ਵਿਧਵਾ ਤੇ ਵੇਸਵਾ ਸੁਧਾਰ, ਵਿਦਿਆ ਪ੍ਰਚਾਰ, ਸਮਾਜਕ ਕੁਰੀਤੀਆਂ ਦਾ ਪ੍ਰਚਾਰ, ਧਾਰਮਿਕ ਸੁਧਾਰ, ਆਰਥਿਕ ਸੁਧਾਰ-ਇਹ ਸਭ ਕੁਝ ਸਮੇਂ ਦੀ ਲੋੜ ਸੀ ਜਿਸ ਤੋਂ ਬਿਨ੍ਹਾਂ ਸਾਹਿਤਕ ਉਪਜ ਅਧੂਰੀ ਤੇ ਉਪਰੀ ਸੀ। ਨਾਨਕ ਸਿੰਘ ਨੇ 'ਚਿੱਟਾ ਲਹੂ' (1932 ਈ) ਤੋਂ ਸ਼ੁਰੂ ਕਰਕੇ 1947 ਈ ਤੱਕ ਸਮਾਜ ਸੁਧਾਰ ਦੇ ਵਿਸ਼ੇ ਉਤੇ ਬਹੁਤ ਸਾਰੇ ਨਾਵਲ ਲਿਖੇ ਆਪਣੇ ਆਸ਼ੇ ਵਿੱਚ ਕਾਫੀ ਸਫਲ ਹੋਇਆ ।

**4.3.3 ਕਹਾਣੀ-ਰਚਨਾ-** ਇਕ ਸਮਰਪਿਤ ਨਾਵਲਕਾਰ ਹੋਣ ਦੇ ਨਾਲ-ਨਾਲ ਨਾਨਕ ਸਿੰਘ ਇਕ ਉੱਚ ਕੋਟੀ ਦਾ ਕਹਾਣੀਕਾਰ ਵੀ ਰਿਹਾ ਹੈ। ਉਸ ਦੀਆਂ ਕਹਾਣੀਆਂ ਦੇ 7 ਮੌਲਿਕ ਸੰਗ੍ਰਹਿ ਹਨ। 1. ਹੰਝੂਆਂ ਦੇ ਹਾਰ, 2. ਸੱਧਰਾਂ ਦੇ ਹਾਰ, 3. ਉਲਝਣਾਂ, 4. ਮਿੱਧੇ ਹੋਏ ਫੁੱਲ, 5. ਠੰਡੀਆਂ ਛਾਵਾਂ, 6. ਸੁਪਨਿਆਂ ਦੀ ਖਬਰ, 7. ਸੁਨਹਿਰੀ ਜਿਲਦ । ਇਕ ਸੰਗ੍ਰਹਿ 'ਤਸਵੀਰ ਦੇ ਦੋਵੇਂ ਪਾਸੇ' ਅਨੁਵਾਦਿਤ ਕਹਾਣੀਆਂ ਦਾ ਵੀ ਪ੍ਰਕਾਸ਼ਿਤ ਹੋ ਚੁੱਕਿਆ ਹੈ।ਨਾਨਕ ਸਿੰਘ ਦੀ ਪਹਿਲੀ ਕਹਾਣੀ 'ਰੱਖੜੀ' 1927 ਵਿੱਚ ਪ੍ਰਕਾਸ਼ਿਤ ਹੋਈ ਸੀ।ਉਹ ਲੰਬੀ ਕਹਾਣੀ ਲਿਖਦਾ ਹੈ। ਆਪਣੀਆਂ ਕਹਾਣੀਆਂ ਵਿਚ ਨਾਨਕ ਸਿੰਘ ਇਕ ਵਾਦ-ਮੁੱਖਤ ਲੇਖਕ ਦੇ ਰੂਪ ਵਿਚ ਸਾਮਣੇ ਆਉਂਦਾ ਹੈ।ਉਹ ਮਨੁੱਖੀ ਭਾਵਾਂ, ਉਦਗਾਰਾਂ, ਆਸ਼ਾਵਾਂ, ਲਾਲਸਾਵਾਂ, ਫਰੇਬਾਂ, ਮਜਬੂਰੀਆਂ, ਦਾ ਇਕ ਪ੍ਰੋੜ੍ਹ ਅਤੇ ਨਿਪੁੰਨ ਚਿਤੇਰਾ ਹੈ। ਉਹ ਆਪਣੇ ਸਮਾਜ ਵਿੱਚੋਂ ਸੰਪਰਦਾਇਕਤਾ, ਸੰਕੀਰਣਤਾ, ਸ਼ੋਸ਼ਣ, ਅਸਮਾਨਤਾ, ਅਸ਼ਲੀਲਤਾ, ਭ੍ਰਿਸ਼ਟਾਚਾਰ ਨੂੰ ਖਤਮ ਕਰਨਾ ਲੋਚਦਾ ਹੈ। ਪਰ ਅਜਿਹਾ ਕਰਨ ਲਈ ਕਿਸੇ ਵਾਦ ਜਾਂ ਸਿਧਾਂਤ ਨਾਲ ਬੱਝਣ ਦੀ ਜ਼ਰੂਰਤ ਮਹਿਸੂਸ ਨਹੀਂ ਕਰਦਾ।

**4.3.4 ਨਾਟਕ-ਰਚਨਾ**- ਨਾਨਕ ਸਿੰਘ ਦੇ ਸੰਪੂਰਣ ਨਾਟਕਾਂ ਦਾ ਸੰਗ੍ਰਹਿ 'ਮੇਰੇ ਨਾਟਕ' ਦਸੰਬਰ 1976 ਈ. ਵਿਚ ਪ੍ਰਕਾਸ਼ਿਤ ਹੋਇਆ ਸੀ। ਇਸ ਵਿਚ ਉਸਦੇ ਦਸ ਨਾਟਕ ਹਨ। 1. ਧੋਬੀ ਦਾ ਕੱਤਾ, 2. ਸ਼ਰਾਬੀ, 3. ਪਾਪ ਦਾ ਫਲ, 4. ਸਾੜਸਤੀ, 5. ਜੈ ਬਸੰਤਰ ਦੇਵਤਾ, 6. ਮਹਾਤਮਾ, 7. ਚੋਰਾਂ ਤੇ ਮੋਰ, 8. ਭਾਈ ਕਨਈਆ, 9. ਚੌੜ ਚਾਨਣ, 10. ਬੀ. ਏ ਪਾਸ। 'ਸਾੜਸਤੀ' ਅਤੇ 'ਜੈ ਬਸੰਤਰ ਦੇਵਤਾ' ਇਕਾਂਗੀ ਨਾਟਕ ਹਨ। ਇਨ੍ਹਾਂ ਵਿਚ ਸਮੇਂ ਸਥਾਨ ਅਤੇ ਕਾਰਜ ਦੀ ਏਕਤਾ ਨੂੰ ਦਰਸਾਇਆ ਗਿਆ ਹੈ। ਨਾਨਕ ਸਿੰਘ ਗਲਪ ਦੀ ਵਿਧਾ ਨਾਲ ਜੁੜਿਆ ਰਹਿਣ ਦੇ ਕਾਰਨ ਆਪਣੇ ਨਾਟਕਾਂ ਦੇ ਮੰਚਣ ਵਲ ਧਿਆਨ ਨਹੀਂ ਦੇ ਸਕਿਆ। ਇਸ ਕਾਰਣ ਉਸ ਦੀ ਇਸ ਖੇਤਰ ਵਿਚ ਵਧੇਰੇ ਚਰਚਾ ਨਾ ਹੋ ਸਕੀ।

4.3.5 ਵਾਰਤਕ-ਰਚਨਾ - ਨਾਨਕ ਸਿੰਘ ਦੇ ਰਚਨਾ ਸੰਸਾਰ ਨੂੰ ਸਮਝਣ ਲਈ ਉਸ ਦੁਆਰਾ ਰਚੀ ਗਈ ਵਾਰਤਕ ਦਾ ਅਧਿਐਨ ਬੜਾ ਜ਼ਰੂਰੀ ਹੈ। ਉਸ ਦੀ ਵਾਰਤਕ ਤਿੰਨ ਮੁੱਖ ਸੋਮਿਆਂ ਵਿਚ ਸੰਕਲਿਤ ਹੈ। ਮੇਰੀ ਦੁਨੀਆਂ ਨਾਨਕ ਸਿੰਘ ਦੀ ਸਾਹਿਤਕ ਸ੍ਵੈਜੀਵਨੀ ਹੈ। ਇਸ ਦਾ ਪ੍ਰਥਮ ਸੰਸਕਰਣ 1949 ਵਿਚ ਪ੍ਰਕਾਸ਼ਿਤ ਹੋਇਆ ਸੀ। ਚੌਥਾ ਸੰਸਕਰਣ 1959 ਈ. ਵਿਚ ਨਾਵਲਕਾਰ ਨੇ ਜੀਵਨ ਦੇ 62 ਵਰ੍ਹਿਆਂ ਦੀਆਂ ਮਹੱਤਵਪੂਰਣ ਘਟਨਾਵਾਂ ਪਾਠਕਾਂ ਨਾਲ ਸਾਂਝੀਆਂ ਕੀਤੀਆਂ ਹਨ। ਨਾਨਕ ਸਿੰਘ ਦੀ ਵਾਰਤਕ-ਰਚਨਾ 'ਮੇਰੀ ਜੀਵਨ ਪਟਾਰੀ ਚੋਂ ਵਿਚ ਉਹ ਲੇਖ ਸ਼ਾਮਿਲ ਕੀਤੇ ਹਨ ਜਿਹੜੇ ਲੋਕ ਸਾਹਿਤ ਵਿਚ 'ਮੇਰੀ ਜੀਵਨ ਪਟਾਰੀ' ਸਿਰਲੇਖ ਅਧੀਨ ਜਨਵਰੀ 1951 ਤੋਂ 1956 ਤਕ ਛਪਦੇ ਰਹੇ ਸਨ।ਇਸ ਪੁਸਤਕ ਦਾ ਸੰਪਾਦਨ ਡਾ. ਸੂਰੀ ਨੇ ਕੀਤਾ ਹੈ। ਉਸ ਦੀ ਵਾਰਤਕ ਰਚਨਾ ਦਾ ਇਕ ਹੋਰ ਸਰੋਤ ਉਸ ਦੁਆਰਾ ਲਿਖੀਆਂ ਆਪਣੇ ਨਾਵਲਾਂ ਦੀਆਂ ਭੂਮਿਕਾਵਾਂ ਹਨ। ਉਸ ਦੀਆਂ ਵਾਰਤਕ ਰਚਨਾਵਾਂ ਰੂਪਾਕਾਰਕ ਦ੍ਰਿਸ਼ਟੀ ਤੋਂ ਵਚਿੱਤਰ ਅਤੇ ਵੰਨ ਸੁਵੰਨੀਆਂ ਹਨ। ਉਸ ਨੇ ਸੰਸਮਰਣ, ਆਤਮ ਕਥਾ, ਰੇਖਾ ਚਿਤਰ, ਸਫ਼ਰਨਾਮਾ, ਆਦਿ ਬਹੁਤ ਸਾਰੇ ਰੂਪਾਕਾਰਾਂ ਉਤੇ ਕਲਮ-ਅਜ਼ਮਾਈ ਕੀਤੀ। ਉਸ ਦੀ ਲੇਖਣੀ ਵਿਚ ਘਟਨਾਵਾਂ ਦੀ ਕਲਾਤਮਕ ਤਰਤੀਬ ਰਚਨਾਵਾਂ ਨੂੰ ਪੜ੍ਹ ਜਗਿਆਸਾ ਭਰੂਪਰ ਬਣਾ ਦਿੰਦੀਆਂ ਹਨ।

ਸਾਹਿਤ ਦੇ ਹੋਰ ਰੁਪਾਂ ਨਾਲੋਂ ਨਾਵਲਕਾਰ ਦੇ ਹੱਥ ਵਿਚ ਸਮਾਜ ਨੂੰ ਹਲੂਣਨ ਤੇ ਬਦਲਣ ਦੀ ਵਧੇਰੇ ਸ਼ਕਤੀ ਹੁੰਦੀ ਹੈ। ਉਸ ਦਾ ਪ੍ਰਭਾਵ ਪਾਠਕ ਉਤੇ ਸੁੱਤੇ-ਸਿੱਧ ਅਤੇ ਚਿਰਸਥਾਈ ਹੁੰਦਾ ਹੈ। ਨਾਵਲਕਾਰ ਪਾਠਕ ਨੂੰ ਆਪਣੀ ਚਿਤਰਿਤ ਦੁਨੀਆਂ ਦੀ ਵਿਸ਼ਾਲਤਾ ਵਿੱਚ ਲਿਜਾ ਕੇ ਖੁਲ੍ਹੀ ਸੈਰ ਦਾ ਅਵਸਰ ਦਿੰਦਾ ਹੈ, ਜਿਸ ਨਾਲ ਪਾਠਕ ਆਪਣੇ ਮਨ ਨੂੰ ਖੋਲ੍ਹਦਾ, ਸੁਸਤਾਨ ਤੇ ਪ੍ਰਭਾਵ ਗ੍ਰਹਿਣ ਕਰਨ ਦੀ ਦਸ਼ਾ ਵਿੱਚ ਹੁੰਦਾ ਹੈ। ਨਾਵਲਕਾਰ ਕਹਾਣੀ ਦੇ ਜਾਦੂ ਨਾਲ ਪਾਠਕ ਨੂੰ ਆਪਣੇ ਆਸੇ ਤੋਂ ਇਸ ਤਰ੍ਹਾਂ ਸਹਿਜੇ ਹੀ ਗਿਆਤ ਕਰ ਦੇਂਦਾ ਹੈ ਕਿ ਪਾਠਕ ਨੂੰ ਪਤਾ ਵੀ ਨਹੀਂ ਲਗਦਾ। ਇਹੋ ਸਾਹਿਤ ਕਲਾ ਦਾ ਮੁੱਖ ਕਰਤੱਵ ਹੁੰਦਾ ਹੈ। ਜਿੰਨਾ ਨਾਵਲ ਦਾ ਆਕਾਰ ਵੱਡਾ ਹੁੰਦਾ ਹੈ ਉੱਨਾਂ ਹੀ ਪਾਠਕ ਆਪਣੇ ਖੰਭ ਝਾੜਦਾ ਅਤੇ ਨਵੇਂ ਆਸ਼ੇ ਗ੍ਰਹਿਣ ਕਰ

ਲੈਂਦਾ ਹੈ। ਇਕ ਪੂਰਾ ਜੀਵਨ-ਚਿੱਤਰ ਜੋ ਨਾਵਲ ਕਾਰ ਆਪਣੀ ਕਲਪਨਾ ਦੇ ਆਧਾਰ ਤੇ ਖਿੱਚਦਾ ਹੈ, ਪਾਠਕ ਦੀ ਕਲਪਨਾ ਵਿੱਚ ਵਸ ਜਾਂਦਾ ਹੈ। ਇਹ ਕੰਮ ਲੱਖਾ ਪਚ੍ਰ ਾਰਾਂ ਤੇ ਰਾਜਸੀ ਭਾਸ਼ਨਾਂ ਨਾਲੋਂ ਵਧੇਰੇ ਕਾਟ ਕਰਦਾ ਹੈ। ਨਾਨਕ ਸਿੰਘ ਨੇ ਵੀ ਸਾਡੇ ਸਮਾਜ ਨੂੰ ਸੁਧਾਰਣ ਤੇ ਬਦਲਣ ਵਿੱਚ ਭਾਈ ਵੀਰ ਸਿੰਘ ਅਤੇ ਗੁਰਬਖਸ਼ ਸਿੰਘ ਤੋਂ ਛੁੱਟ ਸਭ ਤੋਂ ਵੱਧ ਹਿੱਸਾ ਪਾਇਆ ਹੈ ।

ਨਾਨਕ ਸਿੰਘ ਭਾਵੇਂ ਕੁਝ ਸਾਲ, ਪ੍ਰੀਤ ਨਗਰ ਵਿੱਚ ਰਹਿ ਕੇ ਫਿਰ ਅੰਮ੍ਰਿਤਸਰ ਪਰਤ ਆਇਆ, ਪਰ ਪ੍ਰੀਤ ਨਗਰ ਦੇ ਜਾਦੂਗਰ ਅਸਰ ਨੂੰ ਸਦਾ ਲਈ ਆਪਣੇ ਮਨ ਵਿੱਚ ਸਾਂਭ ਕੇ ਲੈ ਆਇਆ। ਲਿੰਗ ਸੁਤੰਤਰਤਾ, ਇਸਤਰੀ ਮਰਦ ਸਮਤਾ, ਪਿਆਰ ਦੀ ਸਮਾਜਕ ਕੀਮਤ, ਮਨੁੱਖਤਾ ਦਾ ਸਨੇਹ, ਸੁਹਜ ਸਵਾਦ, ਮੌਲਿਕ ਸੋਚ ਸ਼ਕਤੀ, ਵਿਸ਼ਾਲ ਅਨੁਭਵ ਇਸਤਰੀ ਮਨ ਦੀ ਖੋਜ, ਆਧੁਨਿਕ ਦ੍ਰਿਸ਼ਟੀਕੋਣ, ਜੀਵਨ ਜਾਂਚ ਦੇ ਨਵੀਨ ਪੱਛਮੀ ਸਿਧਾਂਤ ਤੇ ਵਤੀਰੇ, ਸੰਸਾਰ ਦੀ ਤਰਕਵਾਦੀ ਰੁਚੀ, ਸਵੈਪੜਚੋਲ, ਆਲੇ ਦੁਆਲੇ, ਘਰ ਤੇ ਸਮਾਜ ਨਾਲ ਪਿਆਰ ਭਰੀ ਸਾਂਝ, ਨਰੋਏ ਜੀਵਨ ਦਾ ਖੇੜ੍ਹੇ ਭਰੂਪਰ ਸੰਦੇਸ਼ ਆਦਿ ਕਿੰਨਾ ਕੁਝ ਨਾਨਕ ਸਿੰਘ ਨੂੰ ਗੁਰਬਖਸ਼ ਸਿੰਘ ਦੀ ਜੀਵਨ-ਛੋਹ ਤੇ ਲੇਖਣੀ ਤੋਂ ਮਿਲਿਆ ਜਿਸ ਨਾਲ ਉਸ ਦੇ ਨਾਵਲ ਇਕ ਨਵੀਂ ਜੀਵਨ ਚਿਣਗ ਨਾਲ ਮਘ ਉਠੇ।

ਨਾਨਕ ਸਿੰਘ ਦੀ ਇਹ ਜੀਵਨ ਅਤੇ ਸਾਹਿਤਕ ਸਾਂਝ, ਪੰਜਾਬੀ ਸਾਹਿਤ ਦੇ ਇਤਿਹਾਸ ਦੀ ਇਕ ਅਦੁਤੀ ਘਟਨਾ ਹੈ। ਸਾਹਿਤਕ ਸੰਗਮ ਨੇ ਪੰਜਾਬੀ ਸਾਹਿਤ ਦੀ ਇਕਸਾਰ ਵਹਿੰਦੀ ਜਲਧਾਰਾ ਵਿੱਚ ਇਕ ਨਵੀਂ ਰੁਮਾਂਚਿਕ ਤੇ ਸਵੱਛ ਭਾਵਾਂ ਵਾਲੀ ਰੌ ਪੈਦਾ ਕਰ ਦਿੱਤੀ। ਇਹ ਸਾਂਝ ਇਸ ਕਰਕੇ ਵੀ ਸਾਰਥਿਕ ਹੈ ਕਿ ਸਾਹਿਤਕਾਰ ਦਾ ਮਾਨਸਿਕ ਵਿਕਾਸ 1947 ਈ. ਦੇ ਘਲੂਘਾਰੇ ਤੋਂ ਪ੍ਰਭਾਵਿਤ ਹੋ ਕੇ ਇਕੋ ਖਾਸ ਧੁਰੇ ਦੇ ਨਿਸ਼ਾਨੇ ਉਤੇ ਪਹੁੰਚਿਆ ਜੋ ਕਿ ਅਜ ਕਲ ਦੇ ਸਮੁੱਚੇ ਸੰਸਾਰ ਸਾਹਿਤ ਦਾ ਇਕ ਪ੍ਰਧਾਨ ਵਿਸ਼ਾ ਹੈ, ਅਰਥਾਤ ਸਾਮਵਾਦੀ ਦ੍ਰਿਸ਼ਟੀਕੋਣ ਸਮਾਜ-ਸੁਧਾਰ ਦੀ ਥਾਂ ਸਮਾਜ ਨੂੰ ਬਦਲਣ, ਕ੍ਰਾਂਤੀ ਰਾਹੀਂ ਤੇ ਸਭ ਕੁਝ ਢਾਹ ਕੇ ਵਿਗਾੜ ਕੇ ਫਿਰ ਨਵੀਂ ਉਸਾਰੀ ਕਰਨਾ।

ਅਜੇ ਤੱਕ ਨਾਨਕ ਸਿੰਘ ਬਾਰੇ ਅਥਿਕਥਨੀ ਵਾਲੀ ਪੜਚੋਲ ਹੀ ਪ੍ਰਚੱਲਿਤ ਹੈ। ਇਕ ਪਾਸੇ ਉਸ ਦੀ ਵੱਧ ਤੋਂ ਵੱਧ ਪ੍ਰਸ਼ੰਸਾ ਤੇ ਦੂਜੇ ਪਾਸੇ ਉਸ ਨੂੰ ਛੁਟਿਆਉਣਾ, ਉਸ ਨੂੰ ਸਾਧਾਰਣ ਲੇਖਕ ਸਿੱਧ ਕਰਨਾ। ਸਹੀ ਆਲੋਚਨਾ ਸ਼ਾਇਦ ਅਸਲੀਅਤ ਨੂੰ ਇਨ੍ਹਾਂ ਦੋਹਾਂ ਸੀਮਾਂ ਦੇ ਵਿਚਕਾਰ ਹੀ ਲੱਭੇਗੀ। ਉਸ ਦੇ ਨਿੰਦਕ ਤੇ ਪ੍ਰਸ਼ੰਸਕ ਦੋਵੇਂ ਹੀ ਕਿਸੇ ਹੱਦ ਤੱਕ ਸੱਚੇ ਹਨ। ਨਾਨਕ ਸਿੰਘ ਨੇ ਕੋਈ ਉਤਕ੍ਰਿਸ਼ਟ ਪੱਧਰ ਦਾ ਨਾਵਲ ਨਹੀਂ ਲਿਖਿਆ ਜਿਸ ਨੂੰ ਕਿ ਅਮਰ ਸ਼ਾਹਕਾਰ ਮੰਨ ਕੇ ਸੰਸਾਰ ਸਾਹਿਤ ਦੇ ਸਾਹਮਣੇ ਪੇਸ਼ ਕੀਤਾ ਜਾਏ ਉਸ ਦੇ ਨਾਵਲਾਂ ਦਾ ਪੱਧਰ ਲਗਭਗ ਇਕੋ ਜਿਹਾ ਹੈ। ਪਲਾਟ ਅਤੇ ਕਹਾਣੀ ਦੀ ਉਸਾਰੀ, ਵਿਸ਼ੇ ਦੀ ਪਰਕਾਰਤਾ, ਪਾਤਰਾਂ ਦਾ ਆਚਰਣ ਵਿਸ਼ਲੇਸ਼ਣ ਅਤੇ ਸਮੁਚਾ ਵਾਤਾਵਰਣ ਇਕਸਾਰ ਜਿਹਾ ਰਹਿੰਦਾ ਹੈ।

ਉਸ ਨੇ 'ਚਿੱਟਾ ਲਹੂ' ਤੋਂ ਬਾਅਦ ਆਪਣੀ ਨਾਵਲ ਤਕਨੀਕ ਵਿੱਚ ਵੀ ਕੁਝ ਖਾਸ ਉਨੰਤੀ ਨਹੀਂ ਕੀਤੀ। ਬੋਲੀ ਦੇ ਪੱਖ ਤੋਂ ਵੀ ਕਈ ਉਕਾਈਆਂ ਉਸ ਦੀ ਲੇਖਣੀ ਵਿੱਚ ਮਿਲਦੀਆਂ ਹਨ ਤੇ ਨਾ ਹੀ ਉਸ ਨੇ ਪੰਜਾਬੀ ਬੋਲੀ ਦੀ ਉਸਾਰੂ ਜਾਂ ਉਪਜਾਊ ਸ਼ਕਤੀ ਤੋਂ ਪੂਰਾ ਕੰਮ ਲਿਆ ਹੈ। ਜਿਵੇਂ ਡਿਕਨਜ਼, ਹਾਰਡੀ ਆਦਿ ਅੰਗਰੇਜ਼ੀ ਨਾਵਲਕਾਰਾਂ ਨੇ ਅੰਗਰੇਜ਼ੀ ਭਾਸ਼ਾ ਤੋਂ। ਉਹ ਕਈ ਪੜਚੋਲੀਆਂ ਨੂੰ ਮੋਢੀ ਨਾਵਲਕਾਰ ਤੋਂ ਅਗਾਂਹ ਵਧਿਆ ਸਿੱਧ ਨਹੀਂ ਹੁੰਦਾ, ਜਿਸ ਦੀ ਸ਼ੁਹਰਤ ਦੇ ਦੋ ਤਿੰਨ ਖ਼ਾਸ ਕਾਰਣ ਹਨ :-

1. ਪੰਜਾਬੀ ਵਿੱਚ ਹੋਰ ਨਾਵਲਕਾਰਾਂ ਦੀ ਅਣਹੋਂਦ (1947 ਈ. ਤੱਕ)

2. ਨਾਨਕ ਸਿੰਘ ਦਾ ਨਾਵਲ ਵਿੱਚ ਕਹਾਣੀ ਲਿਖਣ ਦਾ ਸੋਹਣਾ ਢੰਗ । ਕਹਾਣੀ ਦਾ ਚਸਕਾ ਆਮ ਲੋਕਾਂ ਪੜ੍ਹਿਆ, ਅਣ-ਪੜ੍ਹਿਆ, ਵਿਦਵਾਨਾਂ, ਬੱਚਿਆਂ, ਜਵਾਨਾਂ ਬੁੱਢਿਆਂ, ਇਸਤਰੀ, ਮਰਦ ਸਭ ਨੂੰ ਹੁੰਦਾ ਹੈ।

3. ਸਮੇਂ ਦੀ ਸਾਹਿਤਕ-ਲੋੜ ਦੀ ਨਬਜ ਨੂੰ ਪਛਾਣ ਕੇ ਲਿਖਣਾ ਇਹ ਨਾਨਕ ਸਿੰਘ ਦੀ ਰਚਨਾ ਦਾ ਖਾਸ ਨਿਸ਼ਾਨਾ ਰਿਹਾ ਹੈ। ਜਿਹੋ ਜਿਹੀ ਸਮਾਜ ਦੀ ਦਸ਼ਾ ਹੋਈ, ਪ੍ਰਚਲਿਤ ਤੇ ਪ੍ਰਧਾਨ ਸਮਾਜਕ ਸਮੱਸਿਆਵਾਂ ਅਨੁਸਾਰ ਵਿਸ਼ਾ ਚੁਣ ਲਿਆ। ਨਾਨਕ ਸਿੰਘ ਵੀ ਸਮਾਜ ਸੁਧਾਰ ਦੇ ਅਣਗਿਣਤ ਵਿਸ਼ਿਆ ਤੋਂ ਬਾਅਦ ਰੁਮਾਂਚਿਕ ਤੇ ਆਦਰਸ਼ਵਾਦੀ ਵਿਸ਼ੇ ਚੁਣਦਾ ਰਿਹਾ ਤੇ ਅਖੀਰ ਤੇ ਰਾਜਸੀ ਤੇ ਆਰਥਿਕ ਲੋੜਾਂ ਅਨੁਸਾਰ ਮਾਨਵਾਦੀ ਹੋ ਨਿਬੜਿਆ।

ਕਈ ਆਲੋਚਕ ਇਥੋ ਤੱਕ ਕਹਿੰਦੇ ਹਨ ਕਿ "ਨਾਨਕ ਸਿੰਘ ਦਾ ਇਕ ਨਾਵਲ ਪੜ੍ਹ ਲਿਆ, ਫਿਰ ਹੋਰ ਕੋਈ ਉਸ ਦਾ ਨਾਵਲ ਪੜਣ ਦੀ ਕੀ ਲੋੜ ਹੈ, ਸਾਰੇ ਇਕੋ ਜਿਹੇ ਹੀ ਤਾਂ ਹਨ। ਕਈ ਕਹਿੰਦੇ ਹਨ, ਉਸ ਨੂੰ ਮਨੋਵਿਗਿਆਨਕ ਸੂਝ ਨਹੀਂ ਤੇ ਨਾ ਹੀ ਪਾਤਰਾਂ ਦੀਆਂ ਮਨੋਵਿਗਿਆਨਕ ਸਮੱਸਿਆਵਾਂ ਦਾ ਵਿਸ਼ਲੇਸ਼ਣ ਕਰਦਾ ਹੈ। ਕਈ ਕਹਿੰਦੇ ਹਨ, ਉਸ ਵਿੱਚ ਵਿਦਿਆ ਦੀ ਘਾਟ ਹੈ, ਬੋਧਿਕਤਾ ਦੀ ਅਣਹੋਂਦ ਹੈ, ਕਲਾ ਸਿਧਾਂਤਾਂ ਦੀ ਸੋਝੀ ਨਹੀਂ, ਕਲਪਣਾ ਵਿਸ਼ਾਲ ਨਹੀਂ, ਸ਼ੈਲੀ ਦਾ ਕਮਾਨ ਨਹੀਂ। ਕਈ ਅਜਿਹੇ ਵੀ ਹਨ ਜੋ ਉਸ ਦੀ ਰਚਨਾ ਨੂੰ ਪੈਸੇ ਕਮਾਉਣ ਦਾ ਸਾਧਨ ਦਸਦੇ ਸਨ, ਨਾ ਕਲਾ ਕਲਾ ਲਈ, ਨਾ ਕਲਾ ਜੀਵਨ ਲਈ, ਸਗੋਂ ਕਲਾ ਪੈਸੇ ਲਈ। ਇਹ ਸਭ ਨੁਕਤਾਚੀਨੀ ਦੀਆਂ ਗੱਲਾਂ ਹਨ। ਨਾਨਕ ਸਿੰਘ ਨਾਲ ਉਹ ਬੇਇਨਸਾਫੀ ਦਾ ਵਰਤਾਉ ਕਰਦੇ ਹੋਏ ਆਪਣੀ ਹੀ ਤੁਛ-ਬੁੱਧੀ ਦਾ ਪ੍ਰਚਾਰ ਕਰਦੇ ਹਨ, ਕਿਉਂਕਿ ਪ੍ਰਤਿਭਾ ਦਾ ਸੂਰਜ ਕਦੀ ਅੱਨਿਆ ਦੇ ਉਹਲੇ ਨਹੀਂ ਛੁਪਦਾ।

ਨਾਨਕ ਸਿੰਘ ਤੋਂ ਛੁਟ ਪੰਜਾਬੀ ਦੇ ਮੁੱਢਲੇ ਨਾਵਲਕਾਰਾਂ ਵਿੱਚ 1947 ਈ. ਤੱਕ ਤਿੰਨ ਨਾਂ ਮਿਲਦੇ ਹਨ, ਭਾਈ ਵੀਰ ਸਿੰਘ, ਮੋਹਨ ਸਿੰਘ ਵੈਦ ਅਤੇ ਚਰਨ ਸਿੰਘ ਸ਼ਹੀਦ ਪਰ ਜਿੱਥੇ ਇਹ ਤਿੰਨੇ ਨਾਵਲ ਦੇ

ਮੋਢੀ ਰਹਿ ਗਏ, ਨਾਨਕ ਸਿੰਘ ਅੱਗੇ ਵੱਧ ਕੇ ਨਾਵਲ ਦਾ ਬਾਦਸ਼ਾਹ ਬਣ ਗਿਆ। ਪੰਜਾਬੀ ਨਾਵਲ ਦੇ ਮੈਦਾਨ ਦਾ ਵੱਡਾ ਤੇ ਇਕੋ ਇਕ ਸ਼ਾਹ ਸਵਾਰ ਨਾਨਕ ਸਿੰਘ ਹੈ। ਭਾਈ ਵੀਰ ਸਿੰਘ ਦੇ ਇਤਿਹਾਸਕ ਪਿਛੋਕੜ ਵਾਲੇ ਨਾਵਲ ਕੇਵਲ ਨਾਂ ਦੇ ਹੀ ਨਾਵਲ ਹਨ, ਨਾ ਉਨ੍ਹਾਂ ਵਿੱਚ ਪਾਤਰ ਉਸਾਰੀ, ਨਾ ਪਲਾਟ, ਨਾ ਸੁਭਾਵਕਤਾ । ਮੋਹਨ ਸਿੰਘ ਵੈਦ ਅਤੇ ਚਰਨ ਸਿੰਘ ਸ਼ਹੀਦ ਦੇ ਨਾਵਲਾਂ ਦਾ ਵੀ ਕੇਵਲ ਢਾਂਚਾ ਹੀ ਨਾਵਲ ਦਾ ਹੈ, ਜਿੰਦ ਜਾਨ ਕੋਈ ਨਹੀਂ। ਚੰਗੇ ਨਾਵਲ ਦੇ ਗੁਣਾਂ ਦੀ ਉਨ੍ਹਾਂ ਵਿੱਚ ਕਾਫ਼ੀ ਹਦ ਤੱਕ ਅਣਹੋਂਦ ਹੀ ਹੈ। ਹੁਣ 1947 ਈ. ਤੋਂ ਬਾਅਦ ਕਈ ਨਵੇਂ ਨਾਵਲਕਾਰ ਉਪਜੇ ਹਨ ਪਰ ਉਨ੍ਹਾਂ ਵਿੱਚੋਂ ਬਹੁਤੇ ਕੇਵਲ ਨਾਵਲ ਲਿਖਣ ਲਈ ਹੀ ਨਾਵਲ ਰਚਦੇ ਹਨ, ਸੁਭਾਵਕਤਾ ਕੋਈ ਨਹੀਂ, ਪਰ ਅਜੇ ਤੱਕ ਨਾਨਕ ਸਿੰਘ ਦੀ ਥਾਂ ਲੈਣ ਵਾਲਾ ਕੋਈ ਨਹੀਂ ਜਾਪਦਾ। ਸੁਰਿੰਦਰ ਸਿੰਘ ਨਰੂਲਾ, ਨਰਿੰਦਰਪਾਲ, ਅੰਮ੍ਰਿਤਾ ਪ੍ਰੀਤਮ, ਜਸਵੰਤ ਸਿੰਘ ਕੰਵਲ ਅਤੇ ਮਹਿੰਦਰ ਸਿੰਘ ਸਰਨਾ ਨੇ ਕੁਝ ਨਾਵਲ ਥੋੜੇ ਸਮੇਂ ਵਿੱਚ ਹੀ ਲਿਖੇ ਹਨ। ਪਲਾਟ, ਕਹਾਣੀ ਦਾ ਰਸ, ਪਾਤਰ ਉਸਾਰੀ, ਸੁਭਾਵਕਤਾ, ਤਕਨੀਕ ਆਦਿ ਵਿੱਚ ਅਜੇ ਤੱਕ ਕੋਈ ਹੋਰ ਨਾਵਲਕਾਰ ਨਾਨਕ ਸਿੰਘ ਦੇ ਟਾਕਰੇ ਦਾ ਨਹੀਂ।

ਸਾਡੇ ਵਿਚਾਰ ਅਨੁਸਾਰ, ਨਾਨਕ ਸਿੰਘ ਪੰਜਾਬੀ ਦਾ ਸਭ ਤੋਂ ਵੱਡਾ ਨਾਵਲਕਾਰ ਅਤੇ ਇਕ ਮਹਾਨ ਸਾਹਿਤਕਾਰ ਹੈ। ਉਸ ਨੂੰ ਜੀਵਨ ਤੇ ਕੁਦਰਤ ਦੀ ਅਥਾਹ ਪਾਠਸ਼ਾਲਾ ਵਿੱਚੋਂ ਬਹੁਤ ਕੁਝ ਬੁੱਧੀ, ਸੂਝ ਅਤੇ ਗਿਆਨ ਮਿਲਿਆ ਹੈ। ਉਹ ਸਹਿਜ ਸੁਭਾ ਲਿਖਦਾ ਹੈ, ਪਰ ਫਿਰ ਵੀ ਕਲਾ ਦੇ ਆਸ਼ੇ ਤੋਂ ਪੂਰਾ ਉਤਰਦਾ ਹੈ। ਉਹ ਇਕ ਸੁਚੱਜਾ ਕਲਾਕਾਰ ਹੈ ਉਸ ਨੇ ਪੰਜਾਬੀ ਸਾਹਿਤ ਨੂੰ ਚਿੱਟਾ ਲਹੂ, ਅੱਧ ਖਿੜਿਆ ਫੁੱਲ, ਜੀਵਨ ਸੰਗਰਾਮ, ਪਵਿੱਤਰ ਪਾਪੀ, ਮੰਝਧਾਰ, ਚਿੱਤਰਕਾਰ ਆਦਿ ਅਦੁਤੀ ਨਾਵਲ ਦਿੱਤੇ ਹਨ। ਇਸ ਤੋਂ ਛੁਟ ਪੰਜਾਬੀ ਦੀਆਂ ਕੁਝ ਸਭ ਤੋਂ ਚੰਗੀਆਂ ਕਹਾਣੀਆਂ ਵੀ ਉਸ ਨੇ ਲਿਖਿਆਂ ਹਨ। ਉਹ ਪੰਜਾਬੀ ਨਾਵਲ ਤੇ ਛੋਟੀ ਕਹਾਣੀ ਦਾ ਮੋਢੀ ਰਿਹਾ ਹੈ। ਉਸ ਦੇ ਨਾਵਲਾਂ ਵਿੱਚ ਕੁਝ ਅਮਰ ਇਸਤਰੀ ਪਾਤਰ ਜਾਂ ਨਾਇਕਾਵਾਂ ਦੇ ਚਿੱਤਰ ਮਿਲਦੇ ਹਨ। ਕਹਾਣੀ ਦੀ ਰੋਚਕਤਾ ਵਿੱਚ ਉਸ ਦਾ ਮੁਕਾਬਲਾ ਸ਼ਾਇਦ ਹੀ ਹੋਰ ਕੋਈ ਨਾਵਲਕਾਰ ਕਰ ਸਕੇ। ਉਸ ਦੀ ਕਲਾ ਵੀ ਕਈ ਪੜਾਵਾਂ ਤੋਂ ਲੰਘਦੀ ਤੇ ਵਿਕਾਸ ਕਰਦੀ ਰਹੀ ਹੈ।

### 4.4 **Summary** (ਨਿਸ਼ਕਰਸ਼) :

ਨਾਨਕ ਸਿੰਘ ਦੀ ਪੰਜਾਬੀ ਨਾਵਲ ਨੂੰ ਸਭ ਤੋਂ ਵੱਡੀ ਦੇਣ ਇਹ ਰਹੀ ਕਿ ਉਸਨੇ ਇਸ ਸਾਹਿਤ ਰੂਪ ਨੂੰ ਧਾਰਮਿਕ ਦਾਇਰੇ ਵਿੱਚੋਂ ਕੱਢ ਕੇ ਸੈਕੂਲਰ ਖੇਤਰ ਵਿੱਚ ਲਿਆਦਾਂ ਹੈ। ਉਸਨੇ ਨਾਵਲ ਵਾਸਤੇ ਪਾਠਕਾਂ ਦਾ ਇਕ ਬਹੁਤ ਵੱਡਾ ਵਰਗ ਪੈਦਾ ਕੀਤਾ। ਲੋਕਾਂ ਨੂੰ ਕਿਤਾਬਾਂ ਨਾਲ ਦੋਸਤੀ ਕਰਨੀ ਸਿਖਾਈ ਨਾਨਕ ਸਿੰਘ ਕਿਸੇ ਵਾਸਤਵਿਕ ਘਟਨਾ ਪ੍ਰਬੰਧ ਨੂੰ ਆਪਣੇ ਨਾਵਲਾਂ ਦਾ ਵਿਸ਼ਾ ਨਹੀਂ ਬਣਾਉਂਦਾ। ਉਹ

ਕਿਸੇ ਇਕ-ਅੱਧ ਅੰਸ਼ ਨੂੰ ਚੁਣ ਕੇ ਉਸ ਦੇ ਦੁਆਲੇ ਆਪਣੇ ਘਟਨਾ ਪ੍ਰਬੰਧ ਨੂੰ ਉਸਾਰਦਾ ਹੈ, ਜਿਵੇਂ 'ਚਿੱਟਾ ਲਹੂ' (1932) ਵਿੱਚ ਉਹ ਸਾਡੇ ਸਮਾਜ ਦੇ ਜਿਸ ਵਿਕਾਰ ਨੂੰ ਕਥਾ-ਵਸਤੂ ਦਾ ਆਧਾਰ ਬਣਾਉਂਦਾ ਹੈ, ਜਿਹੜਾ ਵਿਧਵਾ ਦੀ ਸਥਿਤੀ ਨਾਲ ਸੰਬੰਧਿਤ ਹੈ, ਜਿਸਦੇ ਪ੍ਰਤੀਕਰਮ ਵਜੋਂ ਉਹ ਵੇਸਵਾ ਬਣ ਜਾਂਦੀ ਹੈ। 'ਅਧਖਿੜਿਆ ਫੁੱਲ' ਵਿੱਚ ਵੀ ਇਹੀ ਵਿਸ਼ਾ ਪੇਸ਼ ਹੋਇਆ ਹੈ । 'ਗਰੀਬ ਦੀ ਦੁਨੀਆਂ (1937), 'ਪਵਿੱਤਰ ਪਾਪੀ' (1941), 'ਜੀਵਨ ਸੰਗਰਾਮ' (1943) 'ਧੁੰਦਲੇ ਪਰਛਾਵੇਂ (1944), ਟੁੱਟੀ ਵੀਣਾ' (1946), 'ਗੰਗਾਜਲੀ ਵਿੱਚ ਸ਼ਰਾਬ' (1946), 'ਮਝੰਧਾਰ' (1949), 'ਆਦਮਖੋਰ' (1950), 'ਚਿਤਰਕਾਰ' (1950), 'ਪਿਆਰ ਦੀ ਦੁਨੀਆਂ', 'ਕੱਟੀ ਹੋਈ ਪਤੰਗ' (1951), ਸੰਗਮ (1954), ਅਤੇ ਗਗਨ ਦਮਾਮਾ ਬਾਜਿਓ' (1968) ਉਸਦੇ ਕੁੱਝ ਹੋਰ ਪ੍ਰਮੁੱਖ ਨਾਵਲ ਹਨ। ਨਾਨਕ ਸਿੰਘ ਦੀ ਪੰਜਾਬੀ ਨਾਵਲ ਨੂੰ ਮਹੱਤਵਪੂਰਨ ਦੇਣ ਇਹ ਹੈ ਕਿ ਉਸ ਨੇ ਆਪਣੇ 40 ਵਰ੍ਹਿਆਂ ਦੇ ਰਚਨਾਤਮਕ ਕਾਲ ਵਿੱਚ ਪੰਜਾਬੀ ਸਾਹਿਤ ਨੂੰ 46 ਨਾਵਲ ਦਿੱਤੇ। ਇਹ ਸਾਹਿਤਿਕ ਯਾਤਰਾ 'ਮਤਰੇਈ ਮਾਂ' (1928) ਨਾਲ ਸ਼ੁਰੂ ਹੋਈ ਅਤੇ 'ਗਗਨ ਦਮਾਮਾ ਬਾਜਿਓ' (1968) ਨਾਲ ਸੰਪੂਰਨ ਹੋਈ । ਉਸ ਨੇ ਪੰਜਾਬੀ ਨਾਵਲ ਨੂੰ ਮੱਧ ਸ਼੍ਰੇਣੀ ਦੇ ਸਰੋਕਾਰਾਂ ਨਾਲ ਜੋੜਿਆ। ਇਹ ਸ਼੍ਰੇਣੀ ਸਮਾਜਿਕ ਅਤੇ ਆਰਥਿਕ ਸਮੱਸਿਆਵਾਂ ਬਾਰੇ ਅਤਿਚੇਤੰਨ ਰਹਿੰਦੀ ਹੈ ਅਤੇ ਜੀਵਨ ਦੇ ਨਾਜ਼ੁਕ ਪਹਿਲੂਆਂ ਨੂੰ ਲੋਕਲਾਜ ਦੇ ਆਵਰਣ ਦੁਆਰਾ ਕੱਜਣ ਦੇ ਆਹਰ ਵਿੱਚ ਰਹਿੰਦੀ ਹੈ। ਉਸ ਦੇ ਨਾਵਲ ਵੀਹਵੀਂ ਸਦੀ ਦੇ ਪੰਜਾਬ ਦੇ ਇਤਿਹਾਸ ਅਤੇ ਸਭਿਆਚਾਰ ਦਾ ਦਰਪਣ ਹਨ। ਸਿੰਘ ਸਭਾ ਲਹਿਰ (ਚਿੱਟਾ ਲਹੂ), ਆਰੀਆ ਸਮਾਜ ਲਹਿਰ (ਫੌਲਾਦੀ ਫੁੱਲ, ਕਾਗਤਾਂ ਦੀ ਬੇੜੀ), ਕਾਂਗਰਸ ਅਤੇ ਸੋਸ਼ਲਿਸਟ ਪਾਰਟੀਆਂ ਦੇ ਰਾਜਨੀਤਕ ਅੰਦੋਲਨ (ਪਿਆਰ ਦੀ ਦੁਨੀਆਂ, ਗਰੀਬ ਦੀ ਦੁਨੀਆਂ, ਟੁੱਟੀ ਵੀਣਾ), ਦੇਸ਼ ਵੰਡ ਦਾ ਸੰਤਾਪ (ਖੂਨ ਦੇ ਸੋਹਿਲੇ, ਅੱਗ ਦੀ ਖੇਡ), ਸ਼ਰਨਾਰਥੀਆਂ ਦੀਆਂ ਸਮੱਸਿਆਵਾਂ (ਚਿੱਤਰਕਾਰ, ਮੰਝਧਾਰ), ਪੰਜਾਬੀ ਸੂਬੇ ਦੀ ਜਦੋਜਹਿਦ ਅਤੇ ਰਾਜਸੀ ਨੇਤਾਵਾਂ ਵੱਲੋਂ ਫੈਲਾਈ ਫ਼ਿਰਕਾਪ੍ਰਸਤੀ (ਬੰਜਰ, ਪੁਜਾਰੀ) ਆਦਿ ਗਤੀਵਿਧੀਆਂ ਅਤੇ ਇਨ੍ਹਾਂ ਨਾਲ ਜੁੜੀਆਂ ਸਮੱਸਿਆਵਾਂ ਦਾ ਨਿਰੂਪਣ ਨਾਨਕ ਸਿੰਘ ਦੇ ਨਾਵਲਾਂ ਵਿੱਚ ਬੜੇ ਪ੍ਰਮਾਣਕ ਅੰਦਾਜ਼ ਵਿੱਚ ਹੋਇਆ ਹੈ। ਨਾਨਕ ਸਿੰਘ ਪੰਜਾਬੀ ਦਾ ਸਭ ਤੋਂ ਵੱਧ ਲੋਕਪ੍ਰਿਯ ਨਾਵਲਕਾਰ ਹੈ।

## 4.5 Glossory/Keywords (ਔਖੇ ਸ਼ਬਦਾਂ ਦੇ ਅਰਥ)

ਫਿਰਕਾਪ੍ਰਸਤੀ - ਸੰਪਰਦਾਇਕਤਾ

ਦ੍ਰਿਸ਼ਟੀਕੋਣ - ਵੇਖਣ ਦਾ ਨਜ਼ਰੀਆ

ਸਿਰਜਣਾਤਮਕ - ਰਚਨਾਤਮਕ

ਅਨੁਕਰਣ - ਨਕਲ, ਪੈਰਵੀ

ਪ੍ਰਤਿਨਿਧ- ਆਪਣੀ ਥਾਂ ਤੇ ਮੁੱਖਰੱਰ ਕੀਤਾ ਹੋਇਆ

## 4.6 Self-Assesment Questions (SAQ)

1. ਨਾਵਲਕਾਰ ਨਾਨਕ ਸਿੰਘ ਨੇ ਪੰਜਾਬੀ ਸਾਹਿਤ ਦੇ ਕਿਹੜੇ ਰੂਪਾਂ ਨੂੰ ਛੋਹਿਆ।

2. ਨਾਵਲਕਾਰ ਨਾਨਕ ਸਿੰਘ ਦੇ ਕਿੰਨੇ ਕਹਾਣੀ ਸੰਗ੍ਰਹਿ ਹਨ।

3. ਨਾਵਲਕਾਰ ਨਾਨਕ ਸਿੰਘ ਦੀ ਸਵੈ-ਜੀਵਨੀ ਦਾ ਕੀ ਨਾਂ ਹੈ।

**4.7 Suggestive learning** : ਵਿਦਿਆਰਥੀ ਇਸ ਨਾਵਲ ਤੋਂ ਇਲਾਵਾ ਪੰਜਾਬੀ ਨਾਵਲ ਆਲੋਚਣਾ ਦੇ ਨਾਲ ਸੰਬੰਧਤ ਪੁਸਤਕਾਂ ਪੜ੍ਹਣ ।

## 4.8 References


1. ਜੀਤ ਸਿੰਘ ਸ਼ੀਤਲ, ਨਾਨਕ ਸਿੰਘ ਜੀਵਨ ਤੇ ਰਚਨਾ, ਪੰਜਾਬੀ ਯੂਨੀਵਰਸਿਟੀ ਪਟਿਆਲਾ

2. ਬ੍ਰਹਮਜਗਦੀਸ਼ ਸਿੰਘ, ਨਾਨਕ ਸਿੰਘ ਦੀ ਜੀਵਨ ਰਚਨਾ, ਰੂਹੀ ਪ੍ਰਕਾਸ਼ਨ ਅਮ੍ਰਿਤਸ


-----o-----

Unit- 1 (ਪੰਜਾਬੀ ਨਾਵਲ) **Lesson : 5**

**Title : (ਇਕ ਮਿਆਨ ਦੋ ਤਲਵਾਰਾਂ ਨਾਵਲ ਦੇ ਆਧਾਰ ਤੇ ਨਾਨਕ ਸਿੰਘ ਦੀ ਨਾਵਲ ਕਲਾ)**

**Structure :**

**5.1 Objective (ਉਦੇਸ਼)**

**5.2 Inroduction (ਜਾਣ-ਪਛਾਣ)**

**5.3 Headings (ਇਕ ਮਿਆਨ ਦੋ ਤਲਵਾਰਾਂ ਦੇ ਆਧਾਰ ਤੇ ਨਾਨਕ ਸਿੰਘ ਦੀ ਨਾਵਲ ਕਲਾ)**

**5.4 Summary (ਨਿਸ਼ਕਰਸ਼)**

**5.5 Glossory/Keywords (ਔਖੇ ਸ਼ਬਦਾਂ ਦੇ ਅਰਥ)**

**5.6 Self-Assesment Questions (SAQ)**

**5.7 Suggestive learning**

**5.8 References**

## 5.1 ਉਦੇਸ਼ (Objectives)

ਨਾਨਕ ਸਿੰਘ ਦਾ ਪੰਜਾਬੀ ਨਾਵਲ ਦੇ ਖੇਤਰ ਵਿੱਚ ਉੱਘਾ ਸਥਾਨ ਹੈ। ਉਸ ਨੇ ਜਿੱਥੇ ਪੰਜਾਬੀ ਦੇ ਹੁਣ ਤੱਕ ਦੇ ਨਾਵਲਕਾਰਾਂ ਵਿੱਚੋਂ ਸਭ ਤੋਂ ਜ਼ਿਆਦਾ ਨਾਵਲ ਲਿਖੇ ਹਨ, ਉਥੇ ਨਾਲ ਹੀ ਉਸ ਨੇ ਆਪਣੀ ਵਿਸ਼ੇਸ਼ ਨਾਵਲ ਕਲਾ ਰਾਹੀਂ ਆਉਣ ਵਾਲੇ ਨਾਵਲਕਾਰਾਂ ਨੂੰ ਪ੍ਰਭਾਵਿਤ ਕੀਤਾ ਹੈ। ਨਾਨਕ ਸਿੰਘ ਨੇ ਨਾਵਲ ਦੀ ਕਲਾ ਨੂੰ ਆਪਣੇ ਸਮੇਂ ਵਿੱਚ ਪਛਾਣ ਕੇ ਇਸ ਢੰਗ ਨਾਲ ਅਪਣਾਉਣਾ ਸ਼ੁਰੂ ਕੀਤਾ ਕਿ ਉਸ ਦੇ ਨਾਵਲਾਂ ਨਾਲ ਪੰਜਾਬੀ ਨਾਵਲ ਦਾ ਅਸਤ੍ਰਿਤਵ ਕਾਇਮ ਹੋ ਗਿਆ।

## 5.2 ਜਾਣ-ਪਛਾਣ (Introduction)

ਨਾਨਕ ਸਿੰਘ ਇਕ ਸਮਾਜ ਸੁਧਾਰਕ ਹੈ ਅਤੇ ਉਸ ਨੇ ਆਪਣੇ ਨਾਵਲਾਂ ਵਿੱਚ ਮਨੁੱਖ ਅਤੇ ਸਮਾਜ ਦੀਆਂ ਸਮੱਸਿਆਵਾਂ ਨੂੰ ਭਰਵੇਂ ਰੂਪ ਵਿੱਚ ਬਿਆਨ ਕੀਤਾ ਹੈ ਨਾਨਕ ਸਿੰਘ ਨੇ ਇਸਤਰੀ ਜਾਤੀ ਦੀਆਂ ਸਮੱਸਿਆਵਾਂ, ਪਿਆਰ, ਛੂਤਛਾਤ, ਧਾਰਮਿਕ ਪਖੰਡ, ਧਾਰਮਿਕ ਫ਼ਿਰਕਾਪ੍ਰਸਤੀ, ਸਾਧਾਂ ਦੇ ਭੇਖ, ਗਰੀਬੀ, ਸਰਮਾਏਦਾਰੀ ਦੀ ਲੁੱਟ, ਯਤੀਮਾਂ ਦੇ ਦੁਖੜੇ, ਵੰਡ ਦਾ ਕਹਿਰ, ਸਮਗਲਿੰਗ, ਦੇਸ਼ ਭਗਤੀ, ਭਰਿਸ਼ਟਾਚਾਰ ਆਦਿਕ ਸਭ ਤਰ੍ਹਾਂ ਦੀਆਂ ਸਮੱਸਿਆਵਾਂ ਨੂੰ ਆਪਣੇ ਨਾਵਲਾਂ ਵਿੱਚ ਥਾਂ ਦਿੱਤੀ ਹੈ। ਉਸ ਦਾ ਵਿਸ਼ੇ ਖੇਤਰ ਕਾਫੀ ਵਿਸ਼ਾਲ ਹੈ। ਉਸ ਨੇ ਹਰ ਸਮੱਸਿਆ ਨੂੰ ਆਪਣੇ ਨਾਵਲਾਂ ਦਾ ਵਿਸ਼ਾ ਬਣਾਕੇ ਇਕ ਚੇਤੰਨ ਕਲਾਕਾਰ ਹੋਣ ਦਾ ਸਬੂਤ ਦਿੱਤਾ ਹੈ।ਇਹ ਨਾਨਕ ਸਿੰਘ ਦਾ ਇਤਿਹਾਸਕ ਨਾਵਲ ਹੈ। ਪੰਜਾਬੀ ਨਾਵਲ ਦਾ ਮੁੱਢ ਵੀ ਇਤਿਹਾਸਕ ਨਾਵਲਾਂ ਤੋਂ ਇਸ ਦੀ ਕਹਾਣੀ ਉਨ੍ਹਾਂ ਵਤਨ ਦੇ ਪਿਆਰਿਆਂ ਨਾਲ ਸੰਬੰਧਤ ਹੈ ਜਿਨ੍ਹਾਂ ਨੇ ਆਪਣੇ ਦੇਸ਼ ਦੀ ਖਾਤਰ ਆਪਣੀ ਲੱਖਾਂ ਰੁਪਇਆਂ ਦੀ ਜਾਇਦਾਦ ਤੇ ਆਮਦਨ ਨੂੰ ਠੋਕਰ ਮਾਰ ਕੇ ਦੇਸ਼ ਨੂੰ ਆਜ਼ਾਦ ਕਰਾਉਣ ਦਾ ਬੀੜਾ ਉਦੋਂ ਚੁਕਿਆ ਸੀ ਜਦੋਂ ਦੇਸ਼ ਵਾਸੀਆਂ ਵਿੱਚ ਰਾਜਸੀ ਜਾਗ੍ਰਤੀ ਪੂਰੀ ਤਰ੍ਹਾਂ ਨਹੀਂ ਸੀ ਆਈ। ਇਹ ਵਾਕਿਆ 1914-15 ਦਾ ਹੈ। ਇਸ ਨਾਵਲ ਨੂੰ ਲਿਖਣ ਦਾ ਮੰਤਵ ਲੇਖਕ ਨੇ ਮੁੱਖ ਬੰਦ ਵਿੱਚ ਦਸਿਆ ਹੈ, ਬੜੀ ਦੇਰ ਤੋਂ ਮੇਰੀ ਇਹ ਇੱਛਾ ਸੀ ਇਕ ਇਨ੍ਹਾਂ ਸ਼ਹੀਦਾਂ ਦੀ ਬੇਕਦਰੀ ਕਰਨ ਦਾ ਤਿੱਖਾ ਜਿਹਾ ਮਿਹਣਾ ਮੈਂ ਆਪਣੇ ਦੇਸ਼ ਵਾਸੀਆਂ ਨੂੰ ਮਾਰਾਂ। ਜੇ ਅਸੀਂ ਉਨ੍ਹਾਂ ਦੀਆਂ ਬਰਸੀਆਂ ਨਹੀਂ ਮਨਾਉਂਦੇ ਤਾਂ ਘੱਟ ਤੋਂ ਘੱਟ ਉਨ੍ਹਾਂ ਨੂੰ ਯਾਦ ਕਰ ਕੇ ਇਕ 'ਹਉਕਾ' ਤਾਂ ਕਦੇ ਭਰਿਆ ਜਾ ਸਕਦਾ ਹੈ।

## 5.3 ਨਾਨਕ ਸਿੰਘ ਦੀ ਨਾਵਲ ਕਲਾ

ਨਾਨਕ ਸਿੰਘ ਦੀ ਜਿਥੇ ਵਿਸ਼ੇ ਚੋਣ ਕਾਫ਼ੀ ਮਹਤੱਵ ਵਾਲੀ ਹੈ, ਉਥੇ ਉਸ ਨੇ ਆਪਣੇ ਨਾਵਲਾਂ ਵਿੱਚ ਵਿਸ਼ਿਆਂ ਦੇ ਪ੍ਰਗਟਾਵੇ ਲਈ ਨਾਵਲ ਕਲਾ ਦਾ ਜਿਸ ਢੰਗ ਨਾਲ ਪ੍ਰਯੋਗ ਕੀਤਾ ਹੈ, ਉਹ ਵੀ ਖ਼ਾਸ ਧਿਆਨ ਮੰਗਦੀ ਹੈ। ਉਸ ਤੋਂ ਪਹਿਲਾ ਭਾਈ ਵੀਰ ਸਿੰਘ, ਭਾਈ ਮੋਹਨ ਸਿੰਘ ਵੈਦ, ਸ੍ਰ. ਚਰਨ ਸਿੰਘ ਸ਼ਹੀਦ, ਮਾਸਟਰ ਤਾਰਾ ਸਿੰਘ ਪੰਜਾਬੀ ਨਾਵਲ ਕਲਾ ਵਿੱਚ ਕੁਝ ਲੀਹਾਂ ਪਾ ਚੁੱਕੇ ਸਨ, ਪਰ ਨਾਨਕ ਸਿੰਘ ਨੇ ਨਾਵਲ ਵਿੱਚ ਮਨੁੱਖ ਤੇ ਸਮਾਜ ਦੇ ਸੁਧਾਰ ਨੂੰ ਥਾਂ ਦੇ ਕੇ ਇਕ ਵਿਸ਼ੇਸ਼ ਪ੍ਰਦਾਰ ਦੀ ਨਾਵਲ ਕਲਾ ਨੂੰ ਵਰਤਣਾ ਸ਼ੁਰੂ ਕੀਤਾ ਜਿਸ ਦੇ ਵੱਖ ਵੱਖ ਪੱਖਾਂ ਨੂੰ ਵਾਚਣਾ ਜ਼ਰੂਰੀ ਹੈ। ਨਾਵਲ ਇਕ ਮਿਆਨ ਦੋ ਤਲਵਾਰਾਂ ਨੂੰ ਨਾਨਕ ਸਿੰਘ ਨੇ ਤਿੰਨ ਹਿੱਸਿਆਂ ਵਿੱਚ ਵਿਭਾਜਿਤ ਕਰਕੇ ਪ੍ਰਸਤੁਤ ਕੀਤਾ ਹੈ। ਇਸ ਨਾਵਲ ਦੇ ਕੁੱਲ 44 ਕਾਂਡ ਹਨ, ਜਿਨ੍ਹਾਂ ਨੂੰ ਹੇਠ ਲਿਖੇ ਅਨੁਸਾਰ ਵੰਡਿਆਂ ਗਿਆ ਹੈ :-

ਭਾਗ ਪਹਿਲਾ : 1 ਤੋਂ 10 ਕਾਂਡ ਤੱਕ

ਭਾਗ ਦੂਜਾ : 11 ਤੋ 25 ਕਾਂਡ ਤੱਕ

ਭਾਗ ਤੀਜਾ : 26 ਤੋਂ 44 ਕਾਂਡ ਤੱਕ

ਨਾਵਲਕਾਰ ਨੇ ਇਸ ਰਚਨਾ ਦੇ ਬਿਰਤਾਂਤ ਨੂੰ ਉਪਰੋਕਤ ਹਿੱਸਿਆਂ ਵਿੱਚ ਵੰਡ ਕੇ ਕਾਲਪਨਿਕਤਾ ਅਤੇ ਇਤਿਹਾਸਕਤਾ ਦੇ ਸੁਮੇਲ ਦੁਆਰਾ ਨਾਵਲ ਦੀ ਉਸਾਰੀ ਦਾ ਉਪਰਾਲਾ ਕੀਤਾ ਹੈ। ਇਕ ਮਿਆਨ ਦੋ ਤਲਵਾਰਾਂ ਨਾਵਲ ਦਾ ਆਰੰਭ ਇਸਦੇ ਇਕ ਪਾਤਰ 'ਦਿਆਲੇ' ਦੇ ਪ੍ਰਵੇਸ਼ ਨਾਲ ਹੁੰਦਾ ਹੈ। ਨਾਵਲਕਾਰ ਨੇ ਇਸ ਅਧੂਰੇ ਨਾਮ ਵਾਲੇ ਪਾਤਰ ਦੇ ਵਿਅਕਤੀਤਵ ਨੂੰ ਵੀ ਅਧੂਰਾ ਹੀ ਦਰਸਾਇਆ ਹੈ। ਉਹ ਇਕ ਪਰ-ਨਿਰਭਰ ਪਾਤਰ ਹੈ, ਜਿਸ ਦੇ ਕੋਲ ਆਪਣਾ ਸ੍ਵੈਮਾਣ ਕਾਇਮ ਰੱਖਣ ਦੀ ਵੀ ਯੋਗਤਾ ਨਹੀਂ ਹੈ। ਉਹ ਚੇਤਨਾ-ਸੰਕਟ ਦਾ ਸ਼ਿਕਾਰ ਹੈ ਅਤੇ ਜੀਵਨ ਦੀ ਮੁੱਖ ਧਾਰਾ ਤੋਂ ਟੁੱਟਾ ਹੋਇਆ ਹੈ। ਇਸ ਦੇ ਨਾਲ ਹੀ ਉਹ ਸਾਧਨਹੀਂਣ ਵੀ ਹੈ। ਉਹ ਇਕ ਠਾਕੁਰਦੁਆਰੇ ਵਿੱਚ ਇਕ ਨਾਥ ਦੇ ਨਾਲ ਰਹਿੰਦਾ ਹੈ, ਪਰੰਤੂ ਨਾਥ ਨਾਲ ਵੀ ਉਸਦਾ ਰਿਸ਼ਤਾ ਤਨਾਉ/ਟਕਰਾਉ ਵਾਲਾ ਹੀ ਹੈ। ਉਸ ਦੇ ਨਾਮ ਨੂੰ ਉਸਦੀ ਵਸਤੂ ਸਥਿਤੀ ਦੇ ਸੰਦਰਭ ਵਿੱਚ ਰੱਖ ਕੇ ਨਾਵਲਕਾਰ ਨੇ ਇਸ ਪਾਤਰ ਦੀ ਵਿਡੰਬਨਾ ਨੂੰ ਉਜਾਗਰ ਕਰਨ ਦਾ ਜਤਨ ਕੀਤਾ ਹੈ। ਦਿਆਲਾ ਇਕ ਅੰਧ ਵਿਸ਼ਵਾਸੀ ਪਾਤਰ ਹੈ, ਜੋ ਕਿ ਆਪਣੀ ਮੁੱਕਤੀ ਦਾ ਮਾਧਿਅਮ ਬਾਬਾ ਜੀ (ਸੋਢੀ ਸੁਖ ਦੇਵ ਸਿੰਘ) ਨੂੰ ਹੀ ਸਮਝਦਾ ਹੈ। ਇਸ ਪ੍ਰਸੰਗ ਵਿੱਚ ਉਸਦੀ ਅਟੁੱਟ ਸ਼ਰਧਾ ਵੇਖੀ ਜਾ ਸਕਦੀ ਹੈ। ਦਿਆਲਾ ਭਾਵੇਂ ਅਧੂਰੇ ਵਿਅਕਤੀਤਿਵ ਦਾ ਮਾਲਕ ਹੈ, ਪਰੰਤੂ ਆਪਣੀ ਸਮਰੱਥਾ ਅਨੁਸਾਰ ਉਹ ਆਪਣੀ ਸਥਿਤੀ ਨੂੰ ਸੁਧਾਰਨ ਪ੍ਰਤੀ ਹਮੇਸ਼ਾ ਜਤਨਸ਼ੀਲ ਰਹਿੰਦਾ ਹੈ। ਇਸੇ ਕਾਰਣ ਇਕ ਦਿਨ ਉਹ ਠਾਕੁਰ ਦੁਆਰੇ ਵਿੱਚੋਂ ਨਿਕਲ ਕੇ ਫੌਜ ਵਿੱਚ ਭਰਤੀ ਹੋਣ ਲਈ 'ਬਾਬਾ ਜੀ' ਕੋਲ ਜਾ ਪਹੁੰਚਦਾ ਹੈ। ਇਸਦੇ ਪਿੱਛੇ ਨਾਨਕ ਸਿੰਘ ਦਾ ਸੁਧਾਰਵਾਦ ਦਾ ਸੂਤਰ ਕਾਰਜਸ਼ੀਲ ਹੈ, ਜਿਸ ਅਨੁਸਾਰ ਇਨਸਾਨ ਨੂੰ ਕੋਸ਼ਿਸ਼ ਕਰਕੇ ਅਤੇ ਚੰਗੇ ਵਾਤਾਵਰਣ ਵਿੱਚ ਰੱਖ ਕੇ ਬਦਲਿਆ ਜਾ ਸਕਦਾ ਹੈ। ਇਥੇ ਜ਼ਿਕਰਯੋਗ ਨੁਕਤਾ ਇਹ ਹੈ ਕਿ ਆਮ ਤੌਰ ਉਤੇ ਨਾਨਕ ਸਿੰਘ ਦੇ ਪਾਤਰਾਂ ਵਿੱਚ ਬੁਨਿਆਦੀ ਤਬਦੀਲੀ ਨਹੀਂ ਵਾਪਰਦੀ, ਬਲਕਿ ਉਹਨਾਂ ਵਿੱਚ ਆਈ ਤਬਦੀਲੀ ਉਸਦੇ ਸੁਧਾਰਵਾਦ ਦੇ ਸੂਤਰ ਦੀ ਹੀ ਪੂਰਕ ਹੁੰਦੀ ਹੈ। ਨਾਵਲ ਦੇ ਬਿਰਤਾਂਤ ਵਿੱਚ ਦਿਆਲੇ ਦਾ ਪਤਰ ਵੀ ਸੁਧਾਰ ਦੀ ਦਿਸ਼ਾ ਵੱਲ ਵਧਦਾ ਵੇਖਿਆ ਜਾ ਸਕਦਾ ਹੈ। ਦਿਆਲੇ ਦੀ 'ਬਾਬਾ ਜੀ' ਪ੍ਰਤੀ ਅਟੁੱਟ ਸ਼ਰਧਾ ਅਤੇ ਅੰਧ ਵਿਸ਼ਵਾਸ ਨੂੰ ਦਰਸਾਉਣ ਦਾ ਇਕ ਹੋਰ ਪ੍ਰਯੋਜਨ ਉਸ ਸਮੇਂ ਵਿੱਚ ਵਿਆਪਕ ਪੱਧਰ ਉਪਰ ਫੈਲੇ ਗੁਰੂਡੰਮ ਦੀ ਆਲੋਚਨਾ ਕਰਨਾ ਵੀ ਹੈ। ਧਰਮ-ਸ਼ਾਸਤਰੀਆਂ ਅਨੁਸਾਰ ਧਰਮ ਦੇ ਦੋ ਰੂਪ ਹੁੰਦੇ ਹਨ :-

ੳ) ਧਰਮ ਦਾ ਤਾਤਵਿਕ ਰੂਪ

ਅ) ਧਰਮ ਦਾ ਸੰਸਥਾਗਤ ਰੂਪ

ਏਥੇ ਨਾਨਕ ਸਿੰਘ ਨੇ ਧਰਮ ਦੇ ਵਿਕ੍ਰਿਤ ਸੰਸਥਾਗਤ ਰੂਪ ਨੂੰ ਆਲੋਚਨਾਤਮਕ ਦ੍ਰਿਸ਼ਟੀ ਤੋ ਸਾਹਮਣੇ ਲਿਆਉਣ ਦਾ ਜਤਨ ਕੀਤਾ ਹੈ ਕਿ ਕਿਵੇਂ ਉਸ ਸਮੇਂ ਦੇ ਧਾਰਮਿਕ ਵਿਅਕਤੀ 'ਗੁਰੂਡੰਮ' ਦੀ ਪ੍ਰਥਾ ਦੁਆਰਾ ਧਰਮ ਦੇ ਆਧਾਰ ਉਤੇ ਆਮ ਜਨਤਾ ਦਾ ਮਾਨਸਿਕ ਅਤੇ ਆਰਥਿਕ ਸ਼ੋਸ਼ਣ ਕਰਦੇ ਸਨ। ਨਾਵਲਕਾਰ ਅਨੁਸਾਰ ਕੇਵਲ ਜਾਤ ਜਾਂ ਧਰਮ ਕਰਕੇ ਹੀ ਬੰਦਾ ਚੰਗਾਂ ਜਾਂ ਮਾੜਾ ਨਹੀਂ ਹੁੰਦਾ, ਬਲਕਿ ਜਿੰਨਾ ਚਿਰ ਜ਼ਾਤ ਜਾਂ ਧਰਮ ਦਾ ਸੰਦਰਭ ਕਰਮ ਨਾਲ ਨਹੀਂ ਜੁੜਦਾ, ਉਸਨੂੰ ਮਾਨਵੀ ਦ੍ਰਿਸ਼ਟੀ ਤੋਂ ਪ੍ਰਮਾਣਿਕ ਨਹੀਂ ਮੰਨਿਆ ਜਾ ਸਕਦਾ। ਇਸ ਪਾਤਰ ਦਾ ਅਸਲ ਪ੍ਰਯੋਜਨ ਬਿਰਤਾਂਤ ਦੇ ਅਗਲੇਰੇ ਹਿੱਸੇ ਵਿੱਚ ਜਾ ਕੇ ਪ੍ਰਗਟ ਹੁੰਦਾ ਹੈ। ਇਸ ਪਾਤਰ ਦੇ ਮਨ ਦੀ ਕਿਸੇ ਤਹਿ ਵਿੱਚ ਦੇਸ਼ ਪ੍ਰੇਮ ਲੁਕਿਆ ਹੋਇਆ ਹੈ ਜੋ ਕਿ ਉਸਦੇ ਆਪਣੇ ਇਲਾਕੇ ਜਿਹਲਮ ਦੀ ਪ੍ਰਕਿਰਤੀ ਨਾਲ ਲਗਾਉ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ। ਇਸੇ ਲਈ ਅਗਾਂਹ ਜਾ ਕੇ ਇਸ ਪਾਤਰ ਦੀ ਧਾਰਮਿਕ ਅੰਧ ਵਿਸ਼ਵਾਸ ਰਾਹੀਂ ਮੁੱਕਤੀ ਦੀ ਆਸਥਾ ਦੇਸ਼ ਭਗਤੀ ਦੇ ਭਾਵ ਵਿੱਚ ਪਰਿਵਰਤਿਤ ਹੋ ਜਾਂਦੀ ਹੈ। ਇਸ ਤਰ੍ਹਾਂ ਇਹ ਪਾਤਰ ਪਹਿਲਾਂ ਨਾਵਲ ਵਿੱਚ ਭਾਵੇਂ ਗਤੀਹੀਣ ਮੋਟਿਫ਼ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ, ਪਰੰਤੂ ਬਾਅਦ ਵਿੱਚ ਸੰਦਰਭ ਪਰਿਵਰਤਨ ਦੁਆਰਾ ਇਕ ਗਤੀਸ਼ੀਲ ਮੋਟਿਫ ਹੋ ਨਿੱਬੜਦਾ ਹੈ।

ਇਸ ਤੋਂ ਪਹਿਲਾਂ ਨਾਵਲਕਾਰ ਨੇ ਜਾਗੀਰਦਾਰਾਂ, ਧਰਮ ਅਤੇ ਅੰਗਰੇਜ਼ੀ ਸਾਮਰਾਜ ਦੇ ਅਣਉਚਿਤ ਗੱਠਜੋੜ ਨੂੰ ਆਲੋਚਨਾਤਮਕ ਦ੍ਰਿਸ਼ਟੀ ਤੋਂ ਪਰਖਿਆ ਹੈ। ਇਸ ਦੇ ਹਵਾਲੇ ਇਸ ਨਾਵਲ ਦੇ ਬਿਰਤਾਂਤ ਵਿੱਚੋ ਵੀ ਮਿਲਦੇ ਹਨ। ਖਾਸ ਕਰਕੇ ਜਿਹੜੇ ਗੁਰੂਬੰਸ-ਧਾਰੀ ਪੜ੍ਹੇ ਲਿਖੇ ਅਤੇ ਵਧੇਰੇ ਚਲਦੇ ਪੁਰਜ਼ੇ ਸਨ, ਉਹਨਾਂ ਨੇ ਸਰਕਾਰੇ ਦਰਬਾਰੇ ਚੋਖਾ ਥਾਂ ਬਣਾ ਲਿਆ। ਅੰਗੇਰਜ਼ੀ ਹਕੂਮਤ ਨੂੰ ਐਸੇ ਦੇਸੀ ਆਦਮੀਆਂ ਦੀ ਹਮੇਸ਼ਾਂ ਲੋੜ ਰਹਿੰਦੀ ਸੀ, ਜਿਨ੍ਹਾਂ ਦੇ ਮਗਰ ਅੰਧ-ਵਿਸ਼ਵਾਸੀ ਕਿਸਮ ਦੀ ਕੋਈ ਜਮਾਤ ਹੋਵੇ-ਅਜਿਹੇ ਲੋਕਾਂ ਉਤੇ ਖਾਸ ਤੌਰ ਉਤੇ ਹਕੂਮਤ ਦੀ ਮਿਹਰਬਾਨੀ ਸੀ। 'ਸਰ ਬਾਬਾ ਖੇਮ ਸਿੰਘ' ਅਤੇ 'ਸਰ ਆਗਾ ਖਾਂ' ਆਦਿ ਵੱਡੀਆਂ ਸੰਪਰਦਾਵਾਂ ਦੇ ਬਾਨੀ ਏਸੇ ਮਹਾਨਤਾ ਕਾਰਣ ਸਰਕਾਰ ਦੇ ਦਰੋਂ ਘਰੋਂ ਵਰਸੋਏ ਜਾਂਦੇ ਰਹੇ ਸਨ। ਇਸ ਤਰ੍ਹਾਂ ਸਮਾਂ ਪਾ ਕੇ ਇਨ੍ਹਾਂ ਗੁਰੂ ਬੰਸ ਧਾਰੀਆਂ ਲਈ ਸਿੱਖੀ ਸੇਵਕੀ ਦੀ ਪ੍ਰਥਾ, ਸੋਨੇ ਦੇ ਆਂਡੇ ਦੇਣ ਵਾਲੀ ਮੁਰਗੀ ਬਣ ਨਿੱਬੜੀ, ਜਿਸਦੀ ਸਾਂਭ ਸੰਭਾਲ ਲਈ ਇਹ ਲੋਕ ਆਪਣੇ ਸਿੱਖੀ ਸੇਵਕੀ ਦੇ ਦਾਇਰੇ ਨੂੰ ਵਧਾਣ ਲਈ ਦਿਨ-ਰਾਤ ਜੁੱਟੇ ਰਹਿੰਦੇ ਸਨ।

ਇਸ ਪ੍ਰਸੰਗ ਵਿੱਚ ਨਾਨਕ ਸਿੰਘ ਨੇ ਭਾਰਤੀ ਉਪ-ਮਹਾਂਦੀਪ ਵਿੱਚ ਧਰਮ ਅਤੇ ਸਿਆਸਤ ਦੇ

ਆਪਸੀ ਸਬੰਧਾਂ ਨੂੰ ਵਿਸ਼ਲੇਸ਼ਣਕਾਰੀ ਦ੍ਰਿਸ਼ਟੀ ਤੋਂ ਘੋਖਣ ਦਾ ਜਤਨ ਕੀਤਾ ਹੈ। ਇਸ ਨਾਵਲ ਵਿੱਚ ਗੁਰੁਡੰਮ ਦੀ ਪ੍ਰਤੀਨਿਧਤਾ ਕਰਨ ਵਾਲਾ ਪਾਤਰ ਸੋਢੀ ਸੁਖਦੇਵ ਸਿੰਘ ਹੈ। ਇਹ ਪਾਤਰ ਪੰਜਾਬ ਦੀ ਉਸ ਪਰੰਪਰਾ ਨਾਲ ਤਾਅੱਲੁਕ ਰੱਖਦਾ ਹੈ, ਜਿਸਦਾ ਰੋਲ ਪੰਜਾਬ ਦੇ ਇਤਿਹਾਸ ਵਿੱਚ ਅਗਰਗਾਮੀ ਮੰਨਿਆ ਗਿਆ ਹੈ। ਇਸ ਪਰੰਪਰਾ ਨੇ ਸ਼ੋਸ਼ਿਤ ਵਰਗਾਂ ਦੀ ਹਮਾਇਤ ਕੀਤੀ ਅਤੇ ਧਰਮ ਦੇ ਸਹੀ ਤਾਤਵਿਕ ਸਰੂਪ ਨੂੰ ਉਘਾੜਨ ਦਾ ਜਤਨ ਕੀਤਾ, ਪਰੰਤੂ ਇਸ ਪਰੰਪਰਾ ਦੇ ਵਰਗਾਂ ਜਾਂ ਸੰਸਥਾਵਾਂ ਨੇ ਆਪਣੇ ਸੁਆਰਥੀ ਹਿੱਤਾਂ ਲਈ ਇਸ ਪਰੰਪਰਾ ਦੇ ਬੁਨਿਆਦੀ ਨੇਮਾਂ ਨੂੰ ਇਕ ਪਾਸੇ ਰੱਖ ਕੇ ਇਸ ਨੂੰ ਅਜਿਹਾ ਪੁੱਠਾ ਗੇੜ ਦਿੱਤਾ ਕਿ ਇਹ ਸ਼ੋਸ਼ਕ ਵਰਗਾਂ ਦੀ ਹਮਾਇਤ ਅਤੇ ਸਹਾਇਤਾ ਕਰਨ ਲੱਗੇ। ਭਾਰਤ ਵਿੱਚ ਧਰਮ ਜਾਤਪਾਤੀ ਪ੍ਰਣਾਲੀ ਨਾਲ ਜੁੜਿਆ ਹੋਣ ਕਰਕੇ ਇਹਨਾਂ ਵਾਰਸਾਂ ਨੇ ਜਾਤਪਾਤੀ ਪਰਿਪੇਖ ਨੂੰ ਢਾਲ ਵਾਂਗ ਇਸਤੇਮਾਲ ਕੀਤਾ। ਇਸੇ ਕਾਰਣ ਹੀ ਧਰਮ ਦਾ ਵਿਕ੍ਰਿਤ ਸੰਸਥਾਗਤ ਸਰੂਪ ਅਤੇ ਰਾਜਨੀਤੀ ਦੀਆਂ ਕੋਝੀਆਂ ਚਾਲਾਂ ਦਾ ਅਣਉਚਿਤ ਗੱਠਜੋੜ ਸਾਹਮਣੇ ਆਉਂਦਾ ਹੈ। ਇਸੇ ਸੰਦਰਭ ਵਿੱਚ ਹੀ ਨਾਨਕ ਸਿੰਘ ਨੇ 'ਦਸਵੰਧ' ਅਤੇ 'ਕਾਰਸੇਵਾ' ਦੀਆਂ ਰੀਤੀਆਂ ਨੂੰ ਅਵਾਮ ਦੀ ਆਰਥਿਕ ਲੁੱਟ ਦੇ ਪ੍ਰਸੰਗ ਵਿੱਚ ਪੇਸ਼ ਕੀਤਾ ਹੈ। ਉਸ ਨੇ ਨਾਵਲ ਵਿੱਚ ਇਸਦਾ ਪ੍ਰਮਾਣਿਕ ਬਿਉਰਾ ਵੀ ਪ੍ਰਸਤੁਤ ਕੀਤਾ ਹੈ। ਨਾਵਲਕਾਰ ਅਨੁਸਾਰ ਧਰਮ ਅਤੇ ਸਿਆਸਤ ਦਾ ਮਨਫ਼ੀ ਪ੍ਰਸੰਗ ਵਿੱਚ ਇਕ ਦੂਜੇ ਨਾਲ ਜੁੜਨਾ ਕੇਵਲ ਸਿੱਖ ਧਰਮ ਤਕ ਹੀ ਸੀਮਤ ਨਹੀਂ ਰਹਿੰਦਾ, ਬਲਕਿ ਇਹ ਮੁਸਲਮਾਨਾਂ ਨਾਲ ਵੀ ਸਬੰਧਿਤ ਹੈ। ਇਸੇ ਪਰਿਪੇਖ ਵਿੱਚ ਮੁਸਲਮਾਨਾਂ ਦੇ ਧਾਰਮਿਕ ਨੁਮਾਇੰਦੇ ਅੰਗਰੇਜ਼ੀ ਸਾਮਰਾਜ ਦੀ ਮਾਨਵ-ਵਿਰੋਧੀ ਅਤੇ ਸ਼ੋਸ਼ਣਕਾਰੀ ਨੀਤੀ ਦੇ ਪ੍ਰਸਾਰ ਦਾ ਮਾਧਿਅਮ ਬਣਦੇ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ।

ਨਾਨਕ ਸਿੰਘ ਨੇ ਉਸ ਸਮੇਂ ਦੇ ਹਿੰਦੋਸਤਾਨ ਦੇ ਆਵਾਮ ਦੀ ਚੇਤਾਨਾ ਦੇ ਸੰਕਟ ਨੂੰ ਵੀ ਉਜਾਗਰ ਕੀਤਾ ਹੈ ਭਾਰਤ ਦੀ ਆਮ ਜਨਤਾ ਜ਼ਿਆਦਾਤਰ ਅੰਧ-ਵਿਸ਼ਵਾਸੀ ਹੋਣ ਕਾਰਣ ਜਿਥੇ ਅਚੇਤ ਰੂਪ ਵਿੱਚ ਅੰਗੇਰਜ਼ੀ ਸਾਮਰਾਜ ਦੇ ਪ੍ਰਸਾਰ ਵਿੱਚ ਸਹਾਇਕ ਬਣਦੀ ਹੈ, ਉਥੇ ਉਸਦਾ ਗਦਰੀਆਂ ਜਾਂ ਸੁਤੰਤਰਤਾ ਸੰਗਰਾਮੀਆਂ ਪ੍ਰਤੀ ਰਵੱਈਆਂ ਵੀ ਦੁਚਿਤੀ ਵਾਲਾ ਹੈ। ਜੇਕਰ ਇਸ ਨਾਵਲ ਦਾ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਉਪਰੋਕਤ ਕਥਨ ਦੀ ਪੁਸ਼ਟੀ ਹੋ ਜਾਂਦੀ ਹੈ। ਉਸ ਸਮੇਂ ਇਕ ਆਮ ਹਿੰਦੋਸਤਾਨੀ ਦਾ ਮਨ ਇਕ ਅਜਿਹੀ ਮਿਆਨ ਸੀ, ਜਿਸ ਵਿੱਚ ਦੋ ਤਲਵਾਰਾਂ ਸਨ, ਭਾਵ ਕਦੇ ਉਹ ਅੰਗਰੇਜ਼ ਬਖਸ਼ਿਸ਼ਾਂ ਵੱਲ ਉਲਾਰ ਹੋ ਜਾਂਦਾ ਸੀ ਅਤੇ ਜਦੋਂ ਕਦੇ ਉਸਨੂੰ ਅੰਗਰੇਜ਼ੀ ਸਾਮਰਾਜ ਦੀਆਂ ਸ਼ੋਸ਼ਣਕਾਰੀ ਨੀਤੀਆਂ ਦੀ ਸਮਝ ਪੈਂਦੀ ਤਾਂ ਉਹ ਇਸਦੇ ਖਿਲਾਫ ਹੋ ਜਾਂਦਾ ਸੀ ।

ਇਸ ਨਾਵਲ ਵਿੱਚ ਨਾਨਕ ਸਿੰਘ ਨੇ ਸੋਢੀ ਸੁਖਦੇਵ ਸਿੰਘ ਦੇ ਜੱਦੀ ਪੁਸ਼ਤੀ ਪਿੰਡ ਹਰਨਪੁਰ ਸੋਢੀਆਂ ਦਾ ਆਂਚਲਿਕ ਵਰਣਨ ਕੀਤਾ ਹੈ। ਉਸਨੇ ਇਸ ਪਿੰਡ ਦੇ ਇਤਿਹਾਸਕ ਪਿਛੋਕੜ ਨੂੰ ਉਜਾਗਰ

ਕਰਨ ਪ੍ਰਤੀ ਵਿਸ਼ੇਸ਼ ਰੁਚੀ ਦਿਖਾਈ ਹੈ ਅਤੇ ਪਰਿਆਪਤ ਮਾਤਰਾ ਵਿੱਚ ਇਸ ਪਿੰਡ ਸੰਬੰਧੀ ਭੂਗੋਲਿਕ-ਇਤਿਹਾਸਕ ਸੂਚਨਾ ਵੀ ਇਕਤ੍ਰਿਤ ਕੀਤੀ ਹੈ। ਇਸੇ ਕਾਰਣ ਇਸ ਤੱਥ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਨਾਨਕ ਸਿੰਘ ਦੇ ਇਸ ਨਾਵਲ ਵਿੱਚੋਂ ਅੱਜ ਤੋਂ ਲਗਭਗ ਪੌਣੀ ਸਦੀ ਪਹਿਲਾ ਦਾ ਪੰਜਾਬ ਸਜੀਵ ਰੂਪ ਵਿੱਚ ਲੱਭਿਆ ਜਾ ਸਕਦਾ ਹੈ।

ਗੁਰੂਡੰਮ ਦੀ ਪਰੰਪਰਾ ਦੀ ਆਲੋਚਨਾ ਕਰਨ ਤੋਂ ਇਲਾਵਾ ਨਾਵਲਕਾਰ ਨੇ ਇਸਦੇ ਪਤਨ ਦੇ ਕਾਰਣਾਂ ਦੀ ਵੀ ਘੋਖ ਕੀਤੀ ਹੈ। ਉਸ ਅਨੁਸਾਰ ਗੁਰੂਡੰਮ ਦੀ ਪਰੰਪਰਾ ਦੇ ਜ਼ਵਾਲ ਦੇ ਦੋ ਮੁੱਖ ਕਾਰਣ ਸਨ। ਪਹਿਲਾ ਕਾਰਣ 'ਸਿੰਘ ਸਭਾ ਲਹਿਰ' ਵੱਲੋਂ ਧਾਰਮਿਕ ਸੁਧਾਰ ਦੀ ਮੁਹਿੰਮ ਦੇ ਅੰਤਰਗਤ ਇਸ ਪਰੰਪਰਾ ਨੂੰ ਅਪ੍ਰਮਾਣਿਕ ਕਰਾਰ ਦੇਣਾ ਅਤੇ ਦੂਜਾ ਵਿਦਿਆ ਦੇ ਦੁਆਰਾ ਨਵੀਂ ਚੇਤਨਾ ਦਾ ਸੰਚਾਰ ਕਰਨਾ ਹੈ। ਇਸ ਤਰ੍ਹਾਂ ਨਾਨਕ ਸਿੰਘ ਅਨੁਸਾਰ ਬਦਲਦੀਆਂ ਇਤਿਹਾਸਕ ਪਿਤਾ-ਪੁਰਖੀ ਪਰਿਸਥਿਤੀਆਂ ਦੇ ਸੰਦਰਭ ਵਿੱਚ ਹੀ ਇਸ ਪਰੰਪਰਾ ਦਾ ਪਤਨ ਸੰਭਵ ਹੋਇਆ। ਇਸ ਪਰਿਮੇਖ ਵਿੱਚ ਹੀ ਨਾਵਲਕਾਰ ਸੋਢੀ ਸੁਖਦੇਵ ਸਿੰਘ ਦੀ ਲਗਤਾਰ ਨਿਘਰਦੀ ਮਾਨਸਿਕ, ਸਰੀਰਕ ਅਤੇ ਆਰਥਿਕ ਸਥਿਤੀ ਦਾ ਵਿਅੰਗਮਈ ਚਿਤਰਣ ਵੀ ਕਰਦਾ ਹੈ।

ਨਾਨਕ ਸਿੰਘ ਦੇ ਇਸ ਨਾਵਲ ਵਿੱਚ ਅੰਗਰੇਜ਼ੀ ਸਾਮਰਾਜ ਦੀ ਭਾਰਤ ਦੇ ਅਵਾਮ ਪ੍ਰਤੀ ਭੂਮਿਕਾ ਨੂੰ ਵੀ ਆਲੋਚਨਾਤਮਕ ਦ੍ਰਿਸ਼ਟੀ ਤੋ ਪਰਖਿਆ ਹੈ। ਇਸ ਸੰਦਰਭ ਵਿੱਚ ਵਿਭਿੰਨ ਸੰਪਰਦਾਵਾਂ (ਸਿੱਖਾਂ ਅਤੇ ਮੁਸਲਮਾਨਾਂ ਨਾਲ ਸੰਬੰਧਿਤ) ਵੱਲੋਂ ਆਪਣੇ ਸੁਆਰਥੀ ਅਤੇ ਨਿੱਜੀ ਹਿੱਤਾਂ ਲਈ ਪਹਿਲੀ ਵਿਸ਼ਵ ਜੰਗ ਵਿੱਚ ਜਬਰੀ ਭਰਤੀ ਕਰਵਾਉਣ ਅਤੇ ਵਾਰ ਫੰਡ ਉਗਰਾਹੁਣ ਦੇ ਵੇਰਵੇ ਵੀ ਸਾਹਮਣੇ ਆਉਂਦੇ ਹਨ। ਨਾਵਲਕਾਰ ਨੇ ਆਪਣੇ ਉਪਰੋਕਤ ਕਥਨ ਨੂੰ ਸਥਾਪਿਤ ਕਰਨ ਲਈ ਤੱਥਿਕ ਵੇਰਵੇ ਵੀ ਇਕਤ੍ਰਿਤ ਕੀਤੇ ਹਨ। ਉਸ ਅਨੁਸਾਰ ਪਹਿਲੀ ਵਿਸ਼ਵ ਜੰਗ ਦੌਰਾਨ ਪੰਜਾਬ ਵਿੱਚੋਂ ਲਗਭਗ ਸਾਢੇ ਤਿੰਨ ਲੱਖ ਜਵਾਨ ਅਤੇ ਅਥਾਹ ਦੌਲਤ ਜੰਗ ਦੀ ਭੱਠੀ ਵਿੱਚ ਬਰਬਾਦ ਕੀਤੇ ਗਏ। ਇਸ ਤਰ੍ਹਾਂ ਨਾਨਕ ਸਿੰਘ ਵਿਸ਼ਵ ਵਿੱਚ ਸਭ ਤੋਂ ਨਿਆਂਕਾਰੀ ਸਮਝੇ ਜਾਂਦੇ ਅੰਗਰੇਜ਼ੀ ਸਾਮਰਾਜ ਦੇ ਚਰਿਤਰ ਉਤੇ ਪ੍ਰਸ਼ਨ ਚਿੰਨ ਲਗਾਉਂਦਾ ਹੋਇਆ ਉਸ ਸਮੇਂ ਦੀ ਵਾਸਤਵਿਕ ਵਸਤੂ-ਸਥਿਤੀ ਨੂੰ ਉਜਾਗਰ ਕਰਦਾ ਹੈ।

ਪੰਜਾਬੀ ਨਾਵਲ ਵਿੱਚ ਵਿਦਿਆ ਨੂੰ ਨਵ-ਜਾਗਰਣ ਨਾਲ ਸੰਬੰਧਿਤ ਕੀਤਾ ਜਾਂਦਾ ਰਿਹਾ ਹੈ। ਨਾਵਲ ਦੇ ਬਿਰਤਾਂਤ ਦੇ ਅਗਲੇ ਹਿੱਸੇ ਵਿੱਚ ਇਸ ਨੁਕਤੇ ਦਾ ਹੀ ਵਰਣਨ ਹੈ। ਇਸ ਹਿੱਸੇ ਵਿੱਚ ਨਾਵਲਕਾਰ ਨੇ ਬੀਰੀ (ਰਘਬੀਰ) ਅਤੇ ਸੁਦਰਸ਼ਨ, ਜੋ ਕਿ ਸੋਢੀ ਸੁਖਦੇਵ ਸਿੰਘ ਦੀ ਔਲਾਦ ਹਨ, ਦੇ ਆਪਸੀ ਉਮਾਹਭਾਵੀ ਰਿਸ਼ਤੇ ਦਾ ਵਰਣਨ ਕੀਤਾ ਹੈ। ਸੁਦਰਸ਼ਨ ਜੋ ਕਿ ਮਾਸਟਰ ਦਲੀਪ ਸਿੰਘ ਦਾ ਵਿਦਿਆਰਥੀ ਹੈ। ਉਸਦੇ ਸੰਪਰਕ ਵਿੱਚ ਆਉਣ ਮਗਰੋਂ ਇਤਿਹਾਸਕ ਪਰਿਸਥਿਤੀਆਂ ਤੋਂ ਜਾਗਰੂਕ ਹੋ

ਕੇ ਚੇਤੰਨ ਦ੍ਰਿਸ਼ਟੀ ਦਾ ਮਾਲਕ ਬਣ ਜਾਂਦਾ ਹੈ। ਇਸੇ ਲਈ ਉਹ ਗਦਰ ਲਹਿਰ ਅਤੇ ਸੁਤੰਤਰਤਾ ਅੰਦੋਲਨ ਵਿੱਚ ਵੀ ਦਿਲਚਸਪੀ ਲੈਣੀ ਆਰੰਭ ਕਰ ਦਿੰਦਾ ਹੈ। ਉਹ ਗਦਰ ਲਹਿਰ ਨਾਲ ਸੰਬੰਧਿਤ ਸਾਹਿਤ ਨੂੰ ਵੀ ਪੜ੍ਹਦਾ ਹੈ।

ਉਸਦੀ ਵਿਅਕਤਿਤਵ ਵਿਚਲੀ ਤਬਦੀਲੀ ਦਾ ਆਧਾਰ ਬਣਦਾ ਹੈ। ਸੁਦਰਸ਼ਨ ਵਿੱਚ ਇਸ ਸਾਹਿਤ ਚੇਤਨਾ ਦੁਆਰਾ ਆਈ ਤਬਦੀਲੀ ਹੀ ਇਸ ਨਾਵਲ ਵਿਚਲੇ ਤਨਾਉ ਦਾ ਬੁਨਿਆਦੀ ਆਧਾਰ ਵੀ ਹੋ ਨਿੱਬੜਦੀ ਹੈ। ਇਥੇ ਆ ਕੇ ਹੀ ਇਸ ਨਾਵਲ ਦੇ ਸਿਰਲੇਖ ਦੇ ਅਰਥ ਸਪਸ਼ੱਟ ਹੋਣੇ ਸ਼ੁਰੂ ਹੋ ਜਾਂਦੇ ਹਨ। ਇਸਤੋਂ ਹੀ ਕਥਾਕਾਲ ਅਤੇ ਸਮਾਂਕਾਲ ਵਿੱਚ ਆਮ ਜਨਤਾ ਵਿੱਚ ਚਲ ਰਹੇ ਗੁਪਤ ਸੰਘਰਸ਼ ਦੀ ਸੂਚਨਾ ਵੀ ਮਿਲਦੀ ਹੈ। ਇਸੇ ਪਰਿਪੇਖ ਵਿੱਚ ਹੀ ਨਾਵਲਕਾਰ ਸਾਹਿਤ ਦਾ ਸਮਾਜਿਕ ਪ੍ਰਯੋਜਨ ਵੀ ਸਪੱਸ਼ਟ ਕਰਦਾ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸਦੇ ਨਾਲ ਹੀ ਉਹ ਸਾਹਿਤ ਦੇ ਮਨੋਵਿਗਿਆਨਕ ਪਹਿਲੂ ਅਤੇ ਲਹਿਰਾਂ ਵਿੱਚ ਕਲਾ ਦੀ ਇਸ ਵਿਧਾ ਵੱਲੋਂ ਪਾਏ ਜਾਂਦੇ ਯੋਗਦਾਨ ਵੱਲ ਵੀ ਸੰਕੇਤ ਕਰ ਦਿੰਦਾ ਹੈ। ਬੀਰੀ ਜੋ ਕਿ ਸੁਦਰਸ਼ਨ ਦੀ ਭੈਣ ਹੈ, ਗਦਰੀ ਸਾਹਿਤ ਦੇ ਸੰਪਰਕ ਵਿੱਚ ਆਉਣ ਮਗਰੋਂ ਆਪਣੇ ਭਰਾ ਦੇ ਵਿਚਾਰਾਂ ਦੀ ਸਮਰਥਕ ਬਣਦੀ ਹੈ। ਇਸ ਤਰ੍ਹਾਂ ਬਿਰਤਾਂਤ ਦੇ ਇਸ ਹਿੱਸੇ ਦੁਆਰਾ ਨਾਨਕ ਸਿੰਘ ਆਪਣੇ 'ਜੋਤ ਸੇ ਜੋ ਜਲੇ' ਵਾਲੇ ਦ੍ਰਿਸ਼ਟੀਕੋਣ ਦੀ ਪੇਸ਼ਕਾਰੀ ਕਰਦਾ ਹੈ, ਜਿਸਦੇ ਅੰਤਰਗਤ ਉਹ ਕਲਾ, ਸਾਹਿਤ ਅਤੇ ਵਿਦਿਆ ਦੇ ਦੂਹਰੇ ਪ੍ਰਯੋਜਨ ਵਾਲੇ ਮੋਟਿਫ ਨੂੰ ਪੰਜਾਬੀ ਨਾਵਲ ਵਿੱਚ ਇਕ ਨਵਾਂ ਸੰਦਰਭ ਪ੍ਰਦਾਨ ਕਰਦਾ ਹੈ। ਵਿਦਿਆ ਦੇ ਇਸ ਦੂਹਰੇ ਪ੍ਰਯੋਜਨ ਦਾ ਇਕ ਪਾਸਾਰ ਜਿੱਥੇ ਅੰਗਰੇਜ਼ਾਂ ਦੀ ਨੀਤੀ ਦੇ ਪ੍ਰਸਾਰ ਨਾਲ ਜਾ ਜੁੜਦਾ ਹੈ, ਉਥੇ ਦੂਜੇ ਪਾਸਾਰ ਦਾ ਸੰਬੰਧ ਨਵੀਂ ਚੇਤਨਾ ਦੇ ਸੰਚਾਰ ਨਾਲ ਹੈ ।

ਇਸ ਨਾਵਲ ਦਾ ਦੂਸਰਾ ਭਾਗ ਗਲਪ ਨਾਲੋਂ ਵਧੇਰੇ ਇਤਿਹਾਸ ਨਾਲ ਸੰਬੰਧਿਤ ਹੈ। ਇਸ ਵਿਚ ਗਦਰ ਲਹਿਰ ਦੇ ਰੁਮਾਂਸ ਨੂੰ ਉਜਾਗਰ ਕਰਨ ਦਾ ਜਤਨ ਕੀਤਾ ਗਿਆ ਹੈ। ਨਾਵਲ ਦੇ ਬਿਰਤਾਂਤ ਦੇ ਇਸ ਹਿੱਸੇ ਵਿੱਚ ਗਦਰ ਲਹਿਰ ਦੀ ਉਤਪਤੀ ਅਤੇ ਸਰਗਰਮੀ ਦਾ ਚਿਤਰਣ ਕਰਨ ਦੇ ਨਾਲ ਨਾਲ ਇਸਦੀ ਅਸਫਲਤਾ ਦੇ ਕਾਰਣਾਂ ਦੀ ਘੋਖ ਵੀ ਕੀਤੀ ਗਈ ਹੈ। ਇਸਦੇ ਅੰਤਰਗਤ ਇਹ ਵੀ ਨਿਰੂਪਤ ਕੀਤਾ ਗਿਆ ਹੈ ਹੈ ਕਿ ਪੰਜਾਬ ਵਿਚਲੀ ਗਦਰ ਲਹਿਰ ਦੀ ਸਰਗਰਮੀ ਦੀ ਪਿੱਠਭੂਮੀ ਵਿਚ ਸੋਚ ਅਤੇ ਦਿਮਾਗ ਲਾਲਾ ਹਰਦਿਆਲ ਦਾ ਸੀ। ਉਸਨੇ ਹੀ ਸਾਰੇ ਗਦਰੀਆਂ ਦਾ ਸਹੀ ਨਿਰਦੇਸ਼ਨ ਕੀਤਾ ਅਤੇ ਉਹਨਾਂ ਨੂੰ ਸੁਗਠਿਤ ਕੀਤਾ। ਕਰਤਾਰ ਸਿੰਘ ਸਰਾਭੇ ਦਾ ਗਦਰ ਲਹਿਰ ਵਿੱਚ ਪ੍ਰਵੇਸ਼ ਵੀ ਲਾਲਾ ਹਰਦਿਆਲ ਦੁਆਰਾ ਹੀ ਹੋਇਆ ।

ਇਸਤੋਂ ਉਪਰੰਤ ਨਾਵਲਕਾਰ ਨੇ ਬਦੇਸ਼ਾਂ ਵਿੱਚ ਰਹਿੰਦੇ ਇਨਕਲਾਬੀਆਂ ਦੇ ਭਾਰਤ ਵਿਚਲੇ ਗਦਰ ਵਿੱਚ ਸਰਗਰਮ ਹੋਣ ਦੇ ਕਾਰਣਾਂ ਬਾਰੇ ਦੱਸਿਆ ਹੈ। ਨਾਵਲਕਾਰ ਅਨੁਸਾਰ ਉਹਨਾਂ ਵਿੱਚ ਜਾਗ੍ਰਿਤੀ

ਆਉਣ ਦਾ ਵੱਡਾ ਕਾਰਣ ਕਾਮਾਗਾਟਾਮਾਰੂ ਦੀ ਘਟਨਾ ਸੀ। ਇਹੀ ਕਾਰਣ ਸੀ ਕਿ ਬਦੇਸ਼ਾਂ ਵਿਚਲੇ ਹਿੰਦੋਸਤਾਨੀ ਆਰਥਿਕ ਪੱਖ ਤੋਂ ਸੰਤੁਸ਼ਟ ਹੋਣ ਦੇ ਬਾਵਜੂਦ ਵੀ ਗੋਰਿਆਂ ਦੇ ਵਿਵਹਾਰ ਅਤੇ ਜ਼ਿਹਨੀ ਗੁਲਾਮੀ ਤੋਂ ਅਸੰਤੁਸ਼ਟ ਸਨ। ਭਾਰਤੀ ਲੋਕਾਂ ਵਿੱਚ ਵੀ ਕਾਮਾਗਾਟਾਮਾਰੂ ਦੀ ਘਟਨਾ ਦਾ ਆਧਾਰ ਕੈਨੇਡਾ ਸਰਕਾਰ ਦਾ ਇਹ ਕਾਨੂੰਨ ਸੀ ਕਿ ਉਹੋ ਭਾਰਤੀ ਕੈਨੇਡਾ ਉਤਰ ਸਕਣਗੇ, ਜਿਹੜੇ ਆਪਣੇ ਮੁਲਕ ਤੋਂ ਸਿੱਧਾ ਸਫ਼ਰ ਕਰਕੇ ਕੈਨੇਡਾ ਆਉਣਗੇ। ਇਸ ਕਾਨੂੰਨ ਰਾਹੀਂ ਭਾਰਤੀਆਂ ਦਾ ਕੈਨੇਡਾ ਵਿੱਚ ਪ੍ਰਵੇਸ਼ ਸੰਭਵ ਨਹੀਂ ਸੀ, ਕਿਉਂਕਿ ਉਸ ਸਮੇਂ ਕੋਈ ਵੀ ਜਹਾਜ਼ ਸਿੱਧਾ ਭਾਰਤ ਤੋਂ ਕੈਨੇਡਾ ਨਹੀਂ ਸੀ ਜਾਂਦਾ। ਇਸ ਘਟਨਾ ਨੇ ਬਦੇਸ਼ਾਂ ਵਿਚਲੇ ਭਾਰਤੀਆ ਨੂੰ ਉਹਨਾਂ ਦੇ ਹੱਕਾਂ ਪ੍ਰਤੀ ਸੁਚੇਤ ਕਰਵਾਇਆ। ਇਸ ਘਟਨਾ ਦੇ ਸਿੱਟੇ ਵੱਜੋਂ 'ਯੁਨਾਈਟਿਡ ਇੰਡੀਆ' ਨਾਮ ਦੀ ਜਥੇਬੰਦੀ ਕਾਇਮ ਹੋਈ। ਇਸਦੇ ਨਾਲ ਹੀ ਬਦੇਸ਼ਾਂ ਵਿੱਚ ਰਹਿੰਦੇ ਭਾਰਤੀਆਂ ਵਿੱਚ ਪ੍ਰਚਾਰ ਕਰਨ ਲਈ ਸੰਸਾਰ ਨਾਮ ਦਾ ਅਖਬਾਰ ਵੀ ਪ੍ਰਕਾਸ਼ਿਤ ਕੀਤਾ ਗਿਆ ਅਤੇ ਛੇ ਸਾਲ ਤਕ ਕੈਨੇਡਾ ਵਾਸੀ ਭਾਰਤੀਆਂ ਨੇ ਕਾਨੂੰਨ ਦੀ ਸ਼ਰਨ ਲਈ। ਪਰੰਤੂ, ਉਹਨਾ ਨੂੰ ਇਨਸਾਫ ਨਹੀਂ ਮਿਲਿਆ। ਨਤੀਜੇ ਵਜੋਂ ਉਹਨਾਂ ਦੇ ਮਨਾਂ ਵਿੱਚ ਬਗਾਵਤ ਦੀ ਭਾਵਨਾ ਹੋਰ ਵੀ ਤੇਜ਼ ਹੋ ਗਈ। ਉਹਨਾਂ ਨੇ ਆਪਣੀ ਜੱਦੋਜਹਿਦ ਨੂੰ ਵਿਹਾਰਕ ਰੂਪ ਪ੍ਰਦਾਨ ਕਰਨ ਲਈ ਅੰਤ ਵਿੱਚ ਸਾਨਫਰਾਂਸਿਸਕੋ ਵਿਖੇ ਸੋਹਨ ਸਿੰਘ ਭਕਨਾ ਦੀ ਅਗਵਾਈ ਹੇਠ 'ਗਦਰ ਪਾਰਟੀ' ਦੀ ਸਥਾਪਨਾ ਕੀਤੀ, ਜਿਸਨੂੰ ਪਿੱਛੋਂ ਲਾਲਾ ਹਰਦਿਆਲ, ਰਾਸ ਬਿਹਾਰੀ ਬੋਸ ਅਤੇ ਕਰਤਾਰ ਸਿੰਘ ਸਰਾਭਾ ਵਰਗੇ ਨੇਤਾਵਾਂ ਨੇ ਸੰਭਾਲਿਆ ।

ਨਾਵਲਕਾਰ ਅਨੁਸਾਰ ਗਦਰ ਪਾਰਟੀ ਦੇ ਤਿੰਨ ਪ੍ਰਮੁੱਖ ਪ੍ਰਯੋਜਨ ਸਨ :

ੳ) ਗਦਰ ਬਾਰੇ ਸਾਰਿਆਂ ਨੂੰ ਸੁਚੇਤ ਕਰਨਾ ।

ਅ) ਮਿਲਟਰੀ ਅਤੇ ਫ਼ੌਜੀਆਂ ਨੂੰ ਤਿਆਰ ਕਰਨਾ ।

ੲ) ਕਿਸੇ ਤਰ੍ਹਾਂ ਵੀ ਹਥਿਆਰ ਅਤੇ ਅਸਲਾ ਇੱਕਠਾ ਕਰਨਾ ।

ਨਾਵਲ ਦੇ ਅੰਦਰੂਨੀ ਹਵਾਲੇ ਇਸ ਇਤਿਹਾਸਕ ਤੱਥ ਦੀ ਸੂਚਨਾ ਪ੍ਰਦਾਨ ਕਰਦੇ ਹਨ ਕਿ 21 ਫਰਵਰੀ 1915 ਈ. ਨੂੰ ਗਦਰ ਫੈਲਾਉਣ ਦੀ ਕੋਸ਼ਿਸ਼ ਕੀਤੀ ਗਈ ਜੋ ਕਿ ਕ੍ਰਿਪਾਲ ਸਿੰਘ (ਜੋ ਗਦਰ ਪਾਰਟੀ ਦਾ ਹੀ ਇਕ ਮੈਂਬਰ ਸੀ) ਦੀ ਮੁਖ਼ਬਰੀ ਅਤੇ ਗੱਦਾਰੀ ਕਾਰਨ ਅਸਫ਼ਲ ਹੋ ਗਈ।

ਗਦਰ ਦੇ ਅਸਫਲ ਹੋਣ ਮਗਰੋਂ ਨਾਵਲਕਾਰ ਨੇ ਗਦਰੀਆਂ ਦੀ ਮਾਨਸਿਕ ਉਥਲ-ਪੁਥਲ ਨੂੰ ਬੜੇ ਸਜੀਵ ਰੂਪ ਵਿੱਚ ਚਿਤਰਿਆ ਹੈ। ਉਹਨਾਂ ਦੇ ਦੇਸ਼ ਦੀ ਆਜ਼ਾਦੀ ਪ੍ਰਤੀ ਆਸ਼ਾਵਾਦੀ ਹੋਣ ਦਾ ਜ਼ਿਕਰ ਉਹਨਾਂ ਨੂੰ ਦਰਪੇਸ਼ ਚੁਣੌਤੀਆਂ ਦੇ ਬਾਵਜੂਦ ਲਗਾਤਾਰ ਸਰਗਰਮ ਰਹਿਣ ਦੇ ਸੰਦਰਭ ਵਿੱਚ ਕੀਤਾ ਗਿਆ ਹੈ। ਇਸੇ ਕਾਰਣ ਹੀ ਇਥੇ ਨਾਨਕ ਸਿੰਘ ਆਪਣੇ ਬੁਨਿਆਦੀ ਅਹਿੰਸਾਵਾਦੀ ਦ੍ਰਿਸ਼ਟੀਕੋਣ ਦੇ ਵਿਪਰੀਤ

ਵੀ ਇਨਕਲਾਬੀਆਂ ਦੀਆਂ ਕਾਰਵਾਈਆਂ ਦਾ ਸਮਰਥਨ ਕਰਦਾ ਹੈ ।

ਨਾਵਲ ਦੇ ਬਿਰਤਾਂਤ ਵਿਚਲੇ ਵੇਰਵੇ ਅਨੁਸਾਰ ਗਦਰ ਲਹਿਰ ਦੇ ਅਸਫਲ ਹੋਣ ਮਗਰੋਂ ਕਰਤਾਰ ਸਿੰਘ ਸਰਾਭਾ, ਜਗਤ ਸਿੰਘ ਅਤੇ ਹਰਨਾਮ ਸਿੰਘ ਟੁੰਡੀਲਾਟ ਬੰਗਾਲ ਦੇ ਰਹਿਨੁਮਾ ਸਾਚਿੰਦਰ ਨਾਥ ਸਾਨਿਆਲ ਦੀ ਸਲਾਹ ਉਤੇ ਕੰਧਾਰ ਵੱਲ ਚਲੇ ਗਏ। ਇਸ ਵੇਰਵੇ ਤੋਂ ਗਦਰ ਲਹਿਰ ਦੇ ਸੰਦਰਭ ਵਿੱਚ ਪੰਜਾਬ ਅਤੇ ਬੰਗਾਲ ਦੇ ਆਪਸੀ ਸੰਬੰਧਾਂ ਦੀ ਸੂਚਨਾ ਮਿਲਦੀ ਹੈ। ਇਸ ਤਰ੍ਹਾਂ ਨਾਨਕ ਸਿੰਘ ਨੇ ਭਾਰਤੀ ਦੇਸ਼ ਭਗਤਾਂ ਦੇ ਰਾਸ਼ਟਰੀ ਚਰਿਤਰ ਨੂੰ ਬਹੁ-ਪ੍ਰਾਂਤਕ ਅਤੇ ਬਹੁ ਧਰਮੀ ਪੱਧਰ ਉਪਰ ਉਜਾਗਰ ਕਰਨ ਦਾ ਜਤਨ ਕੀਤਾ ਹੈ। ਨਾਨਕ ਸਿੰਘ ਦੀ ਅਜਿਹੀ ਧਰਮ-ਨਿਰਪੱਖ ਅਤੇ ਰਾਸ਼ਟਰਵਾਦੀ ਦ੍ਰਿਸ਼ਟੀ ਨਿਸ਼ਚੇ ਹੀ ਇਤਿਹਾਸਕ ਪੰਜਾਬੀ ਨਾਵਲ ਨੂੰ ਨਵੀਂ ਦਿਸ਼ਾ ਪ੍ਰਧਾਨ ਕਰਦੀ ਦ੍ਰਿਸ਼ਟੀਗੋਚਰ ਹੁੰਦੀ ਹੈ।

ਨਾਵਲਕਾਰ ਨੇ ਉਪਰੋਕਤ ਤਿੰਨੇ ਗਦਰੀਆਂ ਦੇ ਕੰਧਾਰ ਵਲ ਜਾਣ ਵੇਲੇ ਰਾਹ ਵਿੱਚ ਆਉਂਦੀਆਂ ਮੁਸ਼ਕਲਾਂ ਅਤੇ ਖਤਰਿਆਂ ਦਾ ਵਿਵਰਣ ਵੀ ਦਿੱਤਾ ਹੈ। ਕੰਧਾਰ ਪਹੁੰਚ ਕੇ ਇਹ ਤਿੰਨੇ ਸਾਥੀ ਗਦਰੀਆਂ ਦੀ ਮਦਦ ਕਰਨ ਵਾਲੇ ਆਪਣੇ ਹੀ ਇਕ ਸਾਥੀ ਧੰਨਾਂ ਸਿੰਘ ਦੇ ਘਰ ਰਹਿੰਦੇ ਹਨ। ਪਰੰਤੂ, ਕਰਤਾਰ ਸਿੰਘ ਸਰਾਭੇ ਦੁਆਰਾ ਦਿੱਤੇ ਗਏ ਤਰਕਾਂ ਦੇ ਆਧਾਰ ਉਤੇ ਉਹ ਗਦਰ ਲਹਿਰ ਦੀਆਂ ਸਰਗਰਮੀਆਂ ਨੂੰ ਪੁਨਰ ਸੁਰਜੀਤ ਕਰਨ ਦੇ ਇਰਾਦੇ ਨਾਲ ਫੇਰ ਪੰਜਾਬ ਵੱਲ ਨੂੰ ਤੁਰ ਪੈਂਦੇ ਹਨ। ਇਸਤੋਂ ਗਦਰੀਆਂ ਦੇ ਲਹਿਰ ਪ੍ਰਤੀ ਸਮਰਪਣ ਦੀ ਭਾਵਨਾ ਦਾ ਪਤਾ ਚਲਦਾ ਹੈ। ਨਾਵਲ ਵਿੱਚੋਂ ਇਨ੍ਹਾਂ ਤਿੰਨਾਂ ਸਾਥੀਆਂ ਦੇ ਪੰਜਾਬ ਵਲ ਮੁੜਨ ਦੇ ਹੇਠ ਲਿਖੇ ਚਾਰ ਕਾਰਣ ਪ੍ਰਾਪਤ ਹੁੰਦੇ ਹਨ :-

ੳ) ਜੇਲ੍ਹਾਂ ਵਿੱਚੋਂ ਆਪਣੇ ਸਾਥੀਆਂ ਨੂੰ ਆਜ਼ਾਦ ਕਰਵਾਉਣਾ ।

ਅ) ਛਾਉਣੀਆਂ ਵਿਚਲੇ ਫੌਜੀਆਂ ਨੂੰ ਫੇਰ ਬਗਾਵਤ ਲਈ ਤਿਆਰ ਕਰਨਾ ।

ੲ) ਗੱਦਾਰਾਂ ਅਤੇ ਮੁੱਖਬਰਾਂ ਦਾ ਖਾਤਮਾਂ ।

ਸ) ਅੰਡਰ ਗਰਾਊਂਡ ਜਾਂ ਰੂਪੋਸ਼ ਹੋ ਗਏ ਸਾਥੀਆਂ ਦੀ ਖੋਜ ਕਰਕੇ ਉਹਨਾਂ ਨੂੰ ਪੁਨਰ-ਸੁਗਠਿਤ ਕਰਨਾ।

ਨਾਵਲਕਾਰ ਨੇ ਗਦਰ ਲਹਿਰ ਦੀ ਅਸਫ਼ਲਤਾ ਦੇ ਕਾਰਣਾਂ ਦੀ ਵੀ ਘੋਖ ਕੀਤੀ ਹੈ। ਉਹ ਸਾਚਿੰਦਰ ਨਾਥ ਸਾਨਿਆਲ ਰਚਿਤ ਬੰਦੀ ਜੀਵਨ ਦੇ ਹਵਾਲੇ ਨਾਲ ਇਸ ਲਹਿਰ ਦੇ ਅਸਫ਼ਲ ਹੋਣ ਦੇ ਹੇਠ ਲਿਖੇ ਕਾਰਣ ਮੰਨਦਾ ਹੈ :-

ੳ) ਅਵਾਮ ਵਿੱਚ ਰਾਜਸੀ ਚੇਤੰਨਤਾ ਦੀ ਘਾਟ

ਅ) ਸੰਪਰਦਾਇਕਤਾ

ੲ) ਆਗੂ ਦੀ ਘਾਟ

ਸ) ਗੱਦਾਰਾਂ ਦੀ ਮੁੱਖਬਰੀ ।

ਇਸ ਤਰ੍ਹਾਂ ਨਾਨਕ ਸਿੰਘ ਨੇ ਵਸਤੂਪਰਕ ਅਤੇ ਇਤਿਹਾਸਮੁੱਖੀ ਦ੍ਰਿਸ਼ਟੀ ਦੁਆਰਾ ਜਿੱਥੇ ਗਦਰ ਲਹਿਰ ਦੇ ਰੋਮਾਂਸ ਨੂੰ ਉਜਾਗਰ ਕੀਤਾ ਹੈ, ਉਥੇ ਇਸ ਲਹਿਰ ਦੇ ਆਪਸੀ ਅੰਤਰ-ਵਿਰੋਧਾਂ ਅਤੇ ਗਤੀਰੋਧਾਂ ਦਾ ਚਿਤਰਣ ਵੀ ਕੀਤਾ ਹੈ। ਇਸੇ ਕਾਰਣ ਇਸ ਲਹਿਰ ਦੇ ਚਿਤਰਣ ਦੇ ਸੰਦਰਭ ਵਿੱਚ ਉਸਦੀ ਦ੍ਰਿਸ਼ਟੀ ਸੰਤੁਲਿਤ ਅਤੇ ਨਿਰਪੱਖ ਕਹੀ ਜਾ ਸਕਦੀ ਹੈ ।

ਨਾਨਕ ਸਿੰਘ ਨੇ ਗਦਰ ਲਹਿਰ ਦੀ ਸਰਗਰਮੀ ਦੇ ਨਾਲ ਨਾਲ ਉਸ ਸਮੇਂ ਦੀ ਵਿਸ਼ਵ-ਸਥਿਤੀ ਨੂੰ ਵੀ ਇਸ ਪਰਿਪੇਖ ਵਿੱਚ ਪ੍ਰਸਤੁਤ ਕੀਤਾ ਹੈ। ਉਸ ਅਨੁਸਾਰ ਪਹਿਲੀ ਵਿਸ਼ਵ ਜੰਗ ਦਾ ਪ੍ਰਮੁੱਖ ਕਾਰਣ ਉਸ ਸਮੇਂ ਅੰਗਰੇਜ਼ਾਂ ਦੇ ਅਧੀਨ ਬਸਤੀਆਂ ਵਿਚਲਾ ਆਰਥਿਕ ਸੰਕਟ ਸੀ। ਵਿਸ਼ਵ ਦੇ ਬਹੁਤ ਸਾਰੇ ਮੁਲਕ ਲੜਾਈ ਵਿੱਚ ਸ਼ਾਮਿਲ ਹੋ ਚੁੱਕੇ ਸਨ। ਜਰਮਨੀ, ਤੁਰਕੀ ਆਦਿ ਦੇਸ਼ ਅੰਗਰੇਜ਼ ਵਿਰੋਧੀ ਸਨ। ਇਸੇ ਲਈ ਉਹਨਾਂ ਨੇ ਕ੍ਰਾਂਤੀਕਾਰੀਆਂ ਨੂੰ ਅੰਗਰੇਜ਼ਾਂ ਵਿਰੁੱਧ ਸਹਾਇਤਾ ਦੇਣ ਦਾ ਵਾਅਦਾ ਤ਼ੱ ਕੀਤਾ।ਸਿੰਘਾਪੁਰ ਵਿਚ ਵੀ ਅੰਗਰੇਜ਼ਾਂ ਵਿਰੁੱਧ ਬਗਾਵਤ ਖੜੀ ਹੋਈ, ਜਿਸਨੇ ਪੰਜਾਬ ਦੇ ਗਦਰੀਆਂ ਨੂੰ ਛੇਤੀ ਤੋਂ ਛੇਤੀ ਗਦਰ ਕਰਨ ਦੀ ਪ੍ਰੇਰਣਾ ਦਿੱਤੀ।ਇਸ ਤੋਂ ਇਲਾਵਾ ਕਾਮਾਗਾਟਾਮਾਰੂ ਦੀ ਘਟਨਾ ਦਾ ਵੀ ਜ਼ਿਕਰ ਹੈ, ਜੋ ਕਿ ਗਦਰ ਲਹਿਰ ਦਾ ਆਧਾਰ-ਸਰੋਤ ਬਣੀ।

ਨਾਨਕ ਸਿੰਘ ਨੇ ਇਸ ਨਾਵਲ ਵਿੱਚ ਬੀਰੀ ਅਤੇ ਕਰਤਾਰ ਸਿੰਘ ਸਰਾਭੇ ਦੇ ਆਪਸੀ ਰੁਮਾਂਟਿਕ ਰਿਸ਼ਤੇ ਦੀ ਉਸਾਰੀ ਵੀ ਕੀਤੀ ਹੈ। ਪਰੰਤੂ ਇਥੇ ਇਹ ਜ਼ਿਕਰਯੋਗ ਹੈ ਕਿ ਇਸ ਰੁਮਾਂਟਿਕ ਰਿਸ਼ਤੇ ਦਾ ਆਪਣਾ ਕੋਈ ਸੁਤੰਤਰ ਵਜੂਦ ਨਹੀਂ, ਬਲਕਿ ਇਹ ਵਤਨਪ੍ਰਸਤੀ ਦੇ ਆਧਾਰ ਉਤੇ ਹੀ ਆਪਣੀ ਹੋਂਦ ਸਾਰਥਿਕ ਕਰਦਾ ਹੈ। ਇਸੇ ਲਈ ਇਹ ਨਾਵਲ ਦਾ ਕੇਂਦਰੀ ਥੀਮ ਨਹੀਂ, ਕੇਵਲ ਇਕ ਰੀਮ ਹੈ। ਰੀਮ ਤੋਂ ਭਾਵ ਇਹ ਕਿ ਇਹ ਨਾਵਲ ਦੀ ਥੀਮਕ ਉਸਾਰੀ ਦਾ ਇਕ ਹਿੱਸਾ ਜਰੂਰ ਹੈ, ਪਰ ਆਰ-ਪਾਰ ਫੈਲੀ ਹੋਈ ਰੌਅ ਦੇ ਰੂਪ ਵਿੱਚ ਨਹੀਂ, ਸਿਰਫ਼ ਇਕ ਸੰਭਾਵਨਾ ਜਾਂ ਪ੍ਰਸੰਗ ਦੇ ਰੂਪ ਵਿੱਚ। ਸਰਾਭੇ ਦੀ ਪ੍ਰੇਰਣਾ ਦੇ ਤਹਿਤ ਹੀ ਬੀਰੀ ਇਸ ਲਹਿਰ ਵਿੱਚ ਸ਼ਾਮਿਲ ਹੋਣ ਅਤੇ ਇਸਦਾ ਇਕ ਹਿੱਸਾ ਬਣਨ ਲਈ ਤਿਆਰ ਹੋ ਜਾਂਦੀ ਹੈ। ਉਸਦੇ ਮਾਨਸਿਕ ਜਗਤ ਵਿੱਚ ਸਰਾਭੇ ਦੇ ਨਾਇਕਤਵ ਦਾ ਬਿੰਬ ਪਹਿਲਾਂ ਤਾਂ ਸਾਹਿਤ ਦੁਆਰਾ, ਫਿਰ ਉਸਦੇ ਕਾਰਨਾਮਿਆਂ ਦੁਆਰਾ ਅਤੇ ਫਿਰ ਉਸਦੀ ਸ਼ਖਸੀਅਤ ਦੁਆਰਾ ਸਥਾਪਿਤ ਹੁੰਦਾ ਹੈ। ਬੀਰੀ ਦੇ ਗਦਰ ਲਹਿਰਾਂ ਵਿੱਚ ਸ਼ਾਮਿਲ ਹੋਣ ਨਾਲ ਗਾਲਪਨਿਕ ਪੱਧਰ ਉਪਰ ਕਿਸੇ ਵੀ ਕ੍ਰਾਂਤੀਕਾਰੀ

ਲਹਿਰ ਵਿੱਚ ਇਸਤਰੀ ਦੀ ਸ਼ਮੂਲੀਅਤ ਅਤੇ ਉਸਦੇ ਯੋਗਦਾਨ ਦੀ ਮਹੱਤਤਾ ਵੀ ਉਜਾਗਰ ਹੁੰਦੀ ਹੈ। ਬੀਰੀ ਨਾਵਲ ਦੇ ਅੰਤਲੇ ਹਿੱਸੇ ਵਿੱਚ ਕਰਤਾਰ ਸਿੰਘ ਸਰਾਭੇ ਨੂੰ ਗ੍ਰਿਫ਼ਤਾਰ ਕਰਾਉਣ ਵਾਲੇ ਗੰਡਾ ਸਿੰਘ ਦਾ ਕਤਲ ਕਰਕੇ ਆਤਮ ਹੱਤਿਆ ਕਰ ਲੈਂਦੀ ਹੈ। ਇਸਦੇ ਬਾਵਜੂਦ ਵੀ ਬੀਰੀ ਦੀ ਮੌਤ ਓਨਾ ਦੁਖਾਂਤ ਦਾ ਪ੍ਰਭਾਵ ਨਹੀਂ ਦਿੰਦੀ, ਜਿੰਨਾਂ ਕਿ ਪਰ ਹਿੱਤ ਲਈ ਦਿੱਤੀ ਗਈ ਆਹੂਤੀ ਦਾ ਦਿੰਦੀ ਹੈ। ਇਸ ਆਹੂਤੀ ਉਤੇ ਸ਼ਹੀਦੀ ਵਰਗਾ ਮਾਣ ਉਪਜਦਾ ਹੈ। ਇਹ ਮਾਣ ਦੁਖਾਂਤ ਦੇ ਭਾਵ ਵਿਚ ਸੁਖਾਂਤ ਦਾ ਅੰਸ਼ ਵੀ ਰਲਾ ਦਿੰਦਾ ਹੈ। ਇਸ ਕਰਕੇ ਦੁਖਾਂਤ ਸ਼ੁੱਧ ਦੁਖਾਂਤ ਨਾ ਰਹਿ ਕੇ ਅਰਧ-ਦੁਖਾਂਤ, ਅਰਧ-ਸੁਖਾਂਤ ਹੋ ਨਿੱਬੜਦਾ ਹੈ। ਪਰੰਤੂ, ਏਥੇ ਇਕ ਹੋਰ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਜੇ ਅੰਤ ਵਿੱਚ ਬੀਰੀ ਜ਼ਿੰਦਾ ਰਹਿੰਦੀ ਤਾਂ ਉਸਨੂੰ ਇਹ ਪਤਾ ਲੱਗ ਜਾਣਾ ਸੀ ਕਿ ਉਸਦੇ ਬਾਪ ਨੇ ਇਕ ਦੇਸ਼ ਭਗਤ ਡਾਕਟਰ ਮਥਰਾ ਸਿੰਘ ਨੂੰ ਗ੍ਰਿਫਤਾਰ ਕਰਵਾਇਆ ਹੈ। ਤਾਂ ਕੀ ਉਸ ਸਥਿਤੀ ਵਿੱਚ ਉਹ ਆਪਣੇ ਪਿਉ ਨੂੰ ਵੀ ਮਾਰ ਸਕਦੀ ਸੀ? ਉਤੱਰ ਹੈ ਨਹੀਂ, ਕਿਉਂਕਿ ਬੀਰੀ ਕ੍ਰਾਂਤੀਕਾਰੀ ਵਿਚਾਰਾਂ ਦੀ ਧਾਰਨੀ ਹੁੰਦੀ ਹੋਈ ਵੀ ਆਪਣੀਆਂ ਧਾਰਮਿਕ-ਸਾਂਸਕ੍ਰਿਤਕ ਕੀਮਤਾਂ ਨੂੰ ਤਿਲਾਂਜਲੀ ਨਹੀਂ ਸੀ ਦੇ ਸਕਦੀ। ਪਰ ਇਹਨਾਂ ਕੀਮਤਾਂ ਦੀ ਸੀਮਾ ਵਿੱਚ ਰਹਿ ਕੇ ਵੀ ਉਸਨੇ ਗਦਰ ਲਹਿਰ ਨੂੰ ਅੱਗੇ ਵਧਾਉਣ ਵਿੱਚ ਮਹੱਤਵਪੂਰਣ ਯੋਗਦਾਨ ਦਿੱਤਾ। ਇਸ ਤਰ੍ਹਾਂ ਬੀਰੀ ਦਾ ਪਾਤਰ ਗਦਰ ਲਹਿਰ ਵਿੱਚ ਇਸਤਰੀਆਂ ਦੁਆਰਾ ਪਾਏ ਵਿਭਿੰਨ ਯੋਗਨਾਦਾਂ ਦੀ ਪ੍ਰਤੀਨਿਧਤਾ ਕਰਦਾ ਦ੍ਰਿਸ਼ਟੀਗੋਚਰ ਹੁੰਦਾ ਹੈ।

ਇਸ ਤੋਂ ਬਾਅਦ ਇਸ ਨਾਵਲ ਦੇ ਬਿਰਤਾਂਤ ਵਿਚ ਗੰਡਾ ਸਿੰਘ ਨਾਮਕ ਪਾਤਰ ਦੀ ਮੁੱਖਬਰੀ ਕਾਰਣ ਕਰਤਾਰ ਸਿੰਘ ਸਰਾਭਾ ਪੁਲਿਸ ਹੱਥੋਂ ਗ੍ਰਿਫਤਾਰ ਹੋ ਜਾਂਦਾ ਹੈ। ਇਸਦੇ ਨਾਲ ਹੀ ਇਸ ਭਾਗ ਦੇ ਅੰਤਲੇ ਮਰਹਲੇ ਵਿੱਚ ਦੋਵੇਂ ਧਿਰਾਂ ਅਰਥਾਤ ਸੋਢੀ ਸੁਖਦੇਵ ਸਿੰਘ ਅਤੇ ਉਸਦੀ ਔਲਾਦ ਵਿਚਲਾ ਤਨਾਉ ਸਿਖਰ ਵਲ ਅਗ੍ਰਸਰ ਹੁੰਦਾ ਹੈ। ਇਸ ਤਰ੍ਹਾਂ ਔਲਾਦ ਅਤੇ ਮਾਂਪਿਉ ਵਿਚਲੇ ਵਿਚਾਰਧਾਰਾਈ ਵਿਰੋਧਾਂ ਵਿੱਚੋਂ ਹੀ ਇਨ੍ਹਾਂ ਦੋਹਾਂ ਧਿਰਾਂ ਦੀਆਂ ਹਾਂ-ਮੁੱਖੀ ਅਤੇ ਨਾਂਹ-ਮੁੱਖੀ ਵਿਸ਼ੇਸ਼ਤਾਵਾਂ ਉਜਾਗਰ ਹੁੰਦੀਆਂ ਦ੍ਰਿਸ਼ਟੀਗੋਚਰ ਬਣਦੀਆਂ ਹਨ। ਇਸ ਵਿਚੋਂ ਸੋਢੀ ਸੁਖ ਦੇਵ ਸਿੰਘ ਪਹਿਲੀ ਵਿਸ਼ਵ-ਜੰਗ ਸਮੇਂ ਭਾਰਤ ਦੀ ਅੰਗਰੇਜ਼ ਪੱਖੀ ਦੰਭੀ ਮੱਧ-ਸ਼੍ਰੇਣੀ ਦੇ ਪ੍ਰਤੀਨਿਧ ਵਜੋਂ ਉਭਰਦਾ ਹੈ। ਉਹ ਇਕ ਖਾਸ ਸੰਪਰਦਾਇ ਦਾ ਧਾਰਮਿਕ ਨੁਮਾਇੰਦਾ ਹੋਣ ਦੇ ਬਾਵਜੂਦ ਵੀ ਧਰਮ ਨੂੰ ਆਪਣੇ ਸੌੜੇ ਹਿੱਤਾਂ ਅਤੇ ਮਨਫ਼ੀ ਪ੍ਰਸੰਗ ਵਿਚ ਵਰਤਦਾ ਹੈ। ਇਤਿਹਾਸ ਗਵਾਹ ਹੈ ਕਿ ਗਦਰ ਲਹਿਰ ਨੂੰ ਅੰਗਰੇਜ਼ਾਂ ਨੇ ਨਹੀਂ, ਸਗੋਂ ਘਰ ਦੇ ਭੇਤੀਆਂ ਨੇ ਅਸਫਲ ਬਣਾਇਆ। ਸੋਢੀ ਸੁਖਦੇਵ ਸਿੰਘ ਦੇ ਪਾਤਰ ਦੇ ਸੰਦਰਭ ਵਿੱਚ ਇਹ ਗੱਲ ਬੜੀ ਨਿੱਤਰ ਕੇ ਸਾਹਮਣੇ ਆਉਂਦੀ ਹੈ ਅਤੇ ਇਸ ਵਿੱਚ ਹੀ ਇਸ ਨਾਵਲ ਦੀ ਸਫਲਤਾ ਵੀ ਨਿਹਿਤ ਹੈ।

ਨਾਨਕ ਸਿੰਘ ਨੇ ਤੀਸਰੇ ਭਾਗ ਵਿੱਚ ਇਕ ਵਾਰ ਫੇਰ ਕਰਤਾਰ ਸਿੰਘ ਸਰਾਭੇ ਅਤੇ ਹੋਰ

ਇਨਕਲਾਬੀਆਂ ਦੀ ਗ੍ਰਿਫ਼ਤਾਰੀ ਦੇ ਸੰਦਰਭ ਵਿੱਚ ਅੰਗਰੇਜ਼ੀ ਸਾਮਰਾਜ ਦੀ ਅਨਿਆਂਪੂਰਨ ਨੀਤੀ ਦਾ ਵੇਰਵਾ ਦਿੱਤਾ ਹੈ। ਉਸਨੇ ਸਰਾਭੇ ਉਤੇ ਲੱਗੀਆਂ 9 ਦਫਾਵਾਂ ਨੂੰ ਅੰਗਰੇਜ਼ੀ ਸਾਮਰਾਜ ਦੀਆਂ ਅਨਿਆਂਪੂਰਨ ਅਤੇ ਸ਼ੋਸ਼ਣਕਾਰੀ ਨੀਤੀਆਂ ਦੇ ਸੰਦਰਭ ਵਿਚ ਪੇਸ਼ ਕੀਤਾ ਹੈ। ਅੰਗਰੇਜ਼ੀ ਸਾਮਰਾਜ ਦੇ ਆਦਰਸ਼ਕ ਰੂਪ ਵਿੱਚ ਨਿਆਂਕਾਰੀ ਹੋਣ ਦੀ ਅਖੌਤੀ ਧਾਰਨਾ ਉਪਰ ਉਪਰੋਕਤ ਵਾਸਤਵਿਕ ਵਸਤੂ ਸਥਿਤੀ ਇਕ ਬਹੁਤ ਵੱਡਾ ਵਿਅੰਗ ਹੋ ਨਿੱਬੜਦੀ ਹੈ।

ਇਸ ਨਾਵਲ ਦਾ ਨਾਇਕ ਕਰਤਾਰ ਸਿੰਘ ਸਰਾਭਾ ਹੈ। ਉਹ ਇਕ ਨਾਇਕ ਤੋਂ ਵਧੇਰੇ ਨਾਵਲਕਾਰ ਦਾ ਪ੍ਰਵਕਤਾ ਹੋ ਨਿੱਬੜਦਾ ਹੈ। ਨਾਇਕ ਨੂੰ ਲੇਖਕ ਨੇ ਉਸ ਵੇਲੇ ਨਾਵਲੀ ਬਿਰਤਾਂਤ ਵਿੱਚ ਪ੍ਰਵੇਸ਼ ਕਰਵਾਇਆ ਹੈ, ਜਿਸ ਵੇਲੇ ਸਮਾਜਿਕ ਖੇਤਰ ਵਿੱਚ ਸੁਤੰਤਰਤਾ ਲਈ ਸੰਘਰਸ਼ ਆਰੰਭ ਹੋ ਚੁੱਕਾ ਹੈ। ਬਦੇਸ਼ਾਂ ਵਿਚਲੇ ਭਾਰਤੀਆਂ ਦੇ ਮਨ ਵਿੱਚ ਅੰਗਰੇਜ਼ੀ ਸਰਕਾਰ ਦੀਆਂ ਨੀਤੀਆਂ ਵਿਰੁੱਧ ਨਫਰਤ ਭਰ ਚੁੱਕੀ ਹੈ। ਲਾਲਾ ਹਰਦਿਆਲ ਵਰਗੇ ਲੀਡਰਾਂ ਦੇ ਭਾਸ਼ਣਾਂ ਨਾਲ ਆਜ਼ਾਦੀ ਦੀ ਚਿਣਗ ਸੁਲਗ ਚੁੱਕੀ ਹੈ। ਉਸ ਵੇਲੇ ਇਸ ਲਹਿਰ ਦੇ ਕਿਰਿਆਸ਼ੀਲ ਹੋਣ ਲਈ ਇਸਨੂੰ ਕਿਸੇ ਸੁਯੋਗ ਸੰਚਾਲਕ ਦੀ ਲੋੜ ਮਹਿਸੂ ਹੁੰਦੀ ਹੈ, ਤਾਂ ਸਰਾਭਾ ਬੜੇ ਨਾਟਕੀ ਢੰਗ ਨਾਲ ਇਸ ਖੇਤਰ ਵਿੱਚ ਪ੍ਰਵੇਸ਼ ਕਰਦਾ ਹੈ। ਨਾਵਲਕਾਰ ਨੇ ਸਰਾਭੇ ਨੂੰ ਸੰਪੂਰਨ ਕ੍ਰਾਂਤੀਕਾਰੀ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਬਿਰਤਾਂਤ ਵਿੱਚ ਉਸਦੀ ਜ਼ਿੰਦਗੀ ਦੇ ਮੁੱਢਲੇ ਸਾਲਾਂ ਨੂੰ ਨਹੀਂ ਘੋਖਿਆ ਗਿਆ, ਉਸਦੀ ਸ਼ਖਸੀਅਤ ਵਿਕਾਸ ਕਰਦੀ ਨਹੀਂ ਵਿਖਾਈ ਗਈ। ਨਾਨਕ ਸਿੰਘ ਨੇ ਇਕ ਮਿਆਨ ਦੋ ਤਲਵਾਰਾਂ ਨਾਵਲ ਦੀ ਰਚਨਾ ਕਰਤਾਰ ਸਿੰਘ ਸਰਾਭੇ ਦੀ ਜ਼ਿੰਦਗੀ ਜਾਂ ਜੀਵਨੀ ਲਿਖਣ ਲਈ ਨਹੀਂ ਕੀਤੀ, ਜਿਸ ਵਿੱਚ ਉਸਦੇ ਨਿੱਜੀ ਜੀਵਨ, ਰਿਸ਼ਤੇਦਾਰਾਂ ਨਾਲ ਸੰਬੰਧਾਂ ਆਦਿ ਨੂੰ ਵਿਸਥਾਰ ਨਾਲ ਨਿਭਾਇਆ ਜਾਣਾ ਜ਼ਰੂਰੀ ਹੋਵੇ। ਸਗੋਂ ਇਹ ਇਤਿਹਾਸਕ ਨਾਵਲ ਤਾਂ ਇਕ ਲੋਕ ਲਹਿਰ ਨਾਲ ਸੰਬੰਧਿਤ ਹੈ, ਜਿਸ ਵਿੱਚ ਕਰਤਾਰ ਸਿੰਘ ਸਰਾਭੇ ਨੇ ਹਿੱਸਾ ਲਿਆ। ਇਹ ਹੀ ਨਹੀਂ, ਸਰਾਭਾ ਇਸ ਲੋਕ ਲਹਿਰ ਦਾ ਪ੍ਰਤੀਨਿਧ ਵੀ ਹੈ। ਇਸ ਲਹਿਰ ਦਾ ਮੂਲ ਲੱਛਣ ਹੀ ਇਹ ਹੈ ਕਿ ਇਸ ਵਿੱਚ ਸ਼ਾਮਿਲ ਹੋਣ ਵਾਲੇ ਆਪਣੇ ਪਰਿਵਾਰਕ ਸੰਬੰਧਾਂ ਅਤੇ ਮਾਹੌਲ ਤੋਂ ਵਿਜੋਗੇ ਜਾਂਦੇ ਹਨ। ਲਹਿਰ ਨਾਲ ਸੰਬੰਧਿਤ ਸਰਾਭੇ ਦੇ ਦੂਜੇ ਸਾਥੀ ਵੀ ਉਸਦੇ ਵਾਂਗ ਵਿਜੋਗੇ ਰੂਪ ਵਿੱਚ ਹੀ ਪੇਸ਼ ਹੁੰਦੇ ਹਨ। ਇਸ ਤੋਂ ਇਲਾਵਾ ਉਹਨਾਂ ਨੂੰ ਪੇਸ਼ ਕਰਨ ਦੀ ਕੋਈ ਹੋਰ ਵਿਧੀ ਵੀ ਨਹੀਂ। ਇਸੇ ਲਈ ਲੇਖਕ ਨੇ ਸਰਾਭੇ ਦੇ ਕ੍ਰਾਂਤੀਕਾਰੀ ਕਰਮ ਨੂੰ ਹੀ ਪੇਸ਼ ਕੀਤਾ ਹੈ। ਉਸਨੇ ਭਾਵੇਂ ਕਰਤਾਰ ਸਿੰਘ ਸਰਾਭੇ ਦੇ ਵਿਅਕਤੀਗਤ ਜੀਵਨ ਦੀ ਵੀ ਅੰਸ਼ਿਕ ਰੂਪ ਵਿੱਚ ਪੇਸ਼ਕਾਰੀ ਕੀਤੀ ਹੈ, ਪਰ ਅਜਿਹਾ ਕਰਦੇ ਸਮੇਂ ਵੀ ਉਸ ਦੀ ਸ਼ਖਸ਼ੀਅਤ ਦੇ ਉਹਨਾਂ ਪੱਖਾਂ ਨੂੰ ਹੀ ਉਘਾੜਿਆ ਹੈ, ਜਿਹੜੇ ਇਸ ਲੋਕ-ਲਹਿਰ ਨਾਲ ਸੰਬੰਧਿਤ ਹਨ।

ਦਰਅਸਲ ਕਰਤਾਰ ਸਿੰਘ ਸਰਾਭਾ ਪਤਿਤ ਸਮਾਜ ਵਿੱਚ ਅਜਿਹਾ ਅਪਤਿਤ ਜੀਵ ਹੈ ਜੋ ਕਿ

ਪ੍ਰਮਾਣਿਕ ਕੀਮਤਾਂ ਦੀ ਤਲਾਸ਼ ਵਿੱਚ ਹੈ। ਉਹ ਆਪਣੇ ਇਰਾਦੇ ਵਿੱਚ ਦ੍ਰਿੜ੍ਹ ਰਹਿਣ ਵਾਲਾ ਅਤੇ ਹੌਂਸਲੇ ਵਾਲਾ ਹੈ। ਇਸ ਲਈ ਹੀ ਉਹ ਇਕ ਸੰਤੁਲਿਤ ਸ਼ਖਸ਼ੀਅਤ ਦਾ ਮਾਲਕ ਹੈ ਅਤੇ ਕਠਿਨਾਈ ਵਾਲੇ ਸਮੇ ਵਿੱਚ ਵੀ ਕਿਸੇ ਸਾਹਮਣੇ ਨਹੀਂ ਝੁਕਦਾ। ਉਸਦੀ ਪ੍ਰਭਾਵਸ਼ਾਲੀ ਸ਼ਖਸ਼ੀਅਤ ਕਾਰਣ ਫੌਜੀ ਉਸ ਨਾਲ ਸਹਿਮਤ ਹੋ ਜਾਂਦੇ ਹਨ। ਇਹ ਉਸਦੀ ਮਨੌਤ ਸ਼ਕਤੀ ਦਾ ਹੀ ਪ੍ਰਮਾਣ ਹੈ। ਉਹ ਇਕੋ ਵੇਲੇ ਗਦਰ ਲਹਿਰ ਦਾ ਹਿੱਸਾ ਵੀ ਹੈ ਅਤੇ ਇਸ ਲਹਿਰ ਨੂੰ ਸੁਗਠਿਤ ਕਰਨ ਵਾਲਾ ਵੀ ਹੈ। ਉਹ ਸਾਹਿਤਕ ਰੁਚੀਆਂ ਦਾ ਵੀ ਮਾਲਕ ਹੈ ਅਤੇ ਆਪਣੀ ਸਿਰਜਣਾ ਸ਼ਕਤੀ ਦੁਆਰਾ ਵਿਭਿੰਨ ਇਨਕਲਾਬੀ ਕਾਵਿ-ਰਚਨਾਵਾਂ ਦੀ ਸਿਰਜਣਾ ਵੀ ਕਰਦਾ ਹੈ ।

ਨਾਵਲਕਾਰ ਨੇ ਕਰਤਾਰ ਸਿੰਘ ਸਰਾਭੇ ਦਾ ਦੀਰਘ ਮਾਨਸਿਕ ਵਿਸ਼ਲੇਸ਼ਣ ਵੀ ਕੀਤਾ ਹੈ। ਕੰਧਾਰ ਪਹੁੰਚਣ ਸਮੇਂ ਵਾਪਸ ਪੰਜਾਬ ਜਾਣ ਦਾ ਫ਼ੈਸਲਾ ਕਰਨ ਸਮੇਂ ਦੀ ਸਰਾਭੇ ਦੀ ਮਾਨਸਿਕ ਸਥਿਤੀ ਦਾ ਸਜੀਵ ਚਿੱਤਰਣ ਕੀਤਾ ਗਿਆ ਹੈ। ਜੇਲ੍ਹ ਵਿੱਚ ਰਹਿੰਦੇ ਸਮੇਂ ਵੀ ਸਰਾਭੇ ਦੀ ਮਾਨਸਿਕ ਸਥਿਤੀ ਪੇਸ਼ ਕੀਤੀ ਗਈ ਹੈ ਕਿ ਕਿਵੇਂ ਉਸਨੂੰ ਮੌਤ ਦਾ ਸਹਿਮ ਨਹੀਂ, ਸਗੋਂ ਉਹ ਮੌਤ ਦੀ ਉਡੀਕ ਕਰਦਾ ਹੈ ਤਾਂ ਇਕ ਮੌਤ ਪਿਛੋਂ ਅਗਲਾ ਜਨਮ ਧਾਰਨ ਕਰਕੇ ਦੇਸ਼ ਦੀ ਆਜ਼ਾਦੀ ਲਈ ਫਿਰ ਸੰਘਰਸ਼ ਕਰੇ। ਬੀਰੀ ਦੇ ਮਿਲਣ ਆਉਣ ਉਤੇ ਉਹ ਖੁਸ਼ ਹੁੰਦਾ ਹੈ, ਪਰ ਕਮਜ਼ੋਰ ਨਹੀਂ ਬਣਦਾ, ਸਗੋਂ ਉਸਨੂੰ ਵੀ ਹੌਸਲਾ ਦਿੰਦਾ ਹੈ।ਕਰਤਾਰ ਸਿੰਘ ਸਰਾਭਾ ਲਹਿਰ ਦੀਆਂ ਗਤੀਵਿਧੀਆਂ ਦੇ ਪ੍ਰਸੰਗ ਵਿੱਚ ਅਸਾਧਾਰਣ ਕਾਰਜ ਕਰਦਾ ਹੈ, ਪਰ ਫਿਰ ਵੀ ਉਹ ਆਪਣੀ ਸਾਧਾਰਣਤਾ ਵਿੱਚ ਪੇਸ਼ ਹੋਇਆ ਹੈ। ਉਸ ਵਿੱਚ ਵੀ ਸਾਧਾਰਣ ਮਨੁੱਖਾਂ ਵਾਂਗ ਗੁਣ-ਔਗੁਣ ਸਮਾਏ ਹੋਏ ਹਨ ਜੋ ਕਿ ਉਸਨੂੰ ਰੁਮਾਂਟਿਕ ਨਾਇਕ ਤੋਂ ਵਖਰਿਆਉਂਦੇ ਹਨ। ਮਿਸਾਲ ਵਜੋਂ ਸਰਾਭਾ ਤੇਜ਼-ਤਰਾਰ ਕਿਸਮ ਦਾ ਇਨਕਲਾਬੀ ਸੀ। ਉਹ ਹਰ ਗੱਲ ਦਾ ਫ਼ੈਸਲਾ ਝਟਪਟ ਕਰ ਲੈਂਦਾ ਸੀ ਅਤੇ ਇਹ ਕਾਹਲੀ ਵਿੱਚ ਲਏ ਗਏ ਫ਼ੈਸਲੇ ਕਈ ਵਾਰ ਗ਼ਲਤ ਵੀ ਹੋ ਜਾਂਦੇ ਸਨ।

ਤੀਸਰੇ ਭਾਗ ਦੇ ਅੰਤਿਮ ਚਰਣ ਵਿੱਚ ਬੀਰੀ ਅਤੇ ਸੋਢੀ ਸੁਖਦੇਵ ਸਿੰਘ ਦੇ ਆਪਸੀ ਵਿਚਾਰਧਾਰਾਈ ਵਿਰੋਧਾਂ ਵਿੱਚੋਂ ਬੀਰੀ ਦੁਆਰਾ ਸੁਖ ਦੇਵ ਸਿੰਘ ਦੇ ਸਨਮਾਨ ਪੱਤਰਾਂ ਨੂੰ ਸਾੜਨ ਦਾ ਵੇਰਵਾ ਪ੍ਰਾਪਤ ਹੁੰਦਾ ਹੈ। ਇਸ ਹਿੱਸੇ ਵਿੱਚ ਹੀ ਸੋਢੀ ਸੁਖਦੇਵ ਸਿੰਘ ਅਤੇ ਸੁਦਰਸ਼ਨ ਦਾ ਆਪਸੀ ਵਿਰੋਧ ਸਿਖਰ ਉਪਰ ਪੁੱਜਦਾ ਹੈ ਅਤੇ ਦੋਵੇਂ ਧਿਰਾਂ ਖੁੱਲ੍ਹਮ-ਖੁੱਲ੍ਹੇ ਰੂਪ ਵਿੱਚ ਇਕ ਦੂਜੇ ਦੇ ਸਾਹਮਣੇ ਆ ਜਾਂਦੀਆਂ ਹਨ। ਇਸ ਕਾਰਣ ਸੋਢੀ ਸੁਖਦੇਵ ਸਿੰਘ ਆਪਣੀ ਔਲਾਦ ਤੋਂ ਨਿਰਾਸ਼ ਹੋ ਕੇ, ਅੰਗਰੇਜ਼ੀ ਸਾਮਰਾਜ ਦੀ ਪ੍ਰਸ਼ੰਸਾ ਹਾਸਿਲ ਕਰਨ ਲਈ, ਇਕ ਇਨਕਲਾਬੀ ਮਥਰਾ ਸਿੰਘ ਨੂੰ ਗ੍ਰਿਫਤਾਰ ਕਰਾਉਣ ਲਈ ਪਿਸ਼ਾਵਰ ਚਲਾ ਜਾਂਦਾ ਹੈ। ਇਸ ਤਰ੍ਹਾਂ ਏਥੇ ਵਤਨਪ੍ਰਸਤੀ ਦੇ ਵਿਸ਼ੇਸ਼ ਸੰਦਰਭ ਵਿੱਚ ਪੀੜ੍ਹੀ-ਪਾੜੇ ਦੀ ਸਮੱਸਿਆ ਉਜਾਗਰ ਹੁੰਦੀ ਦ੍ਰਿਸ਼ਟੀਗੋਚਰ ਹੁੰਦੀ ਹੈ।

ਇਸ ਉਪਰੰਤ ਇਹ ਨਾਵਲ ਆਪਣੇ ਅੰਤ ਵਲ ਵਧਦਾ ਹੈ। ਸੋਢੀ ਸੁਖਦੇਵ ਸਿੰਘ ਨੂੰ ਅਖਬਾਰ ਰਾਹੀਂ ਆਪਣੀ ਧੀ ਬੀਰੀ ਦਾ ਆਤਮ-ਹੱਤਿਆ ਦੀ ਸੂਚਨਾ ਮਿਲਦੀ ਹੈ। ਇਸਦੇ ਵਿਗੋਚੇ ਅਤੇ ਗਮ ਕਾਰਣ ਸੋਢੀ ਸੁਖਦੇਵ ਸਿੰਘ ਦੀ ਵੀ ਮੌਤ ਹੋ ਜਾਂਦੀ ਹੈ। ਇਸ ਨਾਵਲ ਵਿਚਲਾ ਇਕ ਹੋਰ ਮਹੱਤਵਪੂਰਣ ਨੁਕਤਾ ਇਸਦੇ 28ਵੇਂ ਕਾਂਡ ਵਿੱਚ ਭਾਈ ਪਰਮਾਨੰਦ ਅਤੇ ਕਰਤਾਰ ਸਿੰਘ ਸਰਾਭੇ ਵਿਚਕਾਰ ਹਿੰਸਾ ਅਤੇ ਅਹਿੰਸਾ ਬਾਰੇ ਹੋਇਆ ਸ਼ਾਸਤ੍ਰਾਰਥ ਹੈ। ਇਹ ਇਕ ਤਰ੍ਹਾਂ ਨਾਲ ਹਿੰਸਾ ਅਤੇ ਅਹਿੰਸਾ ਦੇ ਸੰਕਲਪਾਂ ਬਾਰੇ ਕੀਤੀ ਗਈ ਸਿੱਧਾਂਤਕ ਚਰਚਾ ਹੈ। ਨਾਵਲਕਾਰ ਨੇ ਗਦਰ-ਲਹਿਰ ਦੇ ਸੰਦਰਭ ਵਿੱਚ ਭਾਈ ਪਰਮਾਨਦੰ ਨੂੰ ਅਹਿੰਸਾਵਾਦੀ ਆਜ਼ਾਦੀ-ਗੁਲਾਟੀਆਂ ਦਾ ਪ੍ਰਤੀਨਿਧਤਵ ਕਰਦੇ ਹੋਏ ਦਰਸਾਇਆ ਹੈ। ਇਸ ਸ਼ਾਸਤ੍ਰਾਰਥ ਦੇ ਅੰਤਿਮ ਸਿੱਟੇ ਵਜੋਂ ਹਿੰਸਾ ਅਤੇ ਅਹਿੰਸਾ ਦੇ ਸੰਕਲਪ ਸੁਤੰਤਰਤਾ-ਸੰਗਰਾਮ ਦੇ ਪਰਿਪੇਖ ਵਿੱਚ ਇਕ ਦੂਜੇ ਦੇ ਵਿਰੋਧ ਵਿੱਚ ਨਹੀਂ, ਬਲਕਿ ਇਕ ਦੂਜੇ ਦੇ ਪੂਰਕ ਵਜੋਂ ਉਭਰਦੇ ਹੋਏ ਦ੍ਰਿਸ਼ਟੀਗੋਚਰ ਹੁੰਦੇ ਹਨ। ਇਸ ਵਿੱਚੋਂ ਨਾਨਕ ਸਿੰਘ ਦੀ ਨਾਵਲੀ ਦ੍ਰਿਸ਼ਟੀ ਦੇ ਦੋ ਤੱਤ ਉਘੜਦੇ ਹਨ : ਇਕ ਆਚਾਰਵਾਦ ਅਤੇ ਦੂਜਾ ਸਮਾਜਕਤਾ। ਪਰੰਤੂ ਇਹ ਤੱਤ ਉਸਦੇ ਨਾਵਲਾਂ ਵਿੱਚ ਸੰਯੋਜਿਤ ਰੂਪ ਵਿੱਚ ਨਹੀਂ, ਅੰਤਰ ਵਿਰੋਧ ਜਾਂ ਦੁਵੱਲਤਾ ਦੀ ਹਾਲਤ ਵਿੱਚ ਕਾਰਜਸ਼ੀਲ ਹਨ। ਇਸੇ ਲਈ ਲੇਖਕ ਗਦਰੀ ਇਨਕਲਾਬੀਆਂ ਦੀ ਸਿਮਰਤੀ ਵਿੱਚ ਬਿਹਬਲ ਹੋ ਉਠਦਾ ਹੈ, ਪਰੰਤੂ ਇਸਦੇ ਚਿਤਰਣ ਵਿੱਚ ਆਪਣੀ ਗਾਂਧੀਵਾਦੀ ਤਰਜੀਹ ਨੂੰ ਲੁਕਾ ਨਹੀਂ ਸਕਦਾ। ਇਹ ਦੁਵੱਲਤਾ ਨਾਨਕ ਸਿੰਘ ਦੀ ਬਿਰਤਾਂਤ ਚੇਤਨਾ ਵਿੱਚ ਨਿਹਿਤ ਪਾਠਕ-ਚੇਤਨਾ ਦਾ ਪਤਾ ਦਿੰਦੀ ਹੈ। ਇਸ ਦਾ ਮੂੰਹ ਸਥਾਪਤੀ ਵੱਲ ਵੀ ਹੈ ਅਤੇ ਸੁਤੰਤਰ ਇੱਛਾ ਵੱਲ ਵੀ। ਅਜਿਹੀ ਮੁਦਾ ਇਕ ਦ੍ਰਿਸ਼ਟੀ ਤੋਂ ਆਚਾਰ-ਨੀਤੀ ਹੈ, ਦੂਜੀ ਦ੍ਰਿਸ਼ਟੀ ਤੋਂ ਸਿਆਸਤ ਅਤੇ ਤੀਜੀ ਦ੍ਰਿਸ਼ਟੀ ਤੋਂ ਮੱਧ ਸ਼੍ਰੇਣਿਕ ਮਾਨਸਿਕਤਾ ਕਹੀ ਜਾ ਸਕਦੀ ਹੈ। ਇਸਦਾ ਸੰਬੋਧਨ ਗਿਣਤੀ ਵੱਲ ਹੈ। ਇਸਦੀ ਵੱਡੀ ਫਿਕਰ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਵਿੱਚ ਬਰਾਬਰ ਪ੍ਰਵਾਨ ਹੋਣ ਦੀ ਹੈ। ਹਿੱਤਾਂ ਦੇ ਤਨਾਉ ਨੂੰ ਇਹ ਸੰਬੋਧਨ ਵਿਵਸਥਾ ਨਾਲ ਨਹੀਂ, ਸਿਰਫ਼ ਸਦਭਾਵਨਾ ਦੀ ਥੁੜ ਨਾਲ ਜੋੜਦਾ ਹੈ। ਦੁਵੱਲਤਾ ਇਸ ਸਦਭਾਵਨਾ ਦਾ ਸਾਧਨ ਬਣਦੀ ਹੈ। ਇਸ ਰੂਪ ਵਿੱਚ ਇਹ ਲੋਕਪ੍ਰਿਯਤਾ ਦੀ ਆਧਾਰ-ਸ਼ਿਲਾ ਹੋ ਨਿੱਬੜਦੀ ਹੈ ਅਤੇ ਅਸੀਂ ਜਾਣਦੇ ਹਾਂ ਕਿ ਨਾਨਕ ਸਿੰਘ ਇਕ ਲੋਕਪ੍ਰਿਣ ਨਾਵਲਕਾਰ ਹੈ।

ਦੁਵੱਲਤਾ ਦੀ ਇਸ ਦੁਨੀਆਂ ਵਿੱਚ ਸ਼ੰਕਾਵਾਦੀ ਦਾ ਦਾਖਲਾ ਵਿਵਰਜਿਤ ਹੈ, ਕਿਉਂਕਿ ਇਸ ਦੇ ਸੰਚਾਰ ਦੀ ਆਧਾਰ-ਭੂਮੀ ਬੌਧਿਕਤਾ ਨਹੀਂ, ਨਿਸ਼ਚਾ ਹੈ। ਇਸੇ ਲਈ ਇਸ ਵਿੱਚ ਬਹੁ-ਅਰਥਤਾ ਦੀ ਕੋਈ ਗੁੰਜਾਇਸ਼ ਨਹੀਂ। ਇਹ ਨਿਸ਼ਚਿਤ ਦੀ ਪੈਰਵੀ ਦੀ ਦੁਨੀਆਂ ਹੈ। ਇਸੇ ਕਾਰਣ ਨਾਨਕ ਸਿੰਘ ਦਾ ਨਾਵਲ-ਜਗਤ ਦਰਿਆਫਤ ਦਾ ਜਗਤ ਨਹੀਂ, ਜਿਸ ਵਿੱਚ ਪਾਠਕ ਨੂੰ ਲੇਖਕ ਵਾਂਗ ਹੀ ਅਰਥ-ਸੰਯੋਜਨ ਅਤੇ ਅਰਥ-ਸੰਗਤੀ ਲਈ ਭਾਸ਼ਕ ਤਨਾਉ ਅਤੇ ਦ੍ਰਿਸ਼ਟੀ-ਬਿੰਦੂ ਦੀ ਮੁਸ਼ਕੱਤ ਵਿੱਚੋਂ ਗੁਜ਼ਰਨਾ ਪੈਂਦਾ ਹੈ।

ਇਸ ਤਰ੍ਹਾਂ ਇਹ ਸੰਭਾਵਿਤਾ ਦਾ ਜਗਤ ਨਹੀਂ। ਇਸ ਵਿੱਚ ਇਕ ਤੋ ਜ਼ਿਆਰਾ ਵਿਸੰਗਤੀਆਂ ਹਨ। ਪਾਤਰਵਲੀ ਵਿੱਚ ਵੀ ਅਤੇ ਘਟਨਾ ਵਿਧਾਨ ਵਿੱਚ ਹੀ। ਇਨ੍ਹਾਂ ਵਿਸੰਗਤੀਆਂ ਬਾਰੇ ਸੰਦੇਹਾਂ ਨਾਲ ਇਹ ਦੁਨੀਆਂ ਟੁੱਟ ਜਾਵੇਗੀ। ਇਸ ਵਿੱਚ ਜੇ ਕੋਈ ਦ੍ਰਿਸ਼ਟੀ ਬਿੰਦੂ ਹੈ ਤਾਂ ਉਹ ਕੇਵਲ ਬ੍ਰਹਮ ਗਿਆਨੀ ਵਾਲੇ ਅਧਿਕਾਰ ਦਾ ਬਿੰਦੂ ਹੈ।

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਨਾਵਲ ਪਤਿਤ ਸਮਾਜ ਦੀ ਉਪਜ ਹੈ। ਇਸ ਨਾਵਲ ਵਿੱਚ ਵੀ ਨਾਵਲਕਾਰ ਨੇ ਭਾਰਤੀ ਸਮਾਜ ਦਾ ਦੋ ਤਰ੍ਹਾਂ ਦਾ ਪਤਨ ਵਿਆਖਿਆ ਹੈ। ਇਕ ਤਾਂ ਸਮਾਜਿਕ ਪਤਨ ਕਿ ਲੋਕ ਇਤਿਹਾਸਕ ਪ੍ਰਸਥਿਤੀਆਂ ਬਾਰੇ ਚੇਤੰਨ ਨਹੀਂ ਸਨ ਅਤੇ ਇਸੇ ਚੇਤਨਾ-ਸੰਕਟ ਕਾਰਣ ਅੰਗਰੇਜ਼ੀ ਸਾਮਰਾਜ ਦੀ ਗੁਲਾਮੀ ਨੂੰ ਸਹਿ ਰਹੇ ਸਨ। ਦੂਜਾ ਪਤਨ ਧਾਰਮਿਕ ਸੀ, ਕਿਉਂਕਿ ਸਿੱਖ ਆਪਣੀ ਵਾਸਤਵਿਕ ਭੂਮਿਕਾ ਨੂੰ ਭੁੱਲ ਕੇ ਵਿਦੇਸ਼ੀ ਸਰਕਾਰ ਦੀਆਂ ਸ਼ੋਸ਼ਣਕਾਰੀ ਨੀਤੀਆਂ ਵਿਰੁੱਧ ਸੰਘਰਸ਼ ਕਰਨ ਦੀ ਥਾਂ ਉਹਨਾਂ ਦੀ ਹਮਾਇਤ ਕਰਨ ਲੱਗ ਪਏ ਸਨ। ਉਹ ਨਿੱਜੀ ਸੁਆਰਥਾਂ ਕਾਰਣ ਜ਼ੁਲਮ ਅਤੇ ਅਨਿਆਂ ਦਾ ਮੁੱਕਾਬਲਾ ਕਰਨ ਦੀ ਪਰੰਪਰਾ ਨੂੰ ਗਵਾ ਬੈਠੇ। ਸਖਸੀ ਪੂਜਾ ਵੀ ਇਸੇ ਧਾਰਮਿਕ ਪਤਨ ਦਾ ਇਕ ਹੋਰ ਪਾਸਾਰ ਬਣ ਕੇ ਸਾਹਮਣੇ ਆਉਂਦੀ ਹੈ। ਇਸ ਤਰ੍ਹਾਂ ਇਸ ਨਾਵਲ ਵਿੱਚ ਦੇਸ਼ ਭਗਤੀ, ਦੇਸ਼-ਧ੍ਰੋਹ ਅਤੇ ਅਹਿੰਸਾ-ਹਿੰਸਾ ਦੇ ਸੰਕਲਪ ਮੱਧ-ਸ਼੍ਰੇਣਿਕ ਸੰਮਝੋਤਾਵਾਦੀ ਦ੍ਰਿਸ਼ਟੀਕੋਣ ਕਾਰਣ ਇਕ ਦੂਜੇ ਦੇ ਸਮਾਨੰਤਰ ਚਲਦੇ ਦ੍ਰਿਸ਼ਟੀਗੋਚਰ ਹੁੰਦੇ ਹਨ।

ਇਤਿਹਾਸਕ ਨਾਵਲ ਵਾਂਗ ਇਕ ਮਿਆਨ ਦੋ ਤਲਵਾਰਾਂ ਨਾਵਲ ਵਿੱਚ ਵੀ ਕੁਝ ਪਾਤਰ ਇਤਿਹਾਸਕ ਸ਼ਖਸੀਅਤਾਂ ਅਤੇ ਕੁਝ ਕਲਪਿਤ ਹਨ। ਲੇਖਕ ਨੇ ਇਤਿਹਸਕ ਪਾਤਰਾਂ ਨੂੰ ਇਤਿਹਾਸਕ ਤੱਥਾਂ ਦੇ ਆਧਾਰ ਤੋਂ ਇਲਾਵਾ ਆਪਣੀ ਕਲਪਨਾ ਨਾਲ ਵੀ ਉਸਾਰਿਆ ਹੈ। ਪਾਤਰਾਂ ਰਾਹੀਂ ਇਤਿਹਾਸਕ ਸੰਘਰਸ਼ ਅਤੇ ਵਿਰੋਧਤਾ ਨੂੰ ਪੇਸ਼ ਕੀਤਾ ਹੈ। ਇਸ ਨਾਵਲ ਵਿੱਚ ਦੇਸ਼ ਭਗਤ ਅਤੇ ਦੇਸ਼ ਧ੍ਰੋਹੀ ਦੋ ਵਿਰੋਧੀ ਜੁੱਟ ਹਨ। ਇਹਨਾਂ ਵਿਚਕਾਰ ਵਿਰੋਧ ਚਲਦਾ ਰਹਿੰਦਾ ਹੈ। ਨਾਵਲਕਾਰ ਨੇ ਇਸ ਵਿਰੋਧ ਨੂੰ ਪਾਤਰਾਂ ਦੇ ਕਰਮ ਰਾਹੀਂ ਪ੍ਰਗਟਾਇਆ ਹੈ। ਇਸਦਾ ਮੁੱਖ ਕਾਰਣ ਨਾਨਕ ਸਿੰਘ ਦੀ ਅਜਿਹੀ ਰਚਨਾ-ਦ੍ਰਿਸ਼ਟੀ ਹੈ, ਜਿਸਦਾ ਚੌਖਟਾ ਧਾਰਮਿਕ ਆਚਾਰਵਾਦ ਦਾ ਸਿੱਟਾ ਹੈ ਕਿ ਨਾਨਕ ਸਿੰਘ ਦੇ ਇਸ ਨਾਵਲ ਵਿੱਚ ਜ਼ਿੰਦਗੀ ਦਾ ਸੰਘਰਸ਼ ਉਪਰੋਕਤ ਕਿਸਮ ਦੇ ਪਾਤਰਾਂ ਵਿਚਕਾਰ ਸਿਮਟ ਗਿਆ ਹੈ ਇਸ ਤਰ੍ਹਾਂ ਇਕ ਅਪਣਾਉਣਯੋਗ ਚਰਿੱਤਰ ਵਾਲੇ ਪਾਤਰ ਅਤੇ ਦੂਜੇ ਤਿਆਗਣਯੋਗ ਚਰਿੱਤਰ ਵਾਲੇ ਪਾਤਰ ਸਾਹਮਣੇ ਆਉਂਦੇ ਹਨ। ਇਸਦਾ ਅਗਲਾ ਸਿੱਟਾ ਇਹ ਨਿਕਲਦਾ ਹੈ ਕਿ ਉਸਦੇ ਨਾਵਲਾਂ ਵਿੱਚ ਸਮੱਸਿਆਵਾਂ ਆਪਣੇ ਇਤਿਹਾਸਕ ਸੰਦਰਭ ਵਿਚ ਨਹੀਂ, ਬਲਕਿ ਦੁਸ਼ਟ ਪਾਤਰਾਂ ਦੀ ਦੁਸ਼ਟਤਾ ਦੇ ਸਿੱਟੇ ਦੇ ਰੂਪ ਵਿੱਚ ਉਘੜਦੀਆਂ ਹਨ। ਸੋਢੀ ਸੁਖਦੇਵ ਸਿੰਘ ਦਾ ਪਾਤਰ ਇਸਦੀ ਪ੍ਰਮਾਣਿਕ ਮਿਸਾਲ ਕਹੀ ਜਾ ਸਕਦੀ ਹੈ।

ਦੇਸ਼ ਧ੍ਰੋਹੀ ਅਤੇ ਦੇਸ਼ ਭਗਤ ਪਾਤਰਾਂ ਵਿਚਕਾਰ ਕੁਝ ਹੋਰ ਪਾਤਰ ਅਜਿਹੇ ਹਨ, ਜੋ ਮਨ ਤੋਂ ਕ੍ਰਾਂਤੀਕਾਰੀਆਂ ਦੇ ਸ਼ੁਭਚਿੰਤਕ ਹਨ, ਉਹਨਾਂ ਦੀ ਅੰਦਰਖਾਤੇ ਸਹਾਇਤਾ ਕਰਦੇ ਹਨ ਅਤੇ ਗੱਦਾਰਾਂ ਦਾ ਵਿਰੋਧ ਕਰਨਾ ਚਾਹੁੰਦੇ ਹਨ : ਪਰੰਤੂ, ਸਮਾਜਕ ਬੰਧਨਾਂ ਕਾਰਣ ਖੁੱਲ੍ਹ ਕੇ ਅਜਿਹਾ ਨਹੀਂ ਕਰਦੇ। ਇਹਨਾ ਵਿੱਚ ਮਾਸਟਰ ਦਲੀਪ ਸਿੰਘ, ਸੁਦਰਸ਼ਨ ਆਦਿ ਪਾਤਰ ਆ ਜਾਂਦੇ ਹਨ। ਇਹ ਪਾਤਰ ਇਕ ਗੋਂਦ ਵਿੱਚ ਸ਼ਾਮਿਲ ਹਨ। ਗੋਂਦ ਤੋਂ ਭਾਵ ਹੈ, ਨਾਵਲ ਦੇ ਪਾਤਰਾ ਦਾ ਸਮੂਹਾਂ ਵਿੱਚ ਵੰਡਿਆਂ ਜਾਣਾ ਅਤੇ ਇਕ ਦੂਜੇ ਦੇ ਵਿਰੁੱਧ ਲੁਕਵੇਂ ਰੂਪ ਵਿੱਚ ਕਾਰਜ ਦੀ ਨੀਤੀ ਨਿਸ਼ਚਿਤ ਕਰਨਾ।"

ਇਸ ਨਾਵਲ ਦੇ ਬਿਰਤਾਂਤ ਦੀ ਇਕ ਹੋਰ ਵਿਸ਼ੇਸ਼ਤਾ ਇਸਦੀ ਭਾਸ਼ਾ ਹੈ। ਨਾਵਲਕਾਰ ਨੇ ਮਾਝੀ ਉਪਭਾਸ਼ਾ ਦੀ ਵਰਤੋ ਜ਼ਿਆਦਾ ਕੀਤੀ ਹੈ। ਉਸਨੇ ਮੁਹਾਵਰੇਦਾਰ ਭਾਸ਼ਾ ਦੀ ਵਰਤੋਂ ਕੀਤੀ ਹੈ, ਜਿਸ ਨਾਲ ਇਸ ਵਿੱਚ ਇਕ ਖਾਸ ਤਰ੍ਹਾਂ ਦੀ ਰਵਾਨੀ ਆ ਗਈ ਹੈ। ਮਿਸਾਲ ਵਜੋਂ 'ਬਣੀ ਵੇਲੇ ਆਪਣੇ ਪਰਛਾਵੇਂ ਦਾ ਵੀ ਸਾਥ ਛੱਡਣਾ', 'ਬਲਦੀ ਦਾ ਬੂਥਾ ਭੰਣਨਾ,' 'ਬਿਲੇ ਲਾਉਣਾ', 'ਫਤਵਾ ਦੇਣਾ', 'ਢਾਈਆਂ ਚੌਲਾਂ ਦੀ ਖਿਚੜੀ ਪਕਾਉਣਾ' ਆਦਿ। ਇਸੇ ਤਰ੍ਹਾਂ ਇਸ ਨਾਵਲ ਦਾ ਸਿਰਲੇਖ ਵੀ ਮੁਹਾਵਰੇਦਾਰ ਹੈ। ਨਾਵਲਕਾਰ ਨੇ ਉਰਦੂ ਫ਼ਾਰਸੀ ਦੇ ਸ਼ਬਦਾਂ ਦੀ ਵਰਤੋਂ ਵੀ ਕੀਤੀ ਹੈ, ਜਿਵੇਂ-ਫ਼ਿਜ਼ਾ, ਪਨਾਹ, ਮੁਸੱਲਾ, ਦਹਿਸ਼ਤ ਆਦਿ। ਕੁਝ ਇਕ ਅੰਗਰੇਜ਼ੀ ਦੇ ਲਫ਼ਜ਼ਾਂ ਦੀ ਵੀ ਵਰਤੋਂ ਕੀਤੀ ਹੈ, ਜਿਵੇਂ-ਬਲੱਡੀ ਫ਼ੂਲ, ਐਕਸਪਰੈਸ, ਪਲੇਟਫ਼ਾਰਮ, ਪੈਸੈਂਜਰ ਆਦਿ। ਇਸਤੋਂ ਇਲਾਵਾ ਜੇਹਲਮ ਦੇ ਖਿੱਤੇ ਦੀ ਅਤੇ ਪਸ਼ਤੋ ਭਾਸ਼ਾ ਦੀ ਵਰਤੋਂ ਵੀ ਕੀਤੀ ਗਈ ਹੈ। ਜਿਵੇਂ- 'ਆਗਾ ਕਿਲੀ ਖੋ ਦੇ ਜਾਇ ਨਾ ਡੇਰ ਲਿਰੇ। '(ਉਹ ਪਿੰਡ ਤਾਂ ਇਥੋਂ ਬਹੁਤ ਦੂਰ ਹੈ) ਇਸ ਤਰ੍ਹਾਂ ਤਤਕਾਲੀਨ ਵਾਤਾਵਰਣ ਸਿਰਜਣ ਲਈ ਉਸ ਸਮੇਂ ਦੀ ਸ਼ਬਦਾਵਲੀ ਵੀ ਵਰਤੀ ਗਈ ਹੈ ।

ਇਸ ਤਰ੍ਹਾਂ ਇਹ ਨਾਵਲ ਰੁਮਾਂਸ ਵਾਂਗ ਇਕਸਾਰ ਅੱਗੇ ਨਹੀਂ ਵੱਧਦਾ, ਸਗੋਂ ਫੇਬੁਲਾ ਦੀਆਂ ਕੜੀਆਂ ਖਿਲਰੀਆਂ ਹੋਈਆਂ ਹਨ, ਜਿਵੇਂ ਕਿ ਯਥਾਰਥਕ ਜੀਵਨ ਵਿੱਚ ਹੁੰਦਾ ਹੈ। ਕਿਧਰੇ-ਕਿਧਰੇ ਲੋਕ ਬਿਰਤਾਂਤ ਵਾਂਗ ਸਰਲ ਬਿਆਨ ਵੀ ਹੈ, ਪਰ ਕਿਧਰੇ ਅਜਨਬੀਕਰਣ ਦੀਆਂ ਜੁਗਤਾਂ ਦੀ ਵਰਤੋਂ, ਲੁਕਾਉ, ਠਹਿਰਾਉ ਆਦਿ ਦੀਆਂ ਵਿਧੀਆਂ ਨਾਲ ਵੀ ਕਹਾਣੀ ਨੂੰ ਮੱਠੀ-ਮੱਠੀ ਤੋਰੇ ਅੱਗੇ ਚਲਾਇਆ ਗਿਆ ਹੈ। ਕਿਧਰੇ ਕਾਲਪਨਿਕ ਕਹਾਣੀ ਨੂੰ ਅੱਗੇ ਵਧਾਇਆ ਹੈ ਅਤੇ ਕਿਧਰੇ ਇਤਿਹਾਸ ਦਾ ਵਰਣਨ ਕੀਤਾ ਗਿਆ ਹੈ। ਕਿਧਰੇ ਪਾਤਰਾਂ ਦੇ ਮੂੰਹੋਂ ਆਪਣੇ ਸੁਨੇਹੇ ਨੂੰ ਅੰਕਿਤ ਕਰ ਦਿੱਤਾ ਗਿਆ ਹੈ। ਇਸ ਤਰ੍ਹਾਂ ਫੇਬੁਲਾ ਨੂੰ ਸੁਜੇਤ ਦਾ ਰੂਪ ਦਿੱਤਾ ਗਿਆ ਹੈ।

ਨਾਨਕ ਸਿੰਘ ਦੁਆਰਾ ਵਰਤੀਆਂ ਗਈਆਂ ਬਿਰਤਾਂਤਕ ਜੁਗਤਾਂ ਦੇ ਪੱਖ ਤੋਂ ਕਹਿ ਸਕਦੇ ਹਾਂ ਕਿ ਇਹਨਾਂ ਵਿਚ ਵਿਅੰਗ ਦੀ ਸੁਰ ਦੁਜੈਲੀ ਰਹਿੰਦੀ ਹੈ, ਪ੍ਰਮੁੱਖ ਨਹੀਂ ਬਣਦੀ। ਇਹ ਸਮੱਸਿਆ ਦੇ ਉਪਜਣ

ਅਤੇ ਉਹਨਾਂ ਦੇ ਨਿਬੜੇ ਨੂੰ ਸਦਾਚਾਰਕ ਕੋਟੀਆਂ ਰਾਹੀਂ ਵਿਉਂਤਦੀਆਂ ਹਨ। ਇਸਦੇ ਅੰਤਰਗਤ ਹੀ ਕਾਵਿਕ ਨਿਆਂ ਦੇ ਚੌਖਟੇ ਵਿੱਚ ਬੁਰਿਆਂ ਨੂੰ ਡੰਡ ਅਤੇ ਚੰਗਿਆਂ ਨੂੰ ਨਿਆਂ ਮਿਲਦਾ ਹੈ। ਬਿਰਤਾਂਤਕ ਪੱਧਰ ਉਤੇ ਇਹ ਸਭ ਕੁਝ ਅਜਿਹੇ ਘਟਨਾਤਮਕ ਓਹਲਿਆਂ ਦੁਆਰਾ ਉਘੜਦਾ ਹੈ ਜੋ ਸੰਭਾਵੀ ਘੱਟ ਅਤੇ ਅਸੰਭਾਵੀ ਜ਼ਿਆਦਾ ਹੁੰਦੇ ਹਨ। ਇਸੇ ਲਈ ਨਾਨਕ ਸਿੰਘ ਦੇ ਨਾਵਲਾਂ ਵਿੱਚ ਅਰਥ ਸੰਗਤੀ ਦੇ ਸਿਰਜਣ ਲਈ ਸੰਭਾਵਿਤਾ, ਪਾਤਰਵਲੀ, ਸ਼ੈਲੀ-ਜੁਗਤਾਂ ਅਤੇ ਦ੍ਰਿਸ਼ਟੀ-ਬਿੰਦੂ ਦੀ ਥਾਂ ਬਲ, ਕੀ ਠੀਕ ਹੈ ਅਤੇ ਕੀ ਗਲਤ ਹੈ, ਦੇ ਇਖਲਾਕੀ ਸੂਤਰਾਂ ਉਤੇ ਰਹਿੰਦਾ ਹੈ।

ਅਸਲ ਵਿੱਚ ਵਸਤੂ ਭਾਵੇਂ ਕਿਤਨਾ ਵੀ ਚੰਗਾ ਹੋਵੇ ਜੇ ਉਸ ਦਾ ਪ੍ਰਗਟਾ ਢੰਗ ਊਣਾ ਹੈ ਤਾਂ ਉਸ ਵਿੱਚ ਨਿਖਾਰ ਨਹੀਂ ਆ ਸਕਦਾ। ਵਿਸ਼ੇ ਦੇ ਨਾਲ ਉਸ ਦਾ ਪ੍ਰਗਟਾਵਾ ਵੀ ਕਾਫ਼ੀ ਮੱਹਤਤਾ ਰਖਦਾ ਹੈ। ਨਾਨਕ ਸਿੰਘ ਦੀ ਨਾਵਲ ਕਲਾ ਦਾ ਅਧਿਐਨ ਕਰਨ ਲਈ ਉਸ ਦੇ ਨਾਵਲਾਂ ਵਿੱਚ ਪਲਾਟ ਦੀ ਚੋਣ, ਪਾਤਰ ਉਸਾਰੀ, ਵਾਰਤਾਲਾਪ, ਦ੍ਰਿਸ਼ ਵਰਣਨ, ਹੋਰ ਵਿਧੀਆਂ ਜੋ ਸਮੁਚੇ ਤੌਰ ਤੇ ਨਾਵਲ ਦੀ ਕਲਾ ਦਾ ਭਾਗ ਬਣਦੀਆਂ ਹਨ ਨੂੰ ਦ੍ਰਿਸ਼ਟੀ ਗੋਚਰ ਕਰਨਾ ਜ਼ਰੂਰੀ ਹੈ ।

ਨਾਵਲ ਵਿੱਚ ਪਲਾਟ ਦਾ ਵਿਸ਼ੇਸ਼ ਸਥਾਨ ਹੈ। ਨਾਨਕ ਸਿੰਘ ਨੇ ਆਪਣੇ ਨਾਵਲਾਂ ਵਿੱਚ ਪਲਾਟ ਨੂੰ ਮੁੱਖ ਥਾਂ ਦਿੱਤੀ ਹੈ। ਪਲਾਟ ਬਾਰੇ ਨਾਨਕ ਸਿੰਘ ਦੇ ਆਪਣੇ ਸ਼ਬਦ ਵੇਖਣ ਵਾਲੇ ਹਨ। ਪਲਾਟ ਦਾ ਦਰਜਾ ਨਾਵਲ ਲਈ ਉਸੇ ਤਰ੍ਹਾਂ ਦਾ ਹੈ ਜਿਵੇਂ ਗੁਲਦਸਤੇ ਲਈ ਇਕ ਖੂਬਸੂਰਤ ਫੂਲਦਾਨ ਦਾ। ਫੁੱਲ ਕਿੰਨੇ ਹੀ ਵਧੀਆਂ ਕਿਸਮ ਦੇ ਹੋਣ, ਮਾਲੀ ਕਿੰਨਾਂ ਹੀ ਸੁਚੱਜਾ ਹੋਵੇ, ਜੇ ਚੰਗੇ ਫੂਲਦਾਨ ਦੀ ਥਾਂ ਖੂਹ ਦੀ ਟਿੰਡ ਵਿੱਚ ਉਨ੍ਹਾਂ ਨੂੰ ਸਜਾ ਕੇ ਕਿਸੇ ਮੇਜ਼ ਤੇ ਰੱਖ ਦਿੱਤਾ ਜਾਵੇ ਤਾ ਉਸ ਦਾ ਕੀ ਮੁੱਲ ਪਵੇਗਾ। ਇਹ ਕਥਨ ਨਾਨਕ ਸਿੰਘ ਦੇ ਪਲਾਟ ਸਬੰਧੀ ਦ੍ਰਿਸ਼ਟੀਕੋਣ ਬਾਰੇ ਕਾਫ਼ੀ ਰੋਸ਼ਨੀ ਪਾਉਂਦਾ ਹੈ। ਨਾਨਕ ਸਿੰਘ ਆਪਣੇ ਨਾਵਲਾਂ ਵਿੱਚ ਘਟਨਾਵਾਂ ਦੀ ਚੋਣ ਵੱਲ ਖ਼ਾਸ ਧਿਆਨ ਦਿੰਦਾ ਹੈ। ਉਸ ਦੇ ਪਲਾਟ ਬੜ੍ਹੇ ਗੁੰਦਵੇਂ ਤੇ ਕਸੇ ਹੋਏ ਹੁੰਦੇ ਹਨ। ਕਿਸੇ ਘਟਨਾ ਨੂੰ ਕਲਪਨਾ ਰਾਹੀਂ ਉਸਾਰ ਕੇ ਉਸ ਨੂੰ ਨਵਾਂ ਰੂਪ ਦੇਣ ਦੀ ਨਾਨਕ ਸਿੰਘ ਨੂੰ ਬਹੁਤ ਚਗਂ ੀ ਜਾਂਚ ਹੈ । ਉਸ ਦੇ ਚੁਣੇ ਪਲਾਟਾਂ ਦੀ ਇਹ ਖੂਬੀ ਹੈ ਕਿ ਉਹ ਘਟਨਾਵਾਂ ਜੀਵਨ ਵਿੱਚੋਂ ਚੁਣਦਾ ਹੈ ਅਤੇ ਇਨ੍ਹਾਂ ਵਿੱਚ ਯਥਾਰਥਕ ਅੰਸ਼ ਦੀ ਪ੍ਰਧਾਨਤਾ ਹੁੰਦੀ ਹੈ। ਉਸ ਦੀਆ ਘਟਨਾਵਾਂ ਪਰਾਸਰੀਰਕ ਨਹੀਂ ਹੁੰਦੀਆਂ। ਦੂਜਾ ਜਿਹੜੀਆਂ ਘਟਨਾਵਾਂ ਉਹ ਚੁਣਦਾ ਹੈ ਉਨ੍ਹਾਂ ਤੋਂ ਉਸ ਦੀ ਮੌਲਿਕਤਾ ਸਾਫ਼ ਟਪਕਦੀ ਹੈ। ਉਹ ਕਿਸੇ ਹੋਰ ਦੀਆਂ ਚੁਣੀਆਂ ਘਟਨਾਵਾਂ ਦੇ ਆਧਾਰ ਤੇ ਨਾਵਲ ਰਚ ਹੀ ਨਹੀਂ ਸਕਦਾ। ਇਸ ਸੰਬੰਧ ਵਿੱਚ ਉਨ੍ਹਾਂ ਦਾ ਆਪਣਾ ਕਥਨ ਹੈ ; 'ਸਚ ਪੁੱਛੋ ਤਾਂ ਮੈਂ ਕਿਸੇ ਬਿਗਾਨੀ ਹੋਂਦ ਦੇ ਆਧਾਰ ਉਤੇ ਲਿਖ ਹੀ ਨਹੀਂ ਸਕਦਾ ਤੇ ਨਾ ਹੀ ਕਦੇ ਮੈਨੂੰ ਇਸ ਦੀ ਲੋੜ ਪਈ ਹੈ ਜਦਕਿ ਕਈ ਵਾਰ ਤਾਂ ਮੇਰੀ ਖੋਪਰੀ ਵਿੱਚ ਪਲਾਟਾਂ ਦੀ ਇੰਨੀ ਭੀੜ ਹੋ ਜਾਂਦੀ ਹੈ ਕਿ ਮੈਂ ਉਨ੍ਹਾਂ ਨੂੰ ਸੰਭਾਲਣ ਤੋਂ ਅਸਮਰਥ ਹੋ ਜਾਂਦਾ ਹਾਂ।"

ਨਾਨਕ ਸਿੰਘ ਇਵੇਂ ਮੌਲਿਕ ਘਟਨਾਵਾਂ ਨੂੰ ਚੋਣ ਕੇ ਅਜੇਹੇ ਢੰਗ ਨਾਲ ਗੁੰਦਦਾ ਹੈ ਕਿ ਘਟਨਾ ਦੀ ਕਿਸੇ ਤੰਦ ਨੂੰ ਫ਼ਜ਼ੂਲ ਨਹੀਂ ਰਹਿਣ ਦਿੰਦਾ। ਉਸ ਦੇ ਨਾਵਲਾਂ ਵਿੱਚ ਹਰ ਘਟਨਾ ਯੋਗ ਥਾਂ ਸਿਰ ਵਾਪਰਦੀ ਹੈ। ਇਸ ਨਾਲ ਜਿਥੇ ਕਹਾਣੀ ਰਸ ਕਾਇਮ ਰਹਿੰਦਾ ਹੈ, ਉਥੇ ਸੁਭਾਵਿਕਤਾ ਦਾ ਗੁਣ ਵੀ ਆ ਜਾਂਦਾ ਹੈ। ਉਹ ਕਹਾਣੀ ਨੂੰ ਬਿਆਨ ਕਰਨ ਵਾਲੇ ਇਤਿਹਾਸਕ ਅਤੇ ਨਾਟਕੀ ਢੰਗਾਂ ਦੀ ਵਰਤੋਂ ਕਰਦਾ ਹੈ। ਇਸ ਨਾਲ ਵੀ ਉਸ ਦੀ ਗੋਂਦ ਕਾਫ਼ੀ ਸਫਲ ਹੋ ਜਾਂਦੀ ਹੈ। ਉਸ ਨੇ ਆਪਣੇ ਨਾਵਲਾਂ ਵਿੱਚ ਲੋੜ ਅਨੁਸਾਰ ਚਿੱਠੀ ਪੱਤਰਾਂ ਦੀ ਵਿਧੀ ਨੂੰ ਵੀ ਵਰਤਿਆ ਹੈ। ਉਹ ਪਲਾਟ ਦੀ ਉਸਾਰੀ ਦੇ ਗੁਣ ਨੂੰ ਸਮਝਦਾ ਹੈ ਪਰ ਕਈ ਵਾਰ ਮੰਤਵ ਸਿੱਧੀ ਲਈ ਉਹ ਪਲਾਟ ਦੇ ਧਾਗੇ ਬੜਾ ਨਿਰਦਈ ਬਣ ਕੇ ਕਟਦਾ ਹੈ ਅਤੇ ਪਲਾਟ ਸੁਭਾਵਿਕ ਹੋਣ ਦੀ ਥਾਂ ਅਸੁਭਾਵਿਕ ਪ੍ਰਤੀਤ ਹੋਣ ਲਗਦਾ ਹੈ।

ਨਾਨਕ ਸਿੰਘ ਇਕ ਹੋਰ ਵਿਧੀ ਇਹ ਵਰਤਦਾ ਹੈ ਕਿ ਕਈ ਵਾਰ ਕਹਾਣੀ ਨੂੰ ਸੁਭਾਵਿਕ ਪ੍ਰਗਟਾਉਣ ਦੀ ਖਾਤਰ ਅਤੇ ਪਾਠਕਾਂ ਤੇ ਕਹਾਣੀ ਦੀ ਅਸਲੀਅਤ ਦਾ ਪ੍ਰਭਾਵ ਪਾਉਣ ਲਈ ਨਾਵਲ ਦੀ ਭੂਮਿਕਾ ਹੀ ਅਜਿਹੀ ਬੰਨ੍ਹਦਾ ਹੈ ਕਿ ਜਿਵੇਂ ਨਾਵਲ ਦੀ ਘਟਨਾ ਉਸ ਨਾਲ ਵਾਸਤਵ ਵਿੱਚ ਹੀ ਵਾਪਰੀ ਹੋਵੇ। ਮੁੱਖ ਸ਼ਬਦ ਹੀ ਇਸ ਢੰਗ ਨਾਲ ਲਿਖਦਾ ਹੈ ਕਿ ਸਾਰੀ ਅੱਗੇ ਆਉਣ ਵਾਲੀ ਕਹਾਣੀ ਸਾਨੂੰ ਸੱਚੀ ਪ੍ਰਤੀਤ ਹੋਣ ਲਗਦੀ ਹੈ। ਸ਼ੁਰੂ ਤੋਂ ਹੀ ਉਹ ਪਾਠਕਾਂ ਨੂੰ ਕਹਾਣੀ ਰਸ ਨਾਲ ਕੀਲ ਕੇ ਇਕ ਉਤਕੰਠਾ ਜਗਾ ਕੇ ਉਤਸੁਕ ਕਰ ਦਿੰਦਾ ਹੈ। ਸਾਰੇ ਨਾਵਲ ਵਿੱਚ ਉਹ ਪਲਾਟ ਦੀਆਂ ਤੰਦਾਂ ਕਸ ਕੇ ਰਖਦਾ ਹੈ ਅਤੇ ਕਹਾਣੀ ਰਸ ਨੂੰ ਉਪਜਾਈ ਰਖਦਾ ਹੈ। ਇਸ ਨਾਲ ਉਸ ਦੇ ਨਾਵਲਾਂ ਵਿੱਚ ਰੋਚਿਕਤਾ ਦਾ ਗੁਣ ਕਾਫ਼ੀ ਮਾਤਰਾ ਵਿੱਚ ਆ ਜਾਂਦਾ ਹੈ ਅਤੇ ਇਹੋ ਮੁੱਖ ਕਾਰਨ ਹੈ ਕਿ ਉਹਦੇ ਨਾਵਲ ਸਭ ਤੋਂ ਜ਼ਿਆਦਾ ਪੜ੍ਹੇ ਜਾਂਦੇ ਹਨ। ਇਸ ਲਿਹਾਜ਼ ਨਾਲ ਨਾਨਕ ਸਿੰਘ ਨੂੰ ਕਹਾਣੀ ਕਹਿਣ ਦਾ ਉਸਤਾਦ ਮੰਨਣਾ ਪੈਂਦਾ ਹੈ।

ਨਾਨਕ ਸਿੰਘ ਪਲਾਟ ਦੇ ਨਾਲ ਪਾਤਰ ਉਸਾਰੀ ਦੀ ਮਹੱਤਤਾ ਨੂੰ ਸਮਝਦਾ ਜ਼ਰੂਰ ਹੈ ਭਾਵੇਂ ਉਹ ਜਿੰਨਾ ਧਿਆਨ ਪਲਾਟ ਵੱਲ ਦਿੰਦਾ ਹੈ, ਉਨ੍ਹਾਂ ਪਾਤਰ ਉਸਾਰੀ ਵੱਲ ਨਹੀਂ। ਵੈਸੇ ਤਾਂ ਸਫਲ ਪਾਤਰ ਉਸਾਰੀ ਨੂੰ ਨਾਵਲ ਦੀ ਸਫਲਤਾ ਦੀ ਸ਼ਰਤ ਸਮਝਿਆ ਜਾਂਦਾ ਹੈ। ਨਾਨਕ ਸਿੰਘ ਦੇ ਨਾਵਲਾਂ ਵਿੱਚ ਜ਼ਿਆਦਾ ਪਾਤਰ ਜੀਉਂਦੇ ਜਾਗਦੇ ਮਨੁੱਖੀ ਪਾਤਰ ਹੁੰਦੇ ਹਨ ਉਸ ਦੇ ਕੁਝ ਪਾਤਰ ਤਾਂ ਵਿਕਾਸ ਕਰਦੇ ਹਨ। ਉਸ ਦੇ ਕਈ ਪਾਤਰ ਇਤਨੇ ਆਕਰਸ਼ਕ ਹੁੰਦੇ ਹਨ ਕਿ ਉਹ ਕੁਝ ਕੁਝ ਆਮ ਮਨੁੱਖਾਂ ਤੋਂ ਉਤੇ ਦੇ ਮਨੁੱਖ ਪ੍ਰਤੀਤ ਹੁੰਦੇ ਹਨ। ਸਭ ਤੋਂ ਪਹਿਲਾਂ ਤਾਂ ਨਾਨਕ ਸਿੰਘ ਆਪ ਲਿਖਦਾ ਹੈ, "ਭਾਵੇਂ ਮੇਰੇ ਨਾਇਕ ਲਾਲਚਾਂ, ਖਿੱਚਾਂ, ਲੋੜਾਂ ਨਾਲ ਪ੍ਰੇਰੇ ਜਾਂ ਡੇਗੇ ਜਾ ਸਕਦੇ ਹਨ, ਮੇਰੀਆਂ ਨਾਇਕਾਵਾਂ ਪਾਸੋਂ ਅਜਿਹਾ ਨਹੀਂ ਹੋ ਸਕਦਾ। ਮੈਂ ਕਿਸੇ ਇਸਤਰੀ ਨੂੰ ਆਪਣੇ ਖਾਵੰਦ ਜਾਂ ਮਾਤਾ ਪਿਤਾ ਦੀ ਹਾਕਮੀ ਵਿਰੁੱਧ ਖਲੋਤਾ ਨਹੀਂ ਵੇਖ ਸਕਦਾ। 'ਦੂਜਾ ਕਈ ਪੱਖੋਂ ਉਹ ਕੁਝ ਹੋਰ ਦ੍ਰਿੜ ਧਾਰਨਾਵਾਂ ਲੈ ਕੇ ਚਲਦਾ ਹੈ। ਨਾਨਕ ਸਿੰਘ ਦਾ ਹੋਰ ਢੰਗ ਇਹ

ਹੈ ਕਿ ਉਹ ਪਹਿਲੇ ਪਾਤਰਾਂ ਨੂੰ ਇੱਕਲਿਆਂ ਇੱਕਲਿਆਂ ਚਿੱਤਰਦਾ ਹੈ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਮੀਡੀ ਵਾਂਗ ਗੁੰਦ ਦਿੰਦਾ ਹੈ ਅਤੇ ਫਿਰ ਉਹ ਸਾਰੇ ਨਾਲ ਨਾਲ ਹੀ ਵਿਕਾਸ ਕਰਦੇ ਹਨ ਅੰਤ ਵਿੱਚ ਉਹ ਸਾਰੇ ਪਾਤਰਾਂ ਨੂੰ ਘਰੋ ਘਰੀ ਪਹੁੰਚਾ ਦਿੰਦਾ ਹੈ। ਉਹ ਕਿਸੇ ਵੀ ਥਾਂ ਪਾਤਰਾਂ ਨੂੰ ਅਧੂਰਾ ਚਿਤ੍ਰਿਆ ਨਹੀਂ ਛੱਡ ਦਿੰਦਾ।

ਵਾਰਤਾਲਾਪ ਦਾ ਵੀ ਨਾਵਲ ਕਲਾ ਦੇ ਖੇਤਰ ਵਿੱਚ ਆਪਣਾ ਸਥਾਨ ਹੈ। ਇਸ ਨਾਲ ਕਹਾਣੀ ਰਸ ਕਾਇਮ ਰਹਿੰਦਾ ਹੈ ਅਤੇ ਪਾਤਰ ਉਸਾਰੀ ਵਿੱਚ ਵੀ ਕਾਫ਼ੀ ਸਹਾਇਤਾ ਮਿਲਦੀ ਹੈ। ਨਾਨਕ ਸਿੰਘ ਆਪਣੇ ਨਾਵਲਾਂ ਵਿੱਚ ਵਾਰਤਾਲਾਪ ਦੀ ਲੋੜ ਅਨੁਸਾਰ ਵਰਤੋਂ ਕਰਦਾ ਹੈ। ਕਈ ਥਾਂ ਉਹ ਵਾਰਤਾਲਾਪ ਉਪਭਾਸ਼ਾ ਵਿੱਚ ਕਰਾਉਂਦਾ ਹੈ । ਉਹ ਨਾਵਲਾਂ ਵਿੱਚ ਲੋੜ ਦੇ ਅਨੁਸਾਰ ਚੁਸਤ, ਸੰਕੋਚਣੀ ਅਤੇ ਵਿਸਥਾਰ ਵਾਲੀ ਸਭ ਤਰ੍ਹਾਂ ਦੀ ਵਾਰਤਾਲਾਪ ਦੀ ਢੁਕਵੀਂ ਵਰਤੋਂ ਨੂੰ ਕਰਨਾ ਜਾਣਦਾ ਹੈ। ਨਾਨਕ ਸਿੰਘ ਦੀ ਲਿਖਣ ਸ਼ੈਲੀ ਵੀ ਕਮਾਲ ਦੀ ਹੈ ਉਹ ਹਰ ਚੀਜ਼ ਦਾ ਖਿਆਲ ਬਹੁਤ ਸਫਲਤਾ ਅਤੇ ਢੁਕਵੇਂ ਢੰਗ ਨਾਲ ਕਰ ਸਕਦਾ ਹੈ। ਲੋੜ ਦੇ ਅਨੁਸਾਰ ਉਹ ਸ਼ਬਦਾਂ ਅਤੇ ਸਾਦਾ ਹੋ ਜਾਂਦਾ ਹੈ। ਆਮ ਤੌਰ ਤੇ ਉਹ ਆਪਣੇ ਨਾਵਲਾਂ ਦੇ ਹਰ ਕਾਂਡ ਦੇ ਸ਼ੁਰੂ ਵਿੱਚ ਜੀਵਨ ਦੀ ਮਹਾਨ ਸਚਾਈ ਨੂੰ ਬਿਆਨ ਕਰਕੇ ਕੁਝ ਤੱਤ ਸਮਝਾਉਂਦਾ ਹੈ।

ਉਹ ਦ੍ਰਿਸ਼ ਵਰਣਨ ਵੀ ਬੜੀ ਮਿਹਨਤ ਨਾਲ ਕਰਦਾ ਹੈ। ਨਾਨਕ ਸਿੰਘ ਦਾ ਲਿਖਣ ਢੰਗ ਸਾਕਾ, ਠੇਠ, ਸ਼ਹਿਰੀ ਬੋਲੀ ਵਿੱਚ ਲਪੇਟਿਆ ਹੋਇਆ ਹੈ। ਉਹ ਬੋਲੀ ਸ਼ੁੱਧ ਵਰਤਦਾ ਹੈ। ਉਸ ਦੀ ਸ਼ਬਦਾਵਲੀ ਵਿੱਚ ਕਈ ਥਾਵਾਂ ਤੇ ਇਹ ਫਾਲਤੂ ਥੋਪੇ ਹੋਏ ਲੱਗਦੇ ਹਨ। ਅੰਗ੍ਰੇਜ਼ੀ ਨਾਨਕ ਸਿੰਘ ਨੇ ਜ਼ਿਆਦਾ ਨਹੀਂ ਪੜ੍ਹੀ ਅਤੇ ਇਸ ਲਈ ਕਈ ਥਾਂ ਉਸਦੇ ਸਾਧਾਰਣ ਵਰਤੇ ਸ਼ਬਦ ਵੀ ਗ਼ਲਤ ਉਚਾਰਨ ਵਾਲੇ ਹਨ। ਇਸ ਉਣਤਾਈ ਦੇ ਬਾਵਜੂਦ ਵੀ ਨਾਨਕ ਸਿੰਘ ਦੀ ਬੋਲੀ ਦੀ ਸਿਫ਼ਤ ਹੈ ਕਿ ਇਹ ਮਿੱਠੀ, ਮੁਹਾਵਰਿਆਂ ਭਰੂਪਰ, ਅਲੰਕਾਰਾਂ ਨਾਲ ਸ਼ਿੰਗਾਰੀ ਹੋਈ ਹੁੰਦੀ ਹੈ। ਉਸ ਨੂੰ ਨਾਵਲਾਂ ਵਿੱਚ ਸ਼ਬਦਾਂ ਰਾਹੀਂ ਰਸ ਪੈਦਾ ਕਰਨ ਦੀ ਜਾਚ ਜ਼ਰੂਰ ਹੈ। ਉਸਦੀ ਬੋਲੀ ਵਿੱਚ ਜੋ ਗ਼ਲਤੀਆਂ ਹਨ, ਉਹ ਜ਼ਿਆਦਾ ਉਸਦੀ ਤੇਜ਼ੀ ਅਤੇ ਅਣਗਹਿਲੀ ਕਾਰਨ ਹਨ। ਉਹ ਬਹੁਤ ਤੇਜੀ ਨਾਲ ਲਿਖਦਾ ਹੈ ਜਿਸ ਲਈ ਉਸਨੂੰ ਜ਼ਿਆਦਾ ਸੋਚਣ ਦਾ ਮੌਕਾ ਨਹੀਂ ਮਿਲਦਾ ਉਹ ਰਚਨਾ ਵਿੱਚ ਵਾਕਾਂ ਅਤੇ ਪਹਿਰਿਆਂ ਦੀ ਉਸਾਰੀ ਵੱਲ ਵੀ ਧਿਆਨ ਦਿੰਦਾ ਹੈ। ਇਹ ਖਿਆਲਾਂ ਦੇ ਅਨੁਸਾਰ ਉਸਰਦੇ ਚਲੇ ਜਾਂਦੇ ਹਨ ਬਾਕੀ ਜੇ ਕਦੇ ਉਹ ਸ਼ਬਦਾਂ ਦੀ ਚੋਣ ਵੱਲ ਕੁਝ ਹੋਰ ਧਿਆਨ ਦਿੰਦਾ ਤਾਂ ਉਹ ਸ਼ੈਲੀ ਨੂੰ ਸਫ਼ਲ ਬਣਾ ਸਕਦਾ ਸੀ।

ਨਾਨਕ ਸਿੰਘ ਨੇ ਇਸ ਤਰ੍ਹਾਂ ਨਾਵਲ ਕਲਾ ਦੇ ਵੱਖ-ਵੱਖ ਅੰਗਾਂ ਨੂੰ ਆਪਣੀ ਸੂਝ ਅਨੁਸਾਰ ਸਮਝ ਕੇ ਅਪਣਾਇਆ ਹੈ। ਉਸ ਨੇ ਆਪਣਾ ਨਾਵਲਾਂ ਵਿੱਚ ਕਹਾਣੀ ਰਸ ਨੂੰ ਰਜਵੇਂ ਰੂਪ ਵਿੱਚ ਦਿੱਤਾ ਹੈ। ਉਹ ਦੀ ਕਲਾਂ ਇਸ ਸਮਰਥਾ ਦੀ ਮਾਲਿਕ ਜ਼ਰੂਰ ਬਣੀ ਹੈ ਕਿ ਉਸ ਨੇ ਨਾਵਲਾਂ ਨੂੰ ਆਮ ਲੋਕਾਂ ਵਿੱਚ ਹਰਮਨ

ਪਿਆਰਾ ਬਣਾਇਆ ਹੈ ਉਸ ਨੇ ਸਾਧਾਰਣ ਲੋਕਾਂ ਦੀਆਂ ਸਮੱਸਿਆਵਾਂ ਨੂੰ ਛੋਹਿਆ ਹੈ ਅਤੇ ਇਸ ਮੰਤਵ ਲਈ ਕਲਾ ਦੇ ਮਿਆਰ ਨੂੰ ਵੀ ਸਾਧਾਰਣ ਲੋਕਾਂ ਦੇ ਪੱਧਰ ਤਕ ਰੱਖਿਆ ਹੈ। ਉਸ ਦੀ ਕਲਾ ਵਿੱਚ ਜ਼ਿਆਦਾ ਵਿਕਾਸ ਨਹੀਂ। ਜੋ ਢਾਂਚਾ ਉਸ ਨੇ 'ਚਿੱਟਾ ਲਹੂ' ਵਿੱਚ ਚੁਣਿਆ ਸੀ, ਉਸੇ ਨੂੰ ਬਹੁਤੇ ਨਾਵਲਾਂ ਵਿੱਚ ਅਪਣਾਇਆ ਹੈ। ਕੁਝ ਕੁ ਤਬਦੀਲੀਆਂ ਦਾ ਵਾਪਰਣਾ ਸੁਭਾਵਿਕ ਹੁੰਦਾ ਹੈ। ਪਰ ਜਿਵੇਂ ਕਈ ਕਲਾਕਾਰ ਅਭਿਆਸ ਨਾਲ ਪ੍ਰਵੀਨਤਾ ਵੱਲ ਵਧਦੇ ਹਨ ਨਾਨਕ ਸਿੰਘ ਵਿੱਚ ਕਲਾ ਦਾ ਵਿਕਾਸ ਪ੍ਰਬੀਨ ਨਹੀਂ ਹੋ ਸਕਿਆ ਉਸ ਦੇ ਜੋ ਦੋਸ਼ ਮੁਢਲੇ ਨਾਵਲਾਂ ਵਿੱਚ ਸਨ, ਉਹ ਪਿਛਲੇ ਨਾਵਲਾਂ ਵਿੱਚ ਵੀ ਮਿਲਦੇ ਹਨ।

## 5.4 Summary (ਨਿਸ਼ਕਰਸ਼) :

ਨਾਨਕ ਸਿੰਘ ਦਾ ਪੰਜਾਬੀ ਨਾਵਲ ਦੇ ਖੇਤਰ ਵਿੱਚ ਉਘਾ ਸਥਾਨ ਹੈ। ਨਾਨਕ ਸਿੰਘ ਨੇ ਇਸ ਤਰ੍ਹਾਂ ਨਾਵਲ ਕਲਾ ਦੇ ਵੱਖ-ਵੱਖ ਅੰਗਾਂ ਨੂੰ ਆਪਣੀ ਸੂਝ ਅਨੁਸਾਰ ਸਮਝ ਕੇ ਅਪਣਾਇਆ ਹੈ। ਨਾਨਕ ਸਿੰਘ ਦੀ ਨਾਵਲ ਕਲਾ ਦਾ ਅਧਿਐਨ ਕਰਨ ਲਈ ਉਸ ਦੇ ਨਾਵਲਾਂ ਵਿੱਚ ਪਲਾਟ ਦੀ ਚੋਣ, ਪਾਤਰ ਉਸਾਰੀ, ਵਾਰਤਾਲਾਪ, ਦ੍ਰਿਸ਼ ਵਰਣਨ, ਹੋਰ ਵਿਧੀਆਂ ਜੋ ਸਮੁੱਚੇ ਤੌਰ ਤੇ ਨਾਵਲ ਦੀ ਕਲਾ ਦਾ ਭਾਗ ਬਣਦੀਆਂ ਹਨ ਨੂੰ ਦ੍ਰਿਸ਼ਟੀ ਗੋਚਰ ਕਰਨਾ ਜ਼ਰੂਰੀ ਹੈ। ਉਸ ਨੇ ਜਿੱਥੇ ਪੰਜਾਬੀ ਦੇ ਹੁਣ ਤੱਕ ਦੇ ਨਾਵਲਕਾਰਾਂ ਵਿੱਚੋਂ ਸਭ ਤੋਂ ਜ਼ਿਆਦਾ ਨਾਵਲ ਲਿਖੇ ਹਨ, ਉਥੇ ਨਾਲ ਹੀ ਉਸ ਨੇ ਆਪਣੀ ਵਿਸ਼ੇਸ਼ ਨਾਵਲ ਕਲਾ ਰਾਹੀਂ ਆਉਣ ਵਾਲੇ ਨਾਵਲਕਾਰਾਂ ਨੂੰ ਪ੍ਰਭਾਵਿਤਾ ਕੀਤਾ ਹੈ। ਨਾਨਕ ਸਿੰਘ ਨੇ ਇਸਤਰੀ ਜਾਤੀ ਦੀਆਂ ਸਮੱਸਿਆਵਾਂ, ਪਿਆਰ, ਛੂਤਛਾਤ, ਧਾਰਮਿਕ ਪਖੰਡ, ਧਾਰਮਿਕ ਫ਼ਿਰਕਾਪ੍ਰਸਤੀ, ਸਾਧਾਂ ਦੇ ਭੇਖ, ਗਰੀਬੀ, ਸਰਮਾਏਦਾਰੀ ਦੀ ਲੁੱਟ, ਯਤੀਮਾਂ ਦੇ ਦੁਖੜੇ, ਵੰਡ ਦਾ ਕਹਿਰ, ਸਮਗਲਿੰਗ, ਦੇਸ਼ ਭਗਤੀ, ਭਰਿਸ਼ਟਾਚਾਰ ਆਦਿਕ ਸਭ ਤਰ੍ਹਾਂ ਦੀਆਂ ਸਮੱਸਿਆਵਾਂ ਨੂੰ ਆਪਣੇ ਨਾਵਲਾਂ ਵਿੱਚ ਥਾਂ ਦਿੱਤੀ ਹੈ। ਉਸ ਦਾ ਵਿਸ਼ੇ ਖੇਤਰ ਕਾਫ਼ੀ ਵਿਸ਼ਾਲ ਹੈ। ਉਸ ਨੇ ਹਰ ਸਮੱਸਿਆ ਨੂੰ ਆਪਣੇ ਨਾਵਲਾਂ ਦਾ ਵਿਸ਼ਾ ਬਣਾ ਕੇ ਇਕ ਚੇਤੰਨ ਕਲਾਕਾਰ ਹੋਣ ਦਾ ਸਬੂਤ ਦਿੱਤਾ ਹੈ।

## 5.5 Glossory/Keywords (ਔਖੇ ਸ਼ਬਦਾਂ ਦੇ ਅਰਥ)

ਸ਼ਰਮਾਏਦਾਰ-ਪੂੰਜੀਪਤੀ

ਪ੍ਰਤਿਨਿਧ- ਨੂੰਨਾ

ਪ੍ਰਵੀਨਤਾ-ਨਿਪੁੰਣਤਾ

ਵਿਉਂਤ- ਜੁਗਤ

## 5.6 Self-Assesement Questions (SAQ)

1. ਨਾਨਕ ਸਿੰਘ ਦੇ ਤਿੰਨ ਨਾਵਲਾਂ ਦੇ ਨਾਂ ਦਸੋ।

2. ਇਕ ਮਿਆਨ ਦੋ ਤਲਵਾਰਾਂ ਨਾਨਕ ਸਿੰਘ ਦਾ ਨਾਵਲ ਕਦੋਂ ਪ੍ਰਕਾਸ਼ਿਤ ਹੋਇਆ ਸੀ।

**5.7 Suggestive learning**:ਵਿਦਿਆਰਥੀ ਇਸ ਨਾਵਲ ਤੋ ਇਲਾਵਾ ਪੰਜਾਬੀ ਨਾਵਲ ਆਲੋਚਣਾ ਦੇ ਨਾਲ ਸੰਬੰਧਤ ਪੁਸਤਕਾਂ ਪੜ੍ਹਣ।

## 5.8 References


1. ਨਰਿੰਜਨ ਤਸਨੀਮ, ਪੰਜਾਬੀ ਨਾਵਲ ਦਾ ਆਲੋਚਨਾਤਮਕ ਅਧਿਐਨ, ਲੋਕ ਸਾਹਿਤ ਪ੍ਰਕਾਸ਼ਨ

2. ਟੀ. ਆਰ. ਵਿਨੋਦ, ਨਾਨਕ ਸਿੰਘ ਪੜਦਿਆਂ, ਚੇਤਨਾ ਪ੍ਰਕਾਸ਼ਨ


-----o-----

**Unit : 2** **Lesson : 6**

## Title : (ਸਾਹਿਤ ਦੀ ਪਰਿਭਾਸ਼ਾ, ਪ੍ਰਯੋਜਨ ਤੇ ਤੱਤ)

**Structure :**

**6.1 Objective (ਉਦੇਸ਼)**

**Instroduction (ਜਾਣ-ਪਛਾਣ)**

**6.3 Heading (ਸਾਹਿਤ ਦੀ ਪਰਿਭਾਸ਼ਾ, ਪ੍ਰਯੋਜਨ ਤੇ ਤੱਤ)**

**6.3.1 (ਸਾਹਿਤ ਦੀ ਪਰਿਭਾਸ਼ਾ)**

**6.3.3 (ਸਾਹਿਤ ਦੇ ਪ੍ਰਯੋਜਨ)**

**6.3.3 (ਸਾਹਿਤ ਦੇ ਤੱਤ)**

**6.4 Conclusion (ਨਿਸ਼ਕਰਸ਼)**

**6.5 Glossary (ਔਖੇ ਸ਼ਬਦਾਂ ਦੇ ਅਰਥ)**

**6.6 Self Assesment Question (SAQ)**

**6.7 Reference (ਸਹਾਇਕ ਪੁਸਤਕਾਂ)**

**6.8 Suggestive Learning**

### 6.1 ਉਦੇਸ਼ :-

ਮਨੁੱਖ ਦੁਆਰਾ ਸਿਰਜਤ ਸਾਰੀਆਂ ਸਿਰਜਨਾਵਾਂ ਵਿਚੋਂ ਕਲਾ ਇਕ ਵਿਸ਼ੇਸ਼ ਸਿਰਜਨਾ ਹੈ ਅਤੇ ਕਲਾ ਵਿਚ ਸਾਹਿਤ ਸਭ ਤੋਂ ਵੱਧ ਹਰਮਨ ਪਿਆਰਾ ਤੇ ਲੋਕ ਪ੍ਰਿਯ ਕਲਾ ਰੂਪ ਹੈ। ਇਸ ਪਾਠ ਵਿਚ ਅਸੀਂ

ਵਿਦਿਆਰਥੀਆਂ ਨੂੰ ਸਾਹਿਤ ਦੀਆਂ ਪਰਿਭਾਸ਼ਾਵਾਂ, ਪ੍ਰਯੋਜਨਾਂ ਅਤੇ ਸਾਹਿਤ ਦੇ ਤੱਤਾਂ ਬਾਰੇ ਜਾਣਕਾਰੀ ਦਿਆਂਗੇ।

## 6.2 ਜਾਣ-ਪਛਾਣ :

ਸੰਸਕ੍ਰਿਤ ਵਿਚ ਸਾਹਿਤ ਲਈ 'ਕਾਵਿ' ਸ਼ਬਦ ਹੈ। ਕਾਵਿ ਦਾ ਅਰਥ ਕਵਿਤਾ ਹੈ। ਪਰ, ਸੰਸਕ੍ਰਿਤ ਵਿਚ 'ਕਾਵਿ' ਕਵਿਤਾ ਤੋਂ ਇਲਾਵਾ ਕਈ ਹੋਰ ਸਾਹਿਤਕ ਰੂਪਾਂ ਲਈ ਵੀ ਵਰਤਿਆ ਜਾਂਦਾ ਹੈ। ਸਾਹਿਤ ਦਾ ਆਰੰਭਕ ਰੂਪ ਕਵਿਤਾ ਹੋਣ ਕਰਕੇ ਸਾਹਿਤ ਨੂੰ 'ਕਾਵਿ' ਕਿਹਾ ਜਾਣ ਲਗਾ। ਸਾਹਿਤ ਵੀ ਸੰਕ੍ਰਿਤ ਦੇ 'ਸਾਹਿਤਯਮ' ਸ਼ਬਦ ਤੋਂ ਬਣਿਆ ਹੈ। ਸਾਹਿਤਯਮ ਦਾ ਸ਼ਾਬਦਿਕ ਅਰਥ ਕਲਿਆਣ ਸਾਹਿਤ, ਪਿਆਰ ਸਾਹਿਤ ਹੈ। ਸੋ ਸਾਹਿਤ ਉਹ ਕਲਾ ਹੈ ਜਿਸ ਦਾ ਉਦੇਸ਼ ਮਾਨਵੀ ਪਿਆਰ ਜਾਂ ਸਾਮਜਕ ਕਲਿਆਣ ਹੈ।

ਅੰਗ੍ਰੇਜ਼ੀ ਵਿਚ ਸਾਹਿਤ ਲਈ Literature ਸ਼ਬਦ ਹੈ ਜਿਸ ਦਾ ਸੰਬੰਧ letter ਨਾਲ ਹੈ। ਇਸ ਤਰ੍ਹਾਂ ਅੱਖਰ-ਬੱਧ ਲਿਖਿਤ ਰਚਨਾ ਸਾਹਿਤ ਹੈ। ਉਰਦੂ ਅਤੇ ਫ਼ਾਰਸੀ ਵਿਚ 'ਸਾਹਿਤ' ਲਈ 'ਅਦਬ' ਸ਼ਬਦ ਹੈ ਜਿਸ ਦੇ ਅਰਥ ਹਨ : ਚੰਗਾ ਢੰਗ, ਸੁਚਜਤਾ, ਸੋਹਣਾ ਤਰੀਕਾ ਆਦਿ। ਇਸ ਆਧਾਰ ਤੇ ਸਾਹਿਤ ਅਜਿਹੀ ਰਚਨਾ ਹੈ ਜੋ ਜੀਵਨ-ਜਾਂਚ ਦੱਸੇ ਅਤੇ ਜੀਵਨ ਦਾ ਅਨੁਭਵ ਸੋਹਣੇ ਢੰਗ ਨਾਲ ਬਿਆਨ ਕਰੇ।

## 6.3 ਸਾਹਿਤ ਦੀ ਪਰਿਭਾਸ਼ਾ, ਪ੍ਰਯੋਜਨ ਅਤੇ ਤੱਤ

**6.3.1 ਸਾਹਿਤ ਦੀ ਪਰਿਭਾਸ਼ਾ :** ਸਾਹਿਤ ਦੀ ਵਿਆਪਕ ਪਰਿਭਾਸ਼ਾ ਇਹੋ ਹੈ ਕਿ ਕੋਈ ਵੀ ਲਿਖਿਤ ਲਿਪੀ-ਬੱਧ ਰਚਨਾ। ਇਸ ਵਿਆਪਕ ਪਰਿਭਾਸ਼ਾ ਦੇ ਅੰਤਰਗਤ ਊਲ-ਜਲੂਲ, ਅਸ਼ਲੀਲ ਲਿਖਤਾਂ ਕਿੱਥੇ ਸਾਹਿਤ ਦਾ ਅੰਗ ਬਣ ਸਕਦੀਆਂ ਹਨ ਉੱਥੇ ਹਿਸਾਬ ਆਦਿ ਵੀ ਸਾਹਿਤ ਹਨ। ਇਸ ਸਾਹਿਤ ਦੀ ਵਿਆਪਕ ਪਰਿਭਾਸ਼ਾ ਠੀਕ ਨਹੀਂ ਜਿਸ ਵਿਚ ਗੈਰ ਸਾਹਿਤਕ ਤੇ ਨੀਵੇਂ ਸੱਤਰ ਦੀਆਂ ਰਚਨਾਵਾਂ ਵੀ ਸਾਹਿਤਕ ਬਣ ਜਾਂਦੀਆਂ ਹਨ। ਇਸ ਵਿਆਪਕ ਪਰਿਭਾਸ਼ਾ ਹੇਠ ਮੂੰਹ ਜ਼ੁਬਾਨੀ ਸਾਹਿਤ ਨੂੰ ਨਹੀਂ ਗਿਣਿਆ ਗਿਆ।

ਸਾਹਿਤ ਦੀ ਪਰਿਭਾਸ਼ਾ ਹੇਠ ਲਿਖਿਤ ਜਾਂ ਲੋਕ-ਬਾਨ ਤੇ ਚੜਿਆ ਹਰ ਸਾਹਿਤ ਆ ਸਕਦਾ ਹੈ ਪਰ ਉਸ ਵਿਚ ਸੁਹਜ ਸੁਆਦ ਹੋਵੇ ਤੇ ਬਿਆਨ ਦਾ ਢੰਗ ਕਲਾਮਈ ਹੋਵੇ। ਸੰਕਾਚਿਤ ਪਰਿਭਾਸ਼ਾ ਅਨੁਸਾਰ ਸਾਹਿਤ ਉਹ ਸੁਹਜਮਈ ਕਲਾਤਮਕ ਢੰਗ ਵਿਚ ਕਹੀ ਗੱਲ ਹੈ ਜਿਸ ਰਾਹੀਂ ਜੀਵਨ ਵਿਚ ਪ੍ਰੇਰਨਾ ਮਿਲੇ।

ਸਾਹਿਤ ਲਈ ਸੰਕ੍ਰਿਤ ਵਿਚ 'ਕਾਵਿ' ਸ਼ਬਦ ਹੈ' ਕਾਵਿ ਦੀ ਸਹੀ ਪਰਿਭਾਸ਼ਾ ਲੱਭਣ ਵਾਸਤੇ ਸੰਸਕ੍ਰਿਤ ਦੇ ਵਿਦਵਾਨ 'ਕਾਵਿ ਦੀ ਆਤਮਾ' ਲੱਭਣ ਦੀ ਕੋਸ਼ਿਸ਼ ਕਰਦੇ ਰਹੇ ਤੇ 'ਕਾਵਿ ਦੀ ਆਤਮਾ' ਬਾਰੇ ਵੀ ਇਕ ਮਤਾ ਨਾ ਹੋਣ ਕਰਕੇ ਕਾਵਿ ਦੀਆਂ ਅਨੇਕਾਂ ਪਰਿਭਾਸ਼ਾਵਾਂ ਮਿਲਦੀਆਂ ਹਨ। ਜਿਵੇਂ –

(੧) ਰਸ ਵਾਲਾ ਵਾਕ ਕਾਵਿ ਹੈ 'ਰਸ' ਦਾ ਅਰਥ ਆਨੰਦ, ਸੁਆਦ ਹੈ। ਸੋ, ਰੋਚਕ ਰਚਨਾ ਹੀ ਸਾਹਿਤ ਹੈ। ਪਰ, ਹਰ ਰੋਚਕ ਵੰਨਗੀ ਸਾਹਿਤ ਨਹੀਂ ਹੋ ਸਕਦੀ। ਅਸ਼ਲੀਲ ਰਚਨਾਵਾਂ ਰੋਚਕ ਹੁੰਦੀਆਂ ਹਨ, ਪਰ ਸਾਹਿਤ ਦਾ ਅੰਗ ਨਹੀਂ।

(੨) ਕਾਵਿ ਅਲੰਕਾਰ ਵਾਲੀ ਰਚਨਾ ਹੈ। ਅਲੰਕਾਰ ਗਹਿਣਿਆਂ ਵਾਂਗ ਬਾਹਰਲੇ ਰੂਪ ਹਨ। ਆਤਮਾ ਅੰਦਰ ਹੁੰਦੀ ਹੈ। ਇਸ ਲਈ ਅਲੰਕਾਰ ਕਾਵਿ ਦੀ ਆਤਮਾ ਨਾ ਹੋਣ ਕਰਕੇ ਇਕ ਅਲੰਕ੍ਰਿਤ ਰਚਨਾ ਸਾਹਿਤ ਨਹੀਂ।

(੩) ਧੁਨੀਮਈ ਰਚਨਾ ਕਾਵਿ ਹੈ। ਇਥੇ ਧੁਨੀ ਦਾ ਅਰਥ ਅੰਦਰੂਨੀ ਅਰਥ ਹੈ। ਇਹ ਪਰਿਭਾਸ਼ਾ ਸਾਹਿਤ ਰਚਨਾ ਦੀ ਵਿਸ਼ੇ-ਵਸਤੂ ਨਾਲ ਸੰਬੰਧਤ ਹੈ ਨ ਕਿ ਸਾਹਿਤ ਦੇ ਬਾਹਰਲੇ ਰੂਪ ਨਾਲ

(੪) ਰੀਤੀ ਹੀ ਕਾਵਿ ਦੀ ਆਤਮਾ ਹੈ। ਇਸ ਵਿਚਾਰ ਅਨੁਸਾਰ ਆਮ ਭਾਸ਼ਾ ਵਿਚ ਕਹੀ ਗੱਲ ਸਾਹਿਤ ਨਹੀਂ ਆਮ ਭਾਸ਼ਾ ਤੋਂ ਉਚੇਰੀ ਭਾਸ਼ਾ ਘੁਮਾ ਫਿਰਾ ਕੇ ਕਹੀ ਹੋਈ ਗੱਲ ਹੀ ਸਾਹਿਤ ਹੈ।

ਇਸ ਤਰ੍ਹਾਂ ਸੰਸਕ੍ਰਿਤ ਵਿਦਵਾਨਾਂ ਨੇ ਸਾਹਿਤ ਦੀ ਪਰਿਭਾਸ਼ਾ ਦਾ ਅਰਥ 'ਕਾਵਿ ਦੀ ਆਤਮਾ' ਨੂੰ ਮੰਨਿਆ। ਹਰ ਇਕ ਵਿਦਵਾਨ ਨੇ ਆਪਣੀ ਵਿਚਾਰਧਾਰਾ ਅਨੁਸਾਰ ਕਾਵਿ ਦੀ ਆਤਮਾ ਨਿਸ਼ਚਿਤ ਕੀਤੀ। ਇਸ ਲਈ ਸਾਹਿਤ ਦੀਆਂ ਅਨੇਕ ਪਰਿਭਾਸ਼ਾਵਾਂ ਹੋ ਗਈਆਂ। ਇਕ ਵਿਦਵਾਨ ਕਸ਼ਮੇਂਦਰ ਨੇ ਸਾਹਿਤ ਦੀ ਪਰਿਭਾਸ਼ਾ ਕਰਨ ਲਈ ਔਚਿਤਯ ਸਿਧਾਂਤ ਦਿੱਤਾ ਜਿਸ ਦਾ ਭਾਵ ਇਹ ਹੈ ਕਿ ਸਾਹਿਤ ਉਹ ਰਚਨਾ ਹੈ ਜਿਸ ਵਿਚ ਲੋੜੀਂਦੇ ਅੰਦਰੂਨੀ ਅਰਥ ਸੱਭ ਕੁਝ ਹੋਵੇ। ਇਹ ਪਰਿਭਾਸ਼ਾ ਬਹੁਤ ਠੀਕ ਕਾਪਦੀ ਹੈ।

ਅਸਲ ਵਿਚ ਪਰਿਭਾਸ਼ਾ ਦਾ ਅਰਥ ਪਰੀਚੈ ਹੈ ਜੋ ਕਿ ਕਿਸੇ ਚੀਜ਼ ਦੇ ਅਰਥਾਂ ਨੂੰ ਸਪਸ਼ੱਟ ਕਰਦਾ ਹੈ ਜਦੋਂ ਸੰਸਕ੍ਰਿਤ ਵਿਦਵਾਨਾਂ ਨੂੰ ਸਾਹਿਤ ਦੀਆਂ ਉਪਰੋਕਤ ਪਰਿਭਾਸ਼ਾਵਾਂ ਸਾਹਿਤ ਦਾ ਅਰਥ ਸਪੱਸ਼ਟ ਕਰਨ ਵਾਲੀਆਂ ਜਾਪਦੀਆਂ, ਉਨ੍ਹਾਂ ਨੇ ਕਈ ਹੋਰ ਪਰਿਭਾਸ਼ਾਵਾਂ ਦਿੱਤੀਆਂ ਹਨ ਜਿਵੇਂ-

'ਸੁੰਦਰ ਅਰਥ ਸੂਚਕ ਵਾਕ ਕਾਵਿ (ਸਾਹਿਤ) ਹੈ, (ਜਗਨਨਾਥ) ਇਸ ਪਰਿਭਾਸ਼ਾ ਵਿਚ ਸੁਹਜ-ਸੁੰਦਰਤਾ, ਅਰਥ, ਬਾਹਰਲਾ ਰੂਪ ਵਾਕ ਸਾਹਿਤ ਦੇ ਕਈ ਗੁਣ ਸ਼ਾਮਿਲ ਹਨ।

ਦੋਸ਼ਾਂ ਤੋਂ ਬਗੈਰ, ਗੁਣਾਂ ਨਾਲ ਭਰਪੂਰ ਅਲੰਕਾਰ ਵਾਲੀ ਰਚਨਾ ਕਾਵਿ (ਸਾਹਿਤ) ਹੈ, ਮੰਮਟ ਦੁਆਰਾ ਦਿੱਤੀ ਗਈ ਪਰਿਭਾਸ਼ਾ ਅਗਨੀ ਪੁਰਾਣ ਵਿਚ ਦਿੱਤੀ ਪਰਿਭਾਸ਼ਾ ਤੇ ਆਧਾਰਿਤ ਜਾਪਦੀ ਹੈ। ਅਗਨੀ ਪੁਰਾਣ ਅਨੁਸਾਰ 'ਸੰਖੇਪ ਵਾਕਾਂ ਦੁਆਰਾ ਵਿਸ਼ੇਸ਼ ਅਰਥ ਦੀ ਅਭਿਵਿਅੰਜਨਾ (expression) ਸੁੰਦਰ-ਪਦਾਵਲੀ (forms) ਅਲੰਕਾਰ ਅਤੇ ਕਾਵਿ ਗੁਣਾਂ ਨਾਲ ਸੰਪੰਨ ਅਤੇ ਦੋਸ਼ਾ ਤੋਂ ਰਹਿਤ ਵਾਕ ਕਾਵਿ (ਸਾਹਿਤ) ਹੈ।

ਸੁਣਨ 'ਚ ਮਿੱਠੇ ਲਗਣ ਵਾਲੇ ਸ਼ਬਦਾਂ ਦਾ ਸਮੂਹ ਕਾਵਿ (ਸਾਹਿਤ) ਹੈ। ਭਾਮਹ, ਇਸ ਪਰਿਭਾਸ਼ਾ ਦਾ ਆਧਾਰ ਕਿਰਤ ਦਾ ਵਿਸ਼ਾ ਨਹੀਂ, ਬਾਹਰਲਾ ਰੂਪ ਹੈ।

ਪੱਚਮੀ ਵਿਦਵਾਨਾਂ ਨੇ ਸਾਹਿਤ ਦੀ ਪਰਿਭਾਸ਼ਾ ਆਪਣੇ ਢੰਗ ਨਾਲ ਕੀਤੀ ਹੈ, ਉਨ੍ਹਾਂ ਨੇ 'ਆਤਮਾ' ਦੀ ਗੱਲ ਨਹੀਂ ਕੀਤੀ। ਉਨ੍ਹਾਂ ਦੀਆਂ ਪਰਿਭਾਸ਼ਾਵਾਂ ਦਾ ਆਧਾਰ ਸਾਹਿਤ ਦੇ ਪ੍ਰਯੋਜਨ ਆਦਿ ਹਨ। ਸੋ ਪੱਛਮੀ ਵਿਦਵਾਨਾਂ ਦੁਆਰਾ ਦਿੱਤੀਆਂ ਪਰਿਭਾਸ਼ਾਵਾਂ ਚੋਂ ਹੀ ਸਾਹਿਤ ਦਾ ਸਰੂਪ ਸਾਹਿਤ ਦਾ ਕਾਰਜ ਲਭਿਆ ਜਾ ਸਕਦਾ ਹੈ। ਇਸ ਤਰ੍ਹਾਂ ਪੱਛਮੀ ਵਿਦਵਾਨਾਂ ਦੁਆਰਾ ਦਿੱਤੀਆਂ ਗਈਆਂ ਪਰਿਭਾਸ਼ਾਵਾਂ ਤੋਂ ਜ਼ਿਆਦਾ ਮਹੱਤਵਪੂਰਨ ਅਤੇ ਸਮੇਂ ਦੀ ਲੋੜ ਅਨੁਕੂਲ ਹਨ। ਇਥੇ ਕੁਝ ਕੁ ਪਰਿਭਾਸ਼ਾਵਾਂ ਦੇ ਹੀ ਨਮੂਨੇ ਦਿੱਤੇ ਜਾ ਰਹੇ ਹਨ।

ਮਨੁੱਖੀ ਜ਼ਿੰਦਗੀ ਵਿਚ ਜੋ ਵੀ ਉਤਾਰ-ਚੜ੍ਹਾ ਅੱਖੀ ਡਿਠੇ ਹਨ ਉਨ੍ਹਾਂ ਦਾ ਲੇਖਾ-ਜੋਖਾ ਸਾਹਿਤ ਹੈ (Literature is a vital record of what have seen in life) (ਹਡਸਨ)।

ਸਾਹਿਤ ਜੀਵਨ ਦੀ ਪੜਚੋਲ ਹੈ। (Literature is a criticism of life) (ਮੈਥੀਊ ਅਰਨਲਡ)

ਸਾਹਿਤ ਇਕ ਕਲਾ ਹੈ ਜਿਸ ਰਾਹੀਂ ਭਾਸ਼ਾ ਵਿਚ ਪ੍ਰਗਟਾ ਹੁੰਦਾ ਹੈ (literature is an art by which expression is achieved in language) (ਏਬਰਕ੍ਰੋਮਸ਼ੀ ਏ)

ਇਸੇ ਤਰ੍ਹਾਂ ਪਲੈਟੋ ਅਨੁਸਾਰ ਸਾਹਿਤ ਸੱਚ ਦੀ ਨਕਲ ਹੈ। ਜੱਦ ਕਿ ਪਲੈਟੋ ਦੇ ਚੇਲੇ ਅਰਸਤੂ ਅਨੁਸਾਰ ਸਾਹਿਤ ਸੱਚ ਦੀ ਨਕਲ ਨਹੀਂ, ਸਗੋਂ ਸੱਚ ਹੀ ਸਾਹਿਤ ਹੈ। ਗੋਰਕੀ ਅਨੁਸਾਰ, ਸਾਹਿਤ ਦੁਨੀਆਂ ਦਾ ਦਿਲ ਹੈ। ਸ਼ੈਲੇ ਅਨੁਸਾਰ ਸਾਹਿਤ ਸੋਹਣੀ ਤਰਤੀਬ ਵਿਚ ਰੱਖੇ ਹੋਏ ਸੋਹਣੇ ਸ਼ਬਦ ਹਨ। ਲੇਸਿੰਗ ਅਨੁਸਾਰ ਸਾਹਿਤ ਭਾਵਾਂ ਤੇ ਜਜ਼ਬਾਤਾਂ ਦਾ ਨਾਂ ਹੈ ਵੈਬਸਟਰ ਡਿਕਸ਼ਨਰੀ ਵਿਚ ਦਿੱਤੇ Literature ਦੇ ਅਰਥ ਅਨੁਸਾਰ ਸਾਹਿਤ ਉਹ ਹੈ ਜਿਸ ਦੀਆਂ ਕੀਮਤਾਂ ਸੁਹਜ ਸਵਾਦੀ ਹੋਣ, ਭਾਵਾਂ ਕਰਕੇ ਪ੍ਰਭਾਵਸ਼ਾਲੀ ਹੋਣ ਅਤੇ ਉੱਚੇ ਸੱਤਰ ਦੀਆਂ ਹੋਣ।

ਪੱਛਮੀ ਅਤੇ ਭਾਰਤੀ ਵਿਦਵਾਨਾਂ ਦੁਆਰਾ ਦਿੱਤੀਆਂ ਸਾਹਿਤ ਦੀਆਂ ਵੱਖ-ਵੱਖ ਪਰਿਭਾਸ਼ਾਵਾਂ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਸਾਹਿਤ ਦੀ ਇਕ ਨਹੀ ਅਨੇਕ ਪਰਿਭਾਸ਼ਾਵਾਂ ਹਨ। ਇਸੇ ਲਈ ਸਾਹਿਤ ਦੀ ਕੋਈ ਸੁਚੱਜੀ ਪਰਿਭਾਸ਼ਾ ਨਹੀਂ ਦਿੱਤੀ ਜਾ ਸਕਦੀ। ਇਕ ਤਾਂ ਸਾਹਿਤ ਦੇ ਤੱਤਾਂ ਦੇ ਆਧਾਰ ਤੇ ਹੀ ਕਈਆਂ ਪਰਿਭਾਸ਼ਾਵਾਂ ਹਨ। ਜਿਵੇਂ ਭਾਵ, ਸੁਹਜ, ਸੁੰਦਰਤਾ, ਗਿਆਨ, ਜਜ਼ਬਾਤ, ਅਨੁਭਵ, ਪ੍ਰੇਰਨਾ, ਕਲਾ, ਭਾਸ਼ਾ ਆਦਿ ਦੇ ਆਧਾਰ ਤੇ। ਦੂਜੇ ਜਿੰਨੇ ਵਿਦਵਾਨ ਹਨ, ਲਗਭਗ ਉਨ੍ਹੀਆਂ ਹੀ ਸਾਹਿਤ ਦੀਆਂ ਪਰਿਭਾਸ਼ਾਵਾਂ ਵੱਖਰੀਆਂ ਪੁਸਤਕਾਂ ਵਿਚ ਵੱਖਰੇ ਢੰਗ ਨਾਲ ਮਿਲਦੀਆਂ ਹਨ।

"ਪੱਛਮੀ ਆਲੋਚਨਾ ਦੇ ਸਿਧਾਂਤ ਦੀ ਰੂਪ ਰੇਖਾ" ਪੁਸਤਕ ਵਿਚ ਕੁਲਵੰਤ ਸਿੰਘ ਨੇ ਭਾਵੁਕ ਸ਼ੈਲੀ 'ਚ ਸਾਹਿਤ ਮਨੁੱਖੀ ਮਨ ਦੇ ਮੋਤੀਆਂ ਦੀ ਮਾਲਾ ਕਿਹਾ ਹੈ। ਗੁਰਦਿਆਲ ਸਿੰਘ ਫੁੱਲ ਅਨੁਸਾਰ ਸਾਹਿਤ ਇਕ ਅਜੇਹੀ ਕਲਾ ਹੈ ਜੋ ਸ਼ਬਦ-ਚਿੰਨ੍ਹਾਂ ਨਾਲ ਮਨੁੱਖੀ ਮਨੋਭਾਵਾਂ ਨੂੰ ਪ੍ਰਗਟਾਉਣ ਦਾ ਯਤਨ ਕਰਦੀ ਹੈ। ਅਮਰੀਕ ਸਿੰਘ ਦੇ ਖਿਆਲ ਵਿਚ ਸਾਹਿਤ ਜੀਵਨ ਦਾ ਸਾਬਦਿਕ ਚਿਤ੍ਰਣ ਹੈ। ਮਿਲਟਨ ਅਨੁਸਾਰ ਸਾਹਿਤ ਲੇਖਕ ਦੇ ਦਿਮਾਗ਼ੀ ਖ਼ੂਨ ਦਾ ਕਤਰਾ ਹੈ।

ਇਸ ਤਰ੍ਹਾਂ ਸਾਹਿਤ ਦੀਆਂ ਬੇਹੱਦ ਪਰਿਭਾਸ਼ਾਵਾਂ ਹਨ। ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ ਕਿ ਸਾਹਿਤ ਦੀਆਂ ਅਨੇਕਾਂ ਪਰਿਭਾਸ਼ਾਵਾਂ ਹੋਣ ਕਰਕੇ ਸਾਹਿਤ ਦੀ ਕੋਈ ਵੀ ਸੁਚੱਜੀ ਪਰਿਭਾਸ਼ਾ ਨਹੀਂ ਦਿੱਤੀ ਜਾ ਸਕਦੀ। ਸਾਰੀਆਂ ਪਰਿਭਾਸ਼ਾਵਾਂ ਨੂੰ ਮਿਲਾਕੇ ਹੀ ਕੋਈ ਸੁਚੱਜੀ ਪਰਿਭਾਸ਼ਾ ਹੋ ਸਕਦੀ ਹੈ। ਸਾਹਿਤ ਦੀ ਹੇਠ ਲਿਖੀ ਪਰਿਭਾਸ਼ਾ ਭਾਵੇਂ ਸੰਪੂਰਨ ਨਹੀਂ, ਫੇਰ ਵੀ ਕਾਫ਼ੀ ਹੱਦ ਤੱਕ ਠੀਕ ਹੈ; 'ਸਾਹਿਤ ਮਨੁੱਖ ਦੇ ਜੀਵਨ ਤਜਰਬਿਆਂ ਨੂੰ ਸ਼ਬਦਾਂ ਰਾਹੀਂ ਸੋਹਣੇ ਢੰਗ ਨਾਲ ਪ੍ਰਗਟਾਉਂਦੀ ਹੋਈ, ਸੁਹਜ-ਸੁਆਦ ਦਿੰਦੀ ਹੋਈ, ਮਨੁੱਖੀ ਆਦਰਸ਼ਾਂ ਦੀ ਅਗਵਾਈ ਕਰਨ ਵਾਲੀ ਰਚਨਾ ਦਾ ਨਾਂ ਹੈ ਜੋ ਮਨੁੱਖੀ ਵਿਚਾਰਾਂ ਤੇ ਵਲਵਲਿਆਂ ਦਾ ਕਲਾਤਮਕ ਰੁਪਾਂਤਰਨ ਹੈ।

### 6.3.2 ਸਾਹਿਤ ਦੇ ਪ੍ਰਯੋਜਨ :

ਸਾਹਿਤ ਦੀ ਵਿਆਪਕਤਾ ਨੂੰ ਮੁੱਖ ਰੱਖਦੇ ਹੋਏ ਇਸ ਦੇ ਕੋਈ ਨਿਸਚਿਤ ਪ੍ਰਯੋਜਨ ਨਿਰਧਾਰਿਤ ਕਰਨਾ ਬਹੁਤ ਕਠਿਨ ਹੈ। ਮਨੁੱਖ ਦੇ ਸਮੁੱਚੇ ਭਾਵ-ਜਗਤ ਨਾਲ ਸੰਬੰਧਿਤ ਹੋਣ ਕਰ ਕੇ, ਵੱਖ-ਵੱਖ ਅਨੁਭੂਤੀਆਂ ਦੇ ਪ੍ਰਗਟਾਉ ਕਰਨ ਵਾਲੇ ਇਸ ਪ੍ਰਮੁੱਖ ਸਾਧਨ-ਸਾਹਿਤ ਦੇ ਸੀਮਿਤ ਜਾਂ ਇਕਵੱਲ ਪ੍ਰਯੋਜਨ ਕਰਨਾ ਯੋਗ ਪ੍ਰਤੀਤ ਨਹੀਂ ਹੁੰਦਾ। ਫਿਰ ਵੀ ਭਾਰਤੀ ਸਾਹਿਤ ਵਿਚ ਅਤੇ ਪੱਛਮੀ ਸਾਹਿਤ ਵਿਚ ਸਮੇਂ ਸਮੇਂ ਸਿਰ ਇਸ ਬਾਰੇ ਮੱਤ ਪ੍ਰਗਟ ਕੀਤੇ ਗਏ ਹਨ। ਜਿਹਾ ਕਿ ਅਸੀਂ ਪਿੱਛੇ ਦੇਖ ਚੁਕੇ ਹਾਂ ਕਿ ਆਰੰਭ ਵਿਚ ਕਾਵਿ ਨੂੰ ਸਾਹਿਤ ਦੇ ਸਮਾਨ ਅਰਥਾਂ ਵਿਚ ਵਰਤਿਆ ਜਾਂਦਾ ਰਿਹਾ ਹੈ ਇਸ ਲਈ ਕਾਵਿ ਜਾਂ ਸਾਹਿਤ ਬਾਰੇ

ਆਚਾਰੀਆਂ ਅਥਵਾ ਚਿੰਤਕਾਂ ਦੀ ਇਕੋ ਧਾਰਣਾ ਰਹੀ ਹੈ।

ਪੱਛਮ ਵਿਚ ਪਲੈਟੋ ਤੋਂ ਲੈ ਕੇ ਅਜੋਕੇ ਯੁੱਗ ਤੱਕ ਸਾਹਿਤ ਅਥਵਾ ਕਾਵਿ ਦੇ ਪ੍ਰਯੋਜਨ ਬਾਰੇ ਮਹਾਨ ਆਲੋਚਕਾਂ ਨੇ ਵਿਸਤ੍ਰਿਤ ਵਿਸ਼ਲੇਸ਼ਣ ਕਤਿਾ ਹੈ ਇਸ ਲਈ ਸਿੱਧੇ ਅਥਵਾ ਅਸਿੱਧੇ ਰੂਪ ਵਿਚ ਨਿਰਿਧਾਰਿਤ ਮਾਨ-ਦੰਡਾਂ ਦਾ ਅਧਿਐਨ ਜ਼ਰੂਰੀ ਹੇ। ਪੱਛਮੀ ਸਮੀਖਿਆ ਦਾ ਮੁੱਢ ਯੂਨਾਨ ਦੇ ਮਹਾਨ ਵਿਚਾਰਕ ਪਲੈਟੋ ਤੋਂ ਮੰਨਿਆ ਜਾਂਦਾ ਹੈ। ਪਲੈਟੋ ਨੇ ਆਪਣੇ ਯੁੱਗ ਦੇ ਸਾਹਿਤ ਤੇ ਜੋ ਦੋਸ਼ ਲਾਏ ਉਨ੍ਹਾਂ ਅਨੁਸਾਰ ਉਸ ਨੇ ਸਾਹਿਤ ਨੂੰ ਸੱਤ ਤੋਂ ਦੂਰ ਦੀ ਵਸਤ ਮੰਨਿਆ ਤੇ ਕਿਹਾ ਕਿ ਸਾਹਿਤ ਮਾਨਵੀ ਵਾਸਨਾਵਾਂ ਤੋਂ ਉਤਪੰਨ ਹੁੰਦਾ ਹੈ ਮਾੜੇ ਮਨੋਵੇਗਾਂ ਨੂੰ ਉਭਾਰਦਾ ਹੈ, ਇਸ ਲਈ ਹੀਣਾ ਹੈ। ਪਲੈਟੋ ਨੇ ਯੂਨਾਨੀ ਸਾਹਿਤ ਦਾ ਨਿਰੀਖਣ ਕਰਨ ਪਿੱਛੋਂ ਕਿਹਾ ਸੀ ਕਿ ਅਨੈਤਿਕ ਤੇ ਅਸੱਤ ਨੂੰ ਰੌਚਿਕ ਬਣਾਉਂਦਾ ਹੈ, ਇਸ ਲਈ ਇਸ ਦਾ ਪ੍ਰਭਾਵ ਪਾਠਕਾਂ ਤੇ ਬੁਰਾ ਪੈਂਦਾ ਹੈ।

ਇਸ ਦੇ ਉਲਟ ਅਰਸਤੂ ਨੇ ਕਾਵਿ-ਕਲਾ ਨੂੰ ਰਾਜਨੀਤੀ ਦਾ ਨੀਤੀ-ਸ਼ਾਸਤਰ ਦੀ ਥਾਂ ਇਸਨੂੰ ਸੌਂਦਰਯ-ਸ਼ਾਸਤਰ ਵਜੋਂ ਦੇਖਿਆ। ਉਸ ਨੇ ਕਾਵਿ ਨੂੰ ਭਾਵਾਤਮਕ ਅਨੰਦ ਪ੍ਰਦਾਨ ਕਰਨਾ ਮਿਥਿਆ। ਅਰਸਤੂ ਅਨੁਸਾਰ ਕਲਾਕਾਰ ਅਥਵਾ ਕਵੀ ਤਿੰਨ ਪ੍ਰਕਾਰ ਦੀਆਂ ਵਸਤੂਆਂ ਵਿਚੋਂ ਕਿਸੇ ਇਕ ਦੀ ਨਕਲ ਕਰ ਸਕਦਾ ਹੈ। ਅਰਸਤੂ ਦਾ ਮੱਤ ਹੈ ਕਿ ਕਵਿਤਾ ਇਤਿਹਾਸ ਦੇ ਮੁਕਾਬਲੇ ਵੱਧ ਦਾਰਸ਼ਨਿਕ ਅਤੇ ਉੱਚੀ ਵਸਤ ਹੈ। ਇਤਿਹਾਸਕਾਰ ਤੇ ਕਵੀ ਵਿਚਕਾਰ ਅਸਲ ਫ਼ਰਕ ਇਹ ਹੈ ਕਿ ਇਕ ਤਾਂ ਉਸ ਦਾ ਵਰਣਨ ਕਰਦਾ ਹੈ ਜੋ ਵਾਪਰ ਚੁੱਕਾ ਹੈ ਤੇ ਦੂਸਰਾ ਉਸਦਾ ਵਰਣਨ ਕਰਦਾ ਹੈ ਜੋ ਵਾਪਰ ਸਕਦਾ ਹੈ। ਇਸ ਲਈ ਇਹ ਨਿਸ਼ਚਿਤ ਹੈ ਕਿ ਕਾਵਿ ਦਾ ਮੱਤ ਇਤਿਹਾਸ ਦੇ ਸੱਤ ਨਾਲੋਂ ਮਹਾਨ ਹੁੰਦਾ ਹੈ।

ਕਵੀ-ਚਿੰਤਕ ਹੌਰੇਸ ਨੇ ਸਾਹਿਤ ਦੇ ਲੱਛਣਾਂ ਦੇ ਬਾਰੇ ਵਿਚਾਰ ਕਰਦਿਆਂ 'ਉੱਤਮ ਕਾਵਿ ਲਈ ਜਾਗਰਿਤ ਵਿਵੇਕ-ਸ਼ਕਤੀ ਅਤੇ ਸਹੀ ਚਿੰਤਨ ਨੂੰ ਜ਼ਰੂਰੀ ਮੰਨਿਆ ਹੈ। ਵਿਸ਼ੇ ਦੀ ਚੋਣ ਬਾਰੇ ਉਸ ਦਾ ਵਿਚਾਰ ਹੈ ਕਿ ਸਾਹਿਤਕ-ਰਚਨਾ ਦਾ ਵਿਸ਼ੈ ਕੋਈ ਵੀ ਹੋ ਸਕਦਾ ਹੈ ਪਰ ਉਹ ਇਕ ਤਾਂ ਸਰਲ ਅਤੇ ਢੁਕਵਾਂ ਹੋਣਾ ਚਾਹੀਦਾ ਹੈ, ਦੂਜੇ ਉਹ ਕਵੀ ਦੀ ਸਮਰੱਥਾ ਦੇ ਆਤਮਸਾਤ ਹੋਣਾ ਜ਼ਰੂਰੀ ਹੈ। ਜਿਹੜਾ ਲੇਖਕ ਢੁਕਵਾਂ ਵਿਸ਼ਾ ਚੁਣ ਲੈਂਦਾ ਹੈ ਉਸ ਨੂੰ ਪ੍ਰਗਟਾਉਣ ਵਿਚ ਕੋਈ ਖ਼ਾਸ ਔਕੜ ਪੇਸ਼ ਨਹੀਂ ਆਉਂਦੀ।

ਮੈਥਿਊ ਆਰਨਲਡ ਨੇ ਸਾਹਿਤ ਨੂੰ ਜੀਵਨ ਦੀ ਆਲੋਚਨਾ ਸਵੀਕਾਰ ਕਰਦਿਆਂ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਕਿਸੇ ਲੇਖਕ ਦੀ ਮਹਾਨਤਾ ਇਸ ਗੱਲ ਵਿਚ ਨਹੀਂ ਕਿ ਉਸ ਨੇ ਕਲਾ ਦੀ ਦ੍ਰਿਸ਼ਟੀ ਤੋਂ ਕਿੰਨਾ ਮਹਾਨ ਸਾਹਿਤ ਰਚਿਆ ਹੈ ਬਲਕਿ ਇਸ ਗੱਲ ਵਿਚ ਹੈ ਕਿ ਉਸ ਦੇ ਸਾਹਿਤ ਨੇ ਯੁੱਗ ਦੀਆਂ ਸਾਹਿਤਕ ਤੇ ਸਮਾਜਕ ਲੋੜਾਂ ਨੂੰ ਕਿਸ ਹੱਦ ਤਕ ਪੂਰਾ ਕੀਤਾ ਹੈ।

ਰਿਚਰਡਜ਼ ਅਨੁਸਾਰ ਸਾਹਿਤ ਦਾ ਪ੍ਰਯੋਜਨ ਇਹ ਹੈ ਕਿ ਉਹ ਮਨੋਵੇਗਾਂ ਵਿਚ ਸੰਗਤੀ ਤੇ ਸਮਤੁਲਨ ਪੈਦਾ ਕਰੇ ਤੇ ਮਨ ਨੂੰ ਚੈਨ ਬਖ਼ਸ਼ੇ। ਸੁੰਦਰਤਾ ਇਸੇ ਕਰਕੇ ਚੰਗੀ ਹੈ ਕਿ ਉਸ ਨਾਲ ਵਿਰੋਧੀ ਮਨੋਵੇਗਾਂ ਵਿਚ ਵਿਵਸਥਾ ਤੇ ਸਮਤੁਲਨ ਉਪਜਦਾ ਹੈ।

ਭਾਰਤੀ ਸਾਹਿਤ-ਵਿਵੇਚਨ ਵਿਚ ਸਾਹਿਤ ਨੂੰ ਆਮ ਕਰਕੇ ਲੋਕ-ਅਨੰਦ ਦਾ ਵਿਸ਼ਾ ਆਖਿਆ ਗਿਆ ਹੈ ਅਤੇ ਸਾਹਿਤ ਤੇ ਸਮਾਜ ਦੇ ਆਪਸੀ ਸੰਬੰਧਾਂ ਬਾਰੇ ਬਹੁਤਾ ਕੁਝ ਨਹੀਂ ਆਖਿਆ ਗਿਆ। ਇਸ ਵਿਚ ਸਾਹਿਤ ਦੀ ਰਸ-ਮੂਲਕਤਾ ਉਪਰ ਹੀ ਵਧੇਰੇ ਜ਼ੋਰ ਹੈ ਜਦ ਕਿ ਅਸੀਂ ਦੇਖਦੇ ਹਾਂ ਕਿ ਪੱਛਮੀ ਸਾਹਿਤ ਵਿਵੇਚਨ ਵਿਚ ਵੱਖ-ਵੱਖ ਪੱਖਾਂ ਨੂੰ ਸਾਹਮਣੇ ਲਿਆਂਦਾ ਗਿਆ ਹੈ।

### 6.3.3 ਸਾਹਿਤ ਦੇ ਤੱਤ :

ਕਿਸੇ ਸਾਹਿਤਿਕ ਰਚਨਾ ਦੀ ਸਿਰਜਨਾ ਲਈ ਜਿਹੜੇ ਬੁਨਿਆਦੀ ਤੱਤਾਂ ਦੀ ਲੋੜ ਹੁੰਦੀ ਹੈ ਉਨ੍ਹਾਂ ਨੂੰ ਪੱਛਮੀ ਵਿੱਦਵਾਨਾਂ ਨੇ ਮੋਟੇ ਤੌਰ ਤੇ ਚਾਰ ਸ਼੍ਰੇਣੀਆਂ ਵਿਚ ਵੰਡਿਆ ਹੈ। ਇਹ ਤੱਤ ਹਨ :

੧. ਭਾਵ ਤੱਤ

੨. ਬੁੱਧੀ ਤੱਤ

੩. ਕਲਪਨਾ ਤੱਤ

੪. ਸ਼ੈਲੀ ਤੱਤ

**ਭਾਵ ਤੱਤ :** 'ਭਾਵ' ਨੂੰ ਭਾਰਤੀ ਆਚਾਰੀਆਂ ਨੇ ਸਾਹਿਤ ਦੀ ਜਿੰਦ ਜਾਨ ਮੰਨਿਆ ਹੈ। ਖੇਮ ਚੰਦਰ ਸੁਮਨ ਅਨੁਸਾਰ ਭਾਵ ਦੀ ਘਾਟ ਕਾਰਨ ਸਾਹਿਤ ਨਿਸਚੈ ਹੀ ਨਿਰਪ੍ਰਾਣ ਹੋ ਜਾਂਦਾ ਹੈ। ਸੰਸਾਰਿਕ ਬੰਧਨਾਂ ਤੋਂ ਮੁਕਤ ਹੋ ਕੇ ਕਲਾਕਾਰ ਉੱਚ ਭਾਵ-ਭੂਮੀ ਸਥਿਤ ਅਨੰਦਮਈ ਭਾਵਾਂ ਦਾ ਉਦ੍ਰੇਕ ਅਪਣੇ ਹਿਰਦੇ ਵਿਚ ਲੱਭਦਾ ਹੈ ਤੇ ਅਪਣੇ ਕਾਵਿ ਵਿਚ ਪ੍ਰਗਟ ਕਰਦਾ ਹੈ ਤਾਂ ਉਹੀ ਰਸ ਦਾ ਰੂਪ ਧਾਰਣ ਕਰ ਕੇ ਪਾਠਕ ਜਾਂ ਸਰੋਤੇ ਦੇ ਹਿਰਦੇ ਨੂੰ ਅੰਨਦ-ਮਗਨ ਕਰ ਦਿੰਦੇ ਹਨ।

ਮਨੁੱਖੀ ਮਨ ਦਾ ਸੰਵੇਦਨਸ਼ੀਲ ਅੰਗ ਹੋਣ ਕਰਕੇ ਭਾਵ ਅਥਾਹ ਪ੍ਰੇਰਣਾ-ਸ਼ਕਤੀ ਰੱਖਦੇ ਹਨ। 'ਭਾਵ' ਮਾਨਸਿਕ ਜੀਵਨ ਵਿਚ ਸਦਾ ਵਿਆਪਤ ਰਹਿੰਦੇ ਹਨ। ਮਨ ਵਿਚ ਉੱਠੀ ਕੋਈ ਵੀ ਤਰੰਗ ਅਜਿਹੀ ਨਹੀਂ ਹੁੰਦੀ ਜਿਸ ਵਿਚ ਭਾਵਾਂ ਦੀ ਲੇਸ ਨਾ ਹੋਵੇ। ਭਾਵ ਹਰ ਆਦਮੀ ਦੀ ਅੰਤਰਾਤਮਾ ਦਾ ਇਕ ਵਿਸ਼ੇਸ਼ ਧਰਮ ਹੈ ਅਤੇ ਕੋਈ ਵੀ ਗਿਆਨ ਅਸਲ ਵਿਚ ਭਾਵਾਂ ਬਗੈਰ ਸੰਪੂਰਨ ਨਹੀਂ ਹੋ ਸਕਦਾ। ਕਿਹਾ ਜਾ ਸਕਦਾ ਹੈ ਕਿ ਮਨੁੱਖ ਦੇ ਮਨ ਵਿਚ ਜਿੰਨੀਆਂ ਇੱਛਾਵਾਂ ਉਤਪੰਨ ਹੁੰਦੀਆਂ ਹਨ ਉਨ੍ਹੇ ਪ੍ਰਕਾਰ ਦੇ ਭਾਵ ਹੋ

ਸਕਦੇ ਹਨ। ਹਰੇਕ ਮਨੋਵੇਗ ਤੋਂ ਮਨੁੱਖ ਕੁਝ ਨਾ ਕੁਝ ਓਨੁਭਵ ਪ੍ਰਾਪਤ ਕਰਦਾ ਹੈ। ਇਹੋ ਅਨੁਭੂਤੀ ਭਾਵਾਂ ਦੀ ਉਤਪੱਤੀ ਦਾ ਕਾਰਣ ਬਣਦੀ ਹੈ।

**ਬੁੱਧੀ ਤੱਤ :** ਸਾਹਿਤ ਵਿਚ ਕੋਈ ਲੇਖਕ ਆਪਣੇ ਗਿਆਨ ਅਥਵਾ ਵਿਚਾਰਧਾਰਾ ਅਨੁਸਾਰ ਜੀਵਨ ਦੀ ਵਿਆਖਿਆ ਕਰਦਾ ਹੈ ਅਤੇ ਜਗਤ ਦੇ ਮਹਾਨ ਸੱਤਾਂ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਕਾਰਜ ਦੀ ਪੂਰਤੀ ਵਿਚ ਬੁੱਧੀ ਦਾ ਵਿਸ਼ੇਸ਼ ਭਾਗ ਹੁੰਦਾ ਹੈ ਕਿਉਂਕਿ ਬੁੱਧੀ ਦੁਆਰਾ ਹੀ ਚਿੰਤਨ ਅਥਵਾ ਦਾਰਸ਼ਨਿਕ ਵਿਚਾਰਾਂ ਦੀ ਪੇਸ਼ਕਾਰੀ ਸੰਭਵ ਹੁੰਦੀ ਹੈ। ਸਪੱਸ਼ਟ ਹੈ ਕਿ ਬੁੱਧੀ-ਤੱਤ ਵਿਚ ਵਿਚਾਰ ਦੀ ਪ੍ਰਧਾਨਤਾ ਸਦਾ ਬਣੀ ਰਹਿੰਦੀ ਹੈ। ਇਹ ਤੱਤ ਅਸਲ ਵਿਚ ਉਹ ਮਾਧਿਅਮ ਹੈ ਜਿਸ ਰਾਹੀਂ ਕਲਾਕਾਰ ਆਪਣੀ ਰਚਨਾ ਦਾ ਉਦੇਸ਼ ਪ੍ਰਗਟ ਕਰਨ ਵਿਚ ਸ਼ਫ਼ਲ ਹੁੰਦਾ ਹੈ।

ਬੁੱਧੀ ਮਨ ਦੀ ਚੇਤੰਨ-ਸ਼ਕਤੀ ਹੈ।ਇਸ ਦੀ ਸਹਾਇਤਾ ਨਾਲ ਇੰਦਿਰਿਆਈ ਗਿਆਨ ਅਥਵਾ ਮਨੋਵੇਗਾਂ ਦਾ ਬੋਧ ਪ੍ਰਾਪਤ ਹੁੰਦਾ ਹੈ। ਵਿਚਾਰ ਦੀ ਉਤਪੱਤੀ ਉਦੋਂ ਹੀ ਸੰਭਵ ਹੁੰਦੀ ਹੈ ਜਦੋਂ ਅਸੀਂ ਬੁੱਧੀ ਦੁਆਰਾ ਕਿਸੇ ਵਸਤੂ ਦਾ ਗਿਆਨ ਪ੍ਰਾਪਤ ਕਰਦੇ ਹਾਂ। ਇਸ ਲਈ ਸਾਹਿਤ ਰਚਨਾ ਦੇ ਸੰਬੰਧ ਵਿਚ ਬੁੱਧੀ ਦਾ ਵਿਸ਼ੇਸ਼ ਮਹੱਤਵ ਹੈ।

**ਕਲਪਨਾ ਤੱਤ :** ਜੇ ਅਸੀਂ 'ਕਲਪਨਾ' ਸ਼ਬਦ ਦੀ ਵਿਉਤਪਤੀ ਵੱਲ ਜਾਈਏ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਕਲਪਨਾ ਤੋਂ ਭਾਵ ਨਿਰਮਾਨ ਜਾਂ ਸ੍ਰਿਸ਼ਟੀ ਕਰਨਾ ਹੈ । ਅੰਗ੍ਰੇਜ਼ੀ ਵਿਚ ਕਲਪਨਾ ਲਈ ਸ਼ਬਦ 'ਇਮੈਜੀਨੇਸ਼ਨ'' ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਸ਼ਬਦ 'ਇਮੇਜ' ਤੋਂ ਬਣਿਆ ਹੈ ਜਿਸ ਦਾ ਅਰਥ ਹੈ ਮਨ ਵਿਚ ਕੋਈ ਧਾਰਣਾ ਪੈਦਾ ਕਰਨਾ। ਕਲਪਨਾ ਇਕ ਅਜਿਹੀ ਸ਼ਕਤੀ ਹੈ ਜਿਸ ਦੁਆਰਾ ਕਲਾਕਾਰ ਦਿਸਦੇ ਜਗਤ ਤੋਂ ਇਲਾਵਾ ਅਣਦੇਖੀਆਂ, ਅਪ੍ਰਤੱਖ ਅਥਵਾ ਅਮੂਰਤ ਵਸਤੂਆਂ ਨੂੰ ਵੀ ਮੂਰਤੀਮਾਨ ਕਰ ਦਿੰਦਾ ਹੈ। ਇਸ ਤੋਂ ਇਲਾਵਾ ਕਲਪਨਾ ਦੇ ਸਾਧਾਰਣ ਵਸਤੂਆਂ ਅਥਵਾ ਘਟਨਾਵਾਂ ਨੂੰ ਅਸਾਧਾਰਣ ਰੂਪ ਵਿਚ ਚਿਤ੍ਰਿਤ ਕਰ ਕੇ ਇਸ ਢੰਗ ਨਾਲ ਪੇਸ਼ ਕਰਦਾ ਹੈ ਕਿ ਰਸਮਈ ਵਿਚਿੱਤਰਤਾ ਤੇ ਅਨੰਦ ਦੀ ਪ੍ਰਾਪਤੀ ਹੁੰਦੀ ਹੈ।

ਕਲਪਨਾ ਅਤੇ ਭਾਵਾਂ ਦਾ ਅਤਿ ਨੇੜਲਾ ਸੰਬੰਧ ਹੁੰਦਾ ਹੈ। ਜਿੱਥੇ ਬੁੱਧੀ ਭਾਵਾਂ ਨੂੰ ਸ਼ਕਤੀ ਪ੍ਰਧਾਨ ਕਰਦੀ ਹੈ ਉੱਥੇ ਕਲਪਨਾ ਭਾਵਾਂ ਨੂੰ ਵਿਆਪਕ ਬਣਾਉਣ ਦੇ ਨਾਲ-ਨਾਲ ਹਿਲੋਰਾ ਦਿੰਦੀ ਤੇ ਉੱਚੀ ਉਡਾਰੀ ਬਖ਼ਸ਼ਦੀ ਹੈ। ਦੂਜੇ ਅਰਥਾਂ ਵਿਚ ਕਲਪਨਾ ਇਕ ਪ੍ਰਕਾਰ ਦੀ ਸਿਰਜਨ-ਸ਼ਕਤੀ ਦਾ ਨਾਂ ਹੈ ਜਿਸ ਦੁਆਰਾ ਲੇਖਕ ਜਾਂ ਕਲਾਕਾਰ ਜਗਤ ਦਾ ਟੁੰਬਵਾਂ ਪੁਨਰ-ਨਿਰਮਾਣ ਕਰਦਾ ਹੈ। ਵਿਸ਼ਾਲ ਕਲਪਨਾ ਦਾ ਮਾਲਿਕ ਹੋਣ ਕਰਕੇ ਹੀ ਕਵੀ ਨੂੰ 'ਪ੍ਰਾਫਿਟ' ਜਾਂ 'ਭਵਿੱਖ ਦਰਸੀ' ਆਖਿਆ ਜਾਂਦਾ ਹੈ।

**ਸ਼ੈਲੀ ਤੱਤ :** ਸ਼ੈਲੀ ਤੱਤ ਮਨੋਗਤ ਭਾਵਾਂ ਤੇ ਕਲਪਨਾ ਨੂੰ ਮੂਰਤੀਮਾਨ ਕਰਨ ਵਾਲਾ ਸਾਹਿਜ ਸਾਧਨ ਹੈ। ਭਾਵ ਸੁੰਦਰਤਾ ਦੀ ਸਾਰਥਿਕਤਾ ਸ਼ੈਲੀਗਤ ਸਾਰਥਿਕਤਾ ਉਪਰ ਨਿਰਭਰ ਕਰਦੀ ਹੈ ਕਿਉਂਕਿ ਸ਼ੈਲੀ-ਤੱਤ ਅਰਥਾਤ ਤਕਨੀਕੀ ਤੱਤ ਕਿਸੇ ਸਾਹਿਤਕ ਰਚਨਾ ਨੂੰ ਰੂਪ ਪ੍ਰਦਾਨ ਕਰਨ ਦਾ ਵਸਤੂਗਤ ਸਾਧਨ ਹੈ। ਸ਼ੈਲੀ-ਤੱਤ ਦਾ ਸਿੱਧਾ ਸਮਬੰਧ ਕਲਾ-ਪੱਖ ਨਾਲ ਹੈ। ਪਹਿਲੇ ਤਿੰਨ ਤੱਤ ਭਾਵੇਂ ਕਿੰਨੇ ਹੀ ਤਾਕਤਵਰ ਕਿਉਂ ਨਾ ਹੋਣ ਜੇ ਉਨ੍ਹਾਂ ਨੂੰ ਢੁਕਵਾਂ ਤੇ ਕਲਾਮਈ ਰੂਪ ਪ੍ਰਾਪਤ ਨਹੀਂ ਹੋਇਆ ਤਾਂ ਉਹ ਵਿਅਰਥ ਜਾ ਸਕਦੇ ਹਨ। ਸਾਹਿਤ-ਰੂਪ ਅਤੇ ਭਾਸ਼ਾ ਸਰੀਰ ਬਣ ਕੇ ਬੁੱਧੀ, ਭਾਵ ਤੇ ਕਲਪਨਾ ਭੂਮੀ ਆਤਮਾ ਸਮੋਂਦੇ ਹਨ। ਇਸ ਲਈ ਸ਼ੈਲੀ ਤੱਤ ਦਾ ਆਪਣਾ ਵਿਸੇਸ਼ ਮਹੱਤਵ ਹੈ। ਸੁਹਜਮਈ ਪੇਸ਼ਕਾਰੀ ਸ਼ੈਲੀ ਤੱਤ ਦਾ ਮੁੱਖ ਗੁਣ ਹੈ।

ਅਜੋਕੇ ਸਮੇਂ ਵਿਚ ਕੁਝ ਅਣਜਾਣ ਤੇ ਮਿਹਨਤ ਤੋਂ ਭੱਜਣ ਵਾਲੇ ਲੋਕ ਸ਼ੈਲੀ ਜਾਂ ਕਲਾ ਪੱਖ ਨੂੰ ਨਕਾਰਦੇ ਹੋਏ ਇਸ ਨੂੰ ਮਹੱਤਵ ਦੇਣੋਂ ਗੁਰੇਜ਼ ਕਰਦੇ ਹਨ। ਇਹ ਉਨ੍ਹਾਂ ਦੀ ਸੀਮਾ ਦਾ ਦੁਖਾਂਤ ਹੈ। ਸ਼ੈਲੀ ਦਾ ਮਹੱਤਵ ਕਿਸੇ ਯੁਗ ਵਿਚ ਘਟ ਨਹੀਂ ਸਕਦਾ।

## 6.4 ਨਿਸ਼ਕਰਸ਼ :

ਸਿੱਟੇ ਇਹ ਨਿਕਲਦਾ ਹੈ ਕਿ ਸਾਹਿਤ ਵਿਚ ਯਥਾਰਥ ਓਤੇ ਕਲਪਣਾ ਦੁਹਾਂ ਦਾ ਸੁਮੇਲ ਹੁੰਦਾ ਹੈ ਅਸਲ ਵਿਚ ਸਾਹਿਤਕਾਰ ਜਿਸ ਚਿਹਰੇ ਨੂੰ ਅੰਕਿਤ ਕਰਦਾ ਹੈ ਉਸ ਵਿਅਕਤੀ ਦੇ ਅੰਦਰ ਦੀਆਂ ਵਿਸ਼ੇਸ਼ ਭਾਵਨਾਵਾਂ ਨੂੰ ਪ੍ਰਕਾਸ਼ਿਤ ਕਰਨ ਦੀ ਇੱਛਾ ਵੀ ਕਰਦਾ ਹੈ। ਇਸ ਇੱਛਾ ਦੇ ਅਨੇਕ ਪੱਖ ਅਤੇ ਅਨੁਭੂਤੀਆਂ ਹਨ ਜੋ ਕਲਾ ਅਥਵਾ ਸੁੰਦਰਤਾ ਦਾ ਸਰੂਪ ਧਾਰਣ ਕਰਦੇ ਹਨ। ਸੁੰਦਰਤਾ ਅਲੌਕਿਕ ਨਹੀਂ ਪਰ ਅਸਾਧਾਰਣ ਜ਼ਰੂਰ ਹੈ, ਉਸ ਦਾ ਸਾਧਾਰਣੀਕਰਣ ਕਲਾ ਹੋ ਨਿਬੜਦਾ ਹੈ।

## 6.5 Glossory / Keyveats (ਔਖੇ ਸ਼ਬਦਾਂ ਦੇ ਅਰਥ )

੧. ਅਦਬ - ਸਾਹਿਤ

੨. ਸੁਚਜਤਾ - ਸਹੀ ਢੰਗ ਨਾਲ

੩. ਸਹਜ - ਸੁੰਦਰਤਾ/ Asthetic

੪. ਭਾਵੁਕ - ਜਜ਼ਬਾਤੀ / emotional

੫. ਪ੍ਰਯੋਜਨ - ਮੰਤਵ

## 6.6 S.A.O. (Self Assesment Question)

੧. ਸਾਹਿਤ ਦੀਓਂ ਕੋਈ ਦੋ ਪਰਿਭਾਸ਼ਾਵਾਂ ਲਿਖੋ।

੨. ਸਾਹਿਤ ਦੇ ਕੋਈ ਤਿੰਨ ਪ੍ਰਯੋਜਨਾਂ ਸੰਬੰਧੀ ਜਾਣਕਾਰੀ ਦਿਓ।

੩. ਸਾਹਿਤ ਸਿਰਜਨਾਂ ਵਿਚ ਕਲਪਨਾ ਤੱਤ ਦੇ ਮਹੱਤਵ ਬਾਰੇ ਨੋਟ ਲਿਖੋ।

੪. ਪਲੈਟੋ ਨੇ ਸਾਹਿਤ ਦੀ ਕੀ ਪਰਿਭਾਸ਼ਾ ਦਿੱਤੀ ਹੈ।

## 6.7 Reffrenece

੧. ਰੌਸ਼ਨ ਲਾਲ ਅਹੂਜਾ 'ਸਾਹਿਤ ਸ਼ਾਸਤ੍ਰ'

੨. ਸੰਤ ਸਿੰਘ ਸੇਖੋਂ 'ਸਾਹਿਤਆਰਥ'

## 6.8 Suggestive Learning

ਵਿਸ਼ਾ ਵਿਦਿਆਰਥੀਆਂ ਨੂੰ ਸੁਝਾਓ ਦਿੱਤਾ ਜਾਂਦਾ ਹੈ ਕਿ ਸਾਹਿਤ ਨਾਲ ਸੰਬੰਧਿਤ ਵੱਖ-ਵੱਖ ਭਾਰਤੀ ਅਤੇ ਪੱਚਮੀ ਚਿੰਤਕਾਂ ਦੀਆਂ ਪੁਸਤਕਾਂ ਨੂੰ ਪੜ੍ਹਿਆ ਜਾਏ। ਇਸ ਨਾਲ ਵਿਦਿਆਰਥੀਆਂ ਦੇ ਕਈ ਸ਼ੰਕੇ ਦੂਰ ਹੋ ਸਕਦੇ ਹਨ।

-----o-----

**Unit : 2** **Lesson : 7**

**Title : (ਸਾਹਿਤ ਤੇ ਸਮਾਜ ਦਾ ਆਪਸੀ ਸੰਬੰਧ)**

**Structure :**

**7.1 Objective (ਉਦੇਸ਼)**

**7.2 Introduction (ਜਾਣ-ਪਛਾਣ)**

**7.3 Hearing (ਸਾਹਿਤ ਤੇ ਸਮਾਜ ਦਾ ਆਪਸੀ ਸੰਬੰਧ)**

**7.4 Conclusion (ਨਿਸ਼ਕਰਸ਼)**

**7.5 Glossary (ਔਖੇ ਸ਼ਬਦਾਂ ਦੇ ਅਰਥ)**

**7.6 Self Assesment question (SAQ)**

**7.7 Reference (ਸਹਾਇਕ ਪੁਸਤਕਾਂ)**

**7.8 Suggestive learning**

## 7.1 ਭੂਮਿਕਾ :

ਮਨੁੱਖ ਇਕ ਸਮਾਜਿਕ ਜੀਵ ਹੋਣ ਕਰਕੇ ਸਮੂਹ ਕਾਰਜਾਂ ਵਿਚ ਜਿਨ੍ਹਾ ਭਾਵਨਾਵਾਂ ਦਾ ਦਖ਼ਲ ਹੁੰਦਾ ਹੈ ਉਨ੍ਹਾਂ ਵਿਚ ਸਮਾਜਿਕਤਾ ਦਾ ਵਿਸੇਸ਼ ਮਹੱਤਵ ਹੈ। ਸਾਧਾਰਣ ਰੂਪ ਵਿਚ ਮਾਨਵ ਦਾ ਕੋਈ ਕਾਰਜ ਨਿਰਪੇਖ ਨਹੀਂ ਹੋ ਸਕਦਾ। ਆਤਮਾ ਪ੍ਰਗਟਾਵੇ ਦੀ ਕਾਮਨਾ ਵਿਚ ਵੀ ਇਹੋ ਸਮਾਜਿਕਤਾ ਵਿੱਦਮਾਨ ਰਹਿੰਦੀ ਹੈ।

## 7.2 ਉਦੇਸ਼ :

ਸਾਹਿਤ ਤੇ ਸਮਾਜ ਦਾ ਇਸ ਲਈ ਯੁੱਗਾਂ-ਯੁੱਗਾਂ ਤੋਂ ਇਕ ਅਨਿਖੜਵਾਂ ਸੰਬੰਧ ਬਣਿਆ ਹੋਇਆ ਹੈ। ਦੂਸਰਿਆਂ ਨੂੰ ਆਪਣੀਆਂ ਭਾਵਨਾਵਾਂ ਨਾਲ ਜੋੜਨ ਲਈ ਕਈ ਲੇਖਕ ਸਹਿਤ ਰਚਨਾ ਕਰਦੇ ਹਨ ਅਤੇ ਆਪਣੀ ਰਚਨਾ ਵਿਚ ਉਨ੍ਹਾਂ ਗੱਲਾਂ ਨੂੰ ਆਧਾਰ ਬਣਉਂਦਾ ਹੈ ਜਿਨ੍ਹਾਂ ਦਾ ਸੰਬੰਧ ਹੋਰਨਾਂ ਵਿਅਕਤੀਆਂ ਨਾਲ ਹੁੰਦਾ ਹੈ। ਪ੍ਰਸਿੱਧ ਆਲੋਚਕ ਰੈਨੇ ਵੈਲਕ ਨੇ ਸਾਹਿਤ ਨੂੰ ਸਮਾਜਿਕ ਸੰਸਥਾ ਦਾ ਨਾਂ ਦਿੱਤਾ ਹੈ।

## 7.3 ਸਾਹਿਤ ਤੇ ਸਮਾਜ :

ਸਾਹਿਤ ਦੀ ਉਤਪੱਤੀ ਵਿਸੇਸ਼ ਸਮਾਜਿਕ ਸੰਸਥਾਵਾਂ ਨਾਲ ਨਿਕਟ ਸੰਪਰਕ ਕਾਰਣ ਸੰਭਵ ਹੁੰਦੀ ਹੈ। ਸਾਹਿਤਕਾਰ ਦੀ ਸਖ਼ਸੀਅਤ ਦਾ ਵਿਕਾਸ, ਉਸਦਾ ਅਨੁਭਵ ਅਤੇ ਕਲਪਨਾ ਸਮਾਜਿਕ ਦੇਣ ਹੈ। ਮਨੁੱਖ ਦੀ ਸਮਾਜਿਕ ਅਨੁਭੂਤੀ ਹੀ ਉਸਨੂੰ ਪਸ਼ੂਆਂ ਨਾਲੋਂ ਵਖਰਾਉਂਦੀ ਹੈ। ਇਹੋ ਅਨੁਭੂਤੀ ਬਦਲਦੀਆਂ ਸਮਾਜਿਕ ਕੀਮਤਾਂ ਦੇ ਨਾਲ-ਨਾਲ ਬਦਲਦੀ ਵੀ ਰਹਿੰਦੀ ਹੈ। ਹਰ ਯੁੱਗ ਦੀਆਂ ਆਪਣੀਆਂ ਮਰਯਾਦਾਵਾਂ ਅਤੇ ਮਾਨ-ਦੰਡ ਹੁੰਦੇ ਹਨ ਜੋ ਮਨੁੱਖੀ ਚੇਤਨਾ ਅਤੇ ਅਨੁਭੂਤੀਆਂ ਨੂੰ ਪ੍ਰਭਾਵਿਤ ਕਰਦੇ ਰਹਿੰਦੇ ਹਨ। ਇਸ ਪ੍ਰਭਾਵ ਦੇ ਫਲਸਰੂਪ ਮਨੁੱਖ ਦੁਆਰਾ ਨਿਰਮਿਤ ਕਲਾ ਅਤੇ ਸਾਹਿਤ ਵਿਅਕਤੀ ਅਤੇ ਸਮਾਜ ਦੀਆਂ ਅਨੁਭੂਤੀਆਂ, ਭਾਵਨਾਵਾਂ ਅਤੇ ਕਲਪਨਾਵਾਂ ਦਾ ਸਰੂਪ ਹੋ ਨਿਬੜਦੇ ਹਨ। ਇਸੇ ਵਿਚਾਰ ਨੂੰ ਮੁੱਖ ਰੱਖਦੇ ਹੋਏ ਬਹੁਤ ਸਾਰੇ ਵਿਚਾਰਕਾਂ ਨੇ ਸਾਹਿਤ ਨੂੰ ਸਮਾਜ ਦਾ ਦਰਪਣ ਕਿਹਾ ਹੈ।

ਸਾਹਿਤਕਾਰ ਇਕ ਤਰ੍ਹਾਂ ਨਾਲ ਆਪਣੇ ਯੁੱਗ ਦਾ ਪ੍ਰਤਿਨਿਧ ਹੁੰਦਾ ਹੈ। ਉਹ ਆਪਣੇ ਚੌਗਿਰਦੇ ਨੂੰ ਅਤੇ ਇਸ ਵਿਚ ਵਾਪਰ ਰਹੀਆਂ ਘਟਨਾਵਾਂ ਨੂੰ ਹੋਰ ਲੋਕਾਂ ਵਾਂਗ ਹੀ ਅਨੁਭਵ ਕਰਦਾ ਹੈ ਪਰੰਤੂ ਇਸ ਅਨੁਭਵ ਨੂੰ ਉਹ ਜਿਸ ਢੰਗ ਨਾਲ ਵਰਣਨ ਕਰ ਸਕਦਾ ਹੈ ਹੋਰਨਾਂ ਵਿਚ ਅਜਿਹੀ ਸਮਰਥਾ ਨਹੀਂ ਹੁੰਦੀ। ਉਹ ਆਪਣੇ ਕਾਲ ਦੀਆਂ ਭਾਵਨਾਵਾਂ ਅਤੇ ਵਿਚਾਰ ਨੂੰ ਸੁੰਦਰ ਸ਼ਬਦਾਂ ਰਾਹੀਂ ਅੰਕਿਤ ਕਰਦਾ ਹੈ। ਸਾਹਿਤਕਾਰ ਆਪਣੀ ਪ੍ਰਗਟਾਉ-ਸ਼ਕਤੀ ਨਾਲ ਆਪਣੇ ਅਤੇ ਆਪਣੇ ਸਮਾਜ ਦੇ ਦੁੱਖਾਂ-ਸੁੱਖਾਂ, ਆਸ਼ਾਵਾਂ-ਨਿਰਾਸ਼ਾਵਾਂ ਤੇ ਜਿੱਤਾਂ-ਹਾਰਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਬਿਆਨ ਕਰਦਾ ਹੈ। ਇਸ ਤਰ੍ਹਾਂ ਕਿਸੇ ਕਾਲ-ਵਿਸ਼ੇਸ਼ ਦੀ ਸਮਾਜਿਕ ਸਥਿਤੀ ਅਤੇ ਵਾਤਾਵਰਣ ਦਾ ਉਸ ਦੇ ਸਾਹਿਤ ਤੇ ਪ੍ਰਤੱਖ ਪ੍ਰਭਾਵ ਪੈਂਦਾ ਹੈ।

ਇਸ ਪ੍ਰਭਾਵ ਗ੍ਰਹਿਣ ਦਾ ਇਕ ਪੱਖ ਹੋਰ ਵੀ ਹੈ, ਜਿਸ ਅਧੀਨ ਇਹ ਕਿਹਾ ਜਾਂਦਾ ਹੈ ਕਿ ਸਾਹਿਤ ਤੇ ਸਮਾਜ ਵਿਚ ਇਕ ਦੂਸਰੇ ਨੂੰ ਪ੍ਰਭਾਵਿਤ ਕਰਨ ਦਾ ਅਟੁੱਟ ਸੰਬੰਧ ਬਣਿਆ ਹੋਇਆ ਹੈ। ਜਿਸ ਤਰ੍ਹਾਂ ਸਾਹਿਤ ਵਿਚ ਸਮਾਜਿਕ ਭਾਵਨਾਵਾਂ ਤੇ ਵਿਚਾਰਾਂ ਦਾ ਪ੍ਰਤਿਬਿੰਬ ਪ੍ਰਾਪਤ ਹੁੰਦਾ ਹੈ। ਉਸੇ ਤਰ੍ਹਾਂ ਸਮਾਜ ਦੁਆਰਾ ਪ੍ਰਗਟਾਏ ਗਏ ਭਾਵਾਂ ਤੋਂ ਅਵੱਸ਼ ਹੀ ਪ੍ਰਭਾਵਿਤ ਹੁੰਦਾ ਹੈ। ਇਸ ਤਰ੍ਹਾਂ ਸਾਹਿਤਕਾਰ ਜੇਕਰ ਇਕ

ਸੀਮਾ ਤੱਕ ਸਮਾਜ ਦਾ ਪ੍ਰਤਿਨਿਧ ਹੁੰਦਾ ਹੈ ਤਾਂ ਇਕ ਸੀਮਾ ਤੱਕ ਸਾਮਜ ਨੂੰ ਆਪਣੀ ਪ੍ਰਤਿਭਾ ਅਨੁਸਾਰ ਨਵੀਂ ਦਿਸ਼ਾ ਦੇਣ ਲਈ ਵੀ ਯਤਨਸ਼ੀਲ ਹੁੰਦਾ ਹੈ। ਬਾਬੂ ਗੁਲਾਬ ਰਾਏ ਅਨੁਸਾਰ ਸਮਾਜ ਕਵੀ ਤੇ ਲੇਖਕਾਂ ਨੂੰ ਬਣਾਉਂਦਾ ਹੈ ਅਤੇ ਲੇਖਕ ਤੇ ਕਵੀ ਸਮਾਜ ਨੂੰ ਬਣਾਉਂਦੇ ਹਨ। ਦੋਹਾਂ ਦਾ ਆਦਾਨ-ਪ੍ਰਦਾਨ ਅਤੇ ਕ੍ਰਿਆ-ਪ੍ਰਤਿਕ੍ਰਿਆ ਭਾਵ ਚਲਦਾ ਰਹਿੰਦਾ ਹੈ। ਇਹੋ ਸਮਾਜਿਕ ਉੱਨਤੀ ਦਾ ਤੋਰਨ ਵਾਲਾ ਸੂਤਰ ਬਣਦਾ ਹੈ।

ਸਾਹਿਤ ਤੇ ਸਮਾਜ ਦੇ ਸਮੂਹ ਅਤਿ ਸੂਖ਼ਮ ਹਨ। ਦੂਸਰੀਆਂ ਮਨੁੱਖੀ ਅਤੇ ਸਮਾਜਿਕ ਕ੍ਰਿਆਵਾਂ ਵਾਂਗ ਸਾਹਿਤ ਵੀ ਸਮਕਾਲੀਨ ਸਮਾਜਿਕ, ਸਦਾਚਾਰਿਕ, ਰਾਜਨੈਤਿਕ ਅਤੇ ਆਰਥਿਕ ਪਰਿਸਥਿਤੀਆਂ ਨੂੰ ਢੁੱਕਵੇਂ ਰੂਪ ਵਿਚ ਪ੍ਰਤਿਬਿੰਬ ਕਰਦਾ ਹੈ। ਸਾਹਿਤ ਨਾਲ ਸਮਾਜ ਦਾ, ਸਮਾਜਿਕ ਜੀਵਨ ਦਾ, ਵਿਚਾਰਧਾਰਾਵਾਂ ਤੇ ਵਾਦਾਂ ਦਾ ਸਿੱਧਾ ਸੰਬੰਧ, ਜ਼ਰੂਰੀ ਤੇ ਅਨਿਖੜ ਹੈ ਪਰੰਤੂ ਕਈ ਵਿਚਾਰਕ ਇਸ ਸੰਬੰਧ ਨੂੰ ਸਿੱਧਾ ਨਾ ਮੰਨਦੇ ਹੋਏ ਸਹਿਯੋਗੀ ਰੂਪ ਵਿਚ ਸਵੀਕਾਰ ਕਰਦੇ ਹਨ।

ਹਿੰਦੀ ਸਾਹਿਤ ਕੋਸ਼ ਓਨੁਸਾਰ 'ਸਾਹਿਤ ਉੱਪਰ ਸਮਾਜਿਕ ਸੰਦਰਭ ਨੂੰ ਸਥਾਪਿਤ ਕਰਨਾ ਕਠਿਨ ਕਾਰਜ ਹੈ ਕਿਉਂਕਿ ਇਹਦੇ ਲਈ ਜਿਨ੍ਹਾਂ ਅੰਕੜਿਆਂ ਦੀ ਲੋੜ ਹੋਵੇਗੀ ਉਹ ਸੂਖਮ ਤੇ ਅਨਿਸ਼ਿਚਤ ਹਨ ਅਤੇ ਸ਼ਖ਼ਤ ਮਿਹਨਤ ਮੰਗਦੇ ਹਨ ਪਰ ਕਿਸੇ ਵੀ ਵਧੀਆਂ ਰਚਨਾ ਉੱਪਰ ਸਮਾਜਗਤ ਪ੍ਰਭਾਵ ਦਾ ਲੇਖਾ-ਜੋਖਾ ਮੁਕਾਲਬਤਨ ਸੌਖਾ ਹੈ। ਸਾਹਿਤਕ ਕਿਰਤ ਵਿਚ ਸਮਕਾਲੀ ਸਮਾਜਿਕ ਸਥਿਤੀ ਦਾ ਪਰਛਾਵਾਂ ਜ਼ਰੂਰੀ ਹੈ। ਇਸ ਲਈ ਸਵਾਲ ਪੈਦਾ ਹੁੰਦਾ ਹੈ ਕਿ ਇਸ ਪਰਛਾਵੇਂ ਦਾ ਸਰੂਪ ਕੀ ਹੈ ? ਪਰੰਤੂ ਖ਼ੁਦ ਸਮਾਜ ਵਿਚ ਅਨੇਕ ਇਕਾਈਆਂ ਤੇ ਵਰਗਾਂ ਦਾ ਇਕੱਠ ਹੁੰਦਾ ਹੈ, ਜਿਨ੍ਹਾਂ ਵਿਚੋਂ ਹਰ ਇਕ ਸਾਰੇ ਸਮਾਜ ਦੀ ਸਥਿਤੀ ਤੇ ਪਰਕਿਰਤੀ ਨਾਲ ਸੰਬੰਧਿਤ ਹੈ। ਇਸ ਲਈ ਇਹ ਕਿਤੇ ਚੰਗਾ ਹੈ ਕਿ ਸਮਾਜ ਬਾਰੇ ਗੱਲ ਕਰਦੇ ਸਮੇਂ ਵਰਗ-ਵਿਸ਼ੇਸ਼ ਜਾਂ ਜਾਤੀ-ਵਿਸ਼ੇਸ਼ ਦਾ ਉਲੇਖ ਕੀਤਾ ਜਾਵੇ।

ਇਤਿਹਾਸ ਗਵਾਹ ਹੈ ਕਿ ਸਮਾਜ ਅਤੇ ਸਭਿਅਤਾ ਦੇ ਵਿਕਾਸ ਦੇ ਨਾਲ-ਨਾਲ ਮਨੁੱਖੀ ਬੁੱਧੀ ਦਾ ਵਿਕਾਸ ਹੁੰਦਾ ਆਇਆ ਹੈ ਅਤੇ ਇਸ ਦੇ ਨਾਲ ਹੀ ਸਾਹਿਤ ਦਾ ਵਿਕਾਸ ਵੀ ਹੁੰਦਾ ਹੈ। ਦੇਸ਼, ਕਾਲ ਅਤੇ ਹਾਲਾਤ ਵਿਅਕਤੀਆਂ ਦੇ ਅਨੁਭਵ ਨੂੰ ਆਪਣੇ ਮੁਤਾਬਿਕ ਢਾਲਦੇ ਹਨ। ਨਤੀਜੇ ਵਜੋਂ ਅਨੁਭਵ ਦੀ ਪੇਸ਼ਕਾਰੀ ਵੀ ਹਾਲਾਤ ਅਨੁਸਾਰ ਹੀ ਹੋਵੇਗੀ। ਦੂਜਾ ਸਮਾਜਿਕ ਸਥਿਤੀ ਅਤੇ ਵਾਤਾਵਰਣ ਦਾ ਉਸਦੇ ਸਾਹਿਤ ਤੇ ਪੂਰਨ ਪ੍ਰਭਾਵ ਪੈਂਦਾ ਹੈ। ਇਸ ਨਾਲ ਕਿਸੇ ਕਾਲ ਦੇ ਸਾਹਿਤ ਤੇ ਅਸੀਂ ਉਸਦੇ ਸਮਾਜ ਦੀ ਕਈ ਪ੍ਰਕਾਰ ਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ। ਉਸ ਸਮਾਜ ਦੀਆਂ ਘਾਟਾਂ, ਕਮਜ਼ੋਰੀਆਂ,. ਕਾਮਨਾਵਾਂ, ਕੋਸ਼ਿਸ਼ਾਂ, ਪ੍ਰਾਪਤੀਆਂ ਤੇ ਸਦਾਚਾਰਿਕ ਕਦਰਾਂ ਕੀਮਤਾਂ ਦੀ ਸੋਝੀ ਉਸਦੇ ਸਾਹਿਤ ਵਿਚ ਵਿਚਰਦੇ ਮਨੁੱਖਾਂ ਤੇ ਉਨ੍ਹਾਂ ਦੇ ਕਿਰਦਾਰ ਤੋਂ ਬੜੀ ਆਸਾਨੀ ਨਾਲ ਲਗ ਸਕਦੀ ਹੈ।

ਇਹ ਤੱਥ ਵੀ ਮਹੱਤਵਪੂਰਣ ਹੈ ਕਿ ਮਹਾਨ ਲੇਖਕ ਆਪਣੀ ਪ੍ਰਤਿਤਭਾ ਦੁਆਰਾ ਸਮਾਜ ਨੂੰ ਬਦਲਣ ਦੀ ਕੋਸ਼ਿਸ਼ ਕਰਦਾ ਹੈ[੩] ਅਤੇ ਸਮਰਥਾ ਵੀ ਰੱਖਦੇ ਹਨ। ਸਾਹਿਤ ਤੇ ਕਲਾ ਦਾ ਆਦਰਸ਼ ਸਾਂਸਕ੍ਰਿਤਕ ਰੂਪ ਧਾਰ ਕੇ ਅਨੇਕ ਤਬਦੀਲੀਆਂ ਦਾ ਕਾਰਣ ਬਣਦਾ ਹੈ। ਇਸ ਸੰਬੰਧ ਵਿਚ ਫਰਾਂਸ ਦੀ ਉਦਾਹਰਣ ਹੀ ਕਾਫ਼ੀ ਹੋਵੇਗੀ। ਫਰਾਂਸ ਦੀ ਰਾਜਨੈਤਿਕ ਕ੍ਰਾਂਤੀ ਦਾ ਸਰੂਪ ਰੂਸੋ ਅਤੇ ਵਾਲਫੇਅਰ ਦੀਆਂ ਲਿਖਤਾਂ ਨੇ ਹੀ ਨਿਰਧਾਰਿਤ ਕੀਤਾ ਸੀ। ਇਸੇ ਤਰ੍ਹਾਂ ਜਾਨ ਲਾਕ ਅਤੇ ਮਾਰਕਸ ਦੇ ਸਾਹਿਤ ਨੇ ਕ੍ਰਮਵਾਰ ਅਮਰੀਕੀ ਤੇ ਰੂਸੀ ਕ੍ਰਾਂਤੀਆਂ ਨੂੰ ਪ੍ਰਭਾਵਿਤ ਕੀਤਾ। ਧਾਰਮਿਕ ਅਤੇ ਸਮਾਜਿਕ ਖੇਤਰ ਵਿਚ ਗੁਰੂ ਨਾਨਕ ਦੇਵ ਜੀ, ਕਬੀਰ, ਤੁਲਸੀਦਾਸ ਅਤੇ ਸੂਰਦਾਸ ਦੀਆਂ ਕਾਵਿ-ਰਚਨਾਵਾਂ ਨੇ ਸਾਡੇ ਮੱਧਕਾਲੀਨ ਸਮਾਜ ਦੀ ਰੂਪ ਰੇਖਾ ਅਤੇ ਸੰਸਕ੍ਰਿਤੀ ਦੇ ਨਿਰਮਾਣ ਵਿਚ ਜੋ ਮਹਾਨ ਯੋਗਦਾਨ ਦਿੱਤਾ ਹੈ ਉਸ ਤੋਂ ਹਰ ਕੋਈ ਭਲੀ ਭਾਤ ਵਾਕਿਫ਼ ਹੈ।

ਸਮਾਜ ਦੀ ਪ੍ਰਗਤੀ ਵਿਚ ਸਾਹਿਤਕਾਰ ਦੀ ਪ੍ਰਤਿਭਾ ਮਹੱਤਵਪੂਰਣ ਭੂਮਿਕਾ ਨਿਭਾਉਂਦੀ ਹੈ। ਹਾਲਾਤ ਨੂੰ ਸਮਝਣ ਅਤੇ ਸਮੇਂ ਦੇ ਉਨੁਕੂਲ ਡੁੱਕਵੀਂ ਸ਼ੈਲੀ ਵਿਚ ਗੱਲ ਕਹਿਣ ਦੇ ਸਮਰੱਥ ਹੋਣ ਕਰਕੇ ਸਾਹਿਤਕਾਰ ਕਲਾਮਈ ਢੰਗ ਨਾਲ ਸਮਾਜ ਦੀ ਅਗਵਾਈ ਕਰਦਾ ਹੈ। ਉਹ ਸਮਾਜ ਦੇ ਆਦਰਸ਼ਾਂ ਨੂੰ ਚੰਗੀ ਤਰ੍ਹਾਂ ਗ੍ਰਹਿਣ ਕਰਕੇ ਸਮਾਜ ਦੇ ਹਿੱਤ ਵਿਚ ਸਮਾਜ ਨੂੰ ਦਿੰਦਾ ਹੈ ਅਤੇ ਇਸ ਤਰ੍ਹਾਂ ਸਮਾਜ ਵਿਕਾਸ ਵਿਚ ਨਿਯਮਿਕ ਰੂਪ ਵਿਚ ਸਹਾਈ ਹੁੰਦਾ ਹੈ। ਥੋੜ੍ਹੀ ਸਾਵਧਾਨੀ ਵਰਤ ਕੇ ਸਾਡੀਆਂ ਸਮਾਜਿਕ ਮਾਨਤਾਵਾਂ ਤੇ ਆਦਰਸ਼ ਸਾਹਿਤ ਰਾਹੀਂ ਵਧੀਆ ਢੰਗ ਨਾਲ ਸਾਹਮਣੇ ਆ ਸਕਦੇ ਹਨ। ਇਸ ਤਰ੍ਹਾਂ ਸਾਹਿਤ ਸਮਾਜ ਦਾ ਕਲਾਤਮਕ ਤੇ ਕ੍ਰਿਆਤਮਕ ਇਤਿਹਾਸ ਹੁੰਦਾ ਹੈ।

ਸਾਹਿਤ ਨਾਲ ਸਮਾਜ ਦੇ ਸੰਬੰਧਾਂ ਦੇ ਪੱਖ ਤੋਂ ਸਾਹਿਤਕਾਰ ਦੀ ਭੂਮਿਕਾ ਨੂੰ ਅਸੀਂ ਤਿੰਨ ਰੂਪਾਂ ਵਿਚ ਦੇਖ ਸਕਦੇ ਹਾਂ। ਇਹ ਰੂਪ ਹਨ- ਪਲਾਇਨ, ਪ੍ਰਵਾਨਗੀ ਜਾਂ ਵਿਰੋਧ। ਸਾਹਿਤਕਾਰ ਸਾਹਮਣੇ ਤਿੰਨ ਰਾਹ ਹੁੰਦੇ ਹਨ। ਉਹ ਕਿਸੇ ਸਮਾਜਿਕ ਬੁਰਾਈ ਨੂੰ ਵੇਖ ਕੇ ਅੱਖਾਂ ਮੀਟ ਸਕਦਾ ਹੈ, ਉਸ ਨੂੰ ਸਵੀਕਾਰ ਕਰ ਸਕਦਾ ਹੈ ਤੇ ਜਾਂ ਉਸਦਾ ਡਟ ਕੇ ਵਿਰੋਧ ਕਰਦਾ ਹੈ। ਚੇਤੰਨ ਸਾਹਿਤਕਾਰ ਅਕਸਰ ਤੀਜਾ ਰਾਹ ਹੀ ਅਪਣਾਉਂਦਾ ਹੈ। ਹਿੰਦੀ ਆਲੋਚਕ ਖੇਮ ਚੰਦਰ ਸੁਮਨ ਨੇ ਇਸ ਦ੍ਰਿਸ਼ਟੀ ਤੋਂ ਲੇਖਕਾਂ ਨੂੰ ਤਿੰਨ ਵਰਗਾਂ ਵਿਚ ਵੰਡਿਆ ਹੈ। ਉਸ ਦੇ ਉਨੁਸਾਰ ਪਹਿਲੇ ਵਰਗ ਵਿਚ ਉਹ ਸਾਹਿਤਕਾਰ ਆਉਂਦੇ ਹਨ ਜੋ ਸਮਾਜ ਦੀਆਂ ਸੰਪੂਰਣ ਮਾਨਵਤਾਂ ਤੇ ਵਿਵਸਥਾਵਾਂ ਨੂੰ ਰੂਬਰੂ ਸਵੀਕਾਰ ਕਰ ਲੈਂਦੇ ਹਨ। ਸਮਾਜਿਕ ਤਰੁਟੀਆਂ ਨੂੰ ਜੇ ਦੇਖਦੇ ਵੀ ਹਨ ਤਾਂ ਵੀ ਉਨ੍ਹਾਂ ਨੂੰ ਅੱਖੋਂ ਉਹਲੇ ਕਰਨਾ ਵਧੇਰੇ ਚੰਗਾ ਸਮਝਦੇ ਹਨ। ਸਮਾਜਿਕ ਵਿਵਸਥਾਵਾਂ ਨੂੰ ਉਵੇਂ ਜਿਵੇਂ ਬਣਾਈ ਰੱਖਣਾ ਉਨ੍ਹਾਂ ਦਾ ਉਦੇਸ਼ ਹੁੰਦਾ ਹੈ। ਇਹ ਵਰਗ ਪ੍ਰਤਿਗਾਮੀ ਅਖਵਾਉਂਦਾ ਹੈ। ਦੂਜੇ ਵਰਗ ਵਿਚ ਉਹ ਸਾਹਿਤਕਾਰ ਆਉਂਦੇ ਹਨ ਜੋ ਸਮਾਜਿਕ ਤਰੁਟੀਆਂ ਨੂੰ ਅਨੁਭਵ ਕਰਦੇ ਹਨ ਪਰੰਤੂ

ਉਨ੍ਹਾਂ ਦੇ ਸੁਧਾਰ ਲਈ ਯਤਨ ਕਰਦੇ ਹਨ ਅਤੇ ਸੁਧਾਰ ਵਿਚ ਸਮਝੌਤਾਵਾਦੀ ਪ੍ਰਵਿਰਤੀ ਵਿਦਮਾਨ ਰਹਿੰਦੀ ਹੈ। ਤੀਜੇ ਵਰਗ ਵਿਚ ਕ੍ਰਾਂਤੀ ਦ੍ਰਿਸ਼ਟੀ ਵਾਲੇ ਸਾਹਿਤਕਾਰ ਆਉਂਦੇ ਹਨ। ਉਹ ਨਾ ਕੇਵਲ ਸਮਾਜਿਕ ਕੁਰੀਤੀਆਂ ਤੇ ਵਿਸੰਗਤੀਆਂ ਦੀ ਤੀਬਰ ਆਲੋਚਨਾ ਕਰਦੇ ਹਨ ਬਲਕਿ ਉਨ੍ਹਾਂ ਨੂੰ ਮਿਟਾ ਦੇਣ ਦਾ ਯਤਨ ਵੀ ਕਰਦੇ ਹਨ।

**7.4 ਨਿਸ਼ਕਰਸ਼ :** ਸਾਹਿਤ ਤੇ ਸਮਾਜ ਦੇ ਸੰਬੰਧਾਂ ਬਾਰੇ ਭਾਰਤੀ ਸਾਹਿਤ ਵਿਵੇਚਨ ਵਿਚ ਮੁੱਖ ਤੌਰ ਤੇ ਰਸ-ਮੂਲਕਤਾ ਉਪਰ ਜੋਰ ਦਿੱਤਾ ਜਾਂਦਾ ਰਿਹਾ ਹੈ ਪਰੰਤੂ ਪੱਚਮੀ ਸਾਹਿਤ ਵਿਚ ਇਸ ਦੀੌ ਬਲਵਾਨ ਪਰੰਪਰਾ ਹੈ। ਸਮਾਜਿਕ ਪਿਰਤਾਂ ਦੇ ਮਨੁੱਖੀ ਚੇਤਨਾ ਅਤੇ ਵਿਵਹਾਰ ਉਪਰ ਪੈਣ ਵਾਲੇ ਪ੍ਰਭਾਵ ਬਾਰੇ ਯੂਨਾਨੀ ਇਤਿਹਾਸਕਾਰ ਹੇਰੋਦਤਸ ਨੇ ਚਰਚਾ ਕੀਤੀ ਹੈ ਤੇ ਅਸਿੱਧੇ ਢੰਗ ਨਾਲ ਸਾਹਿਤ ਤੇ ਸਮਾਜ ਦੇ ਅਨਿੱਖੜ ਰਿਸ਼ਤੇ ਵੱਲ ਇਸ਼ਾਰੇ ਕੀਤੇ ਹਨ। ਇਸ ਸੰਬੰਧ ਵਿਚ ਉੱਨੀਵੀਂ ਸਦੀ ਵਿਚ ਵੱਡੇ ਪੱਧਰ ਤੇ ਸਾਹਿਤ ਸਿਰਜਣਾ ਆਰੰਭ ਹੋਈ। ਪਰਸਿੱਧ ਚਿਮਤਕ ਟੇਨ ਨੇ ਜਾਤੀ-ਧਰਮ, ਯਗ-ਧਰਨ ਅਤੇ ਸਮਾਜਿਕ ਪ੍ਰਵਿਰਤੀਆਂਥ ਦੇ ਮਹੱਤਵ ਨੂੰ ਬਲੀ ਉਜਾਗਰ ਕੀਤਾ। ਟੇਨ ਨੇ ਵਿਗਿਆਨਕ ਪੱਖ ਤੋਂ ਵਿਚਾਰ ਕਰਦਿਆਂ ਜੋ ਪਾਰਮੂਲਾ ਪੇਸ਼ ਕੀਤਾ ਹੈ। ਉਸ ਅਨੁਸਾਰ ਜਾਤੀ-ਧਰਮ ਰਾਹੀਂ ਕੁਲ-ਵਿਸੇਸ਼ ਦੇ ਦੰਸਕਾਰਾਂ ਤੇ ਲੋਕਾਂ ਦੇ ਵਿਸ਼ਵਾਸਾਂ ਦਾ ਮਹੱਤਵ ਪ੍ਰਗਟ ਕੀਤਾ ਹੈ, ਯੁੱਗ-ਧਰਮ ਵਿਚ ਲੋਕਾਂ ਦਾ ਆਲਾ-ਦੁਆਲਾ, ਵਾਤਾਵਰਣ, ਸਮਾਜਿਕ ਤੇ ਰਾਜਨੀਤਿਕ ਪਰਿਸਥਤੀਆਂ ਆਦਿ ਆ ਜਾਂਦੇ ਹਨ। ਪਰਵਿਰਤੀ ਤੋਂ ਉਸਦਾ ਭਾਵ ਕਿਸੇ ਕਾਲ-ਵਿਸ਼ੇਸ਼ ਦੀ ਸਾਮੂਹਿਕ ਆਤਮਾ ਅਤੇ ਉੱਨਤੀ ਦੇ ਪੱਧਰ ਤੋਂ ਹੈ।

## 7.5 ਔਖੇ ਸ਼ਬਦਾਂ ਦੇ ਅਰਥ

ਜਾਤੀ-ਧਰਮ - race

ਯੁੱਗ-ਧਰਮ - millieu

ਪ੍ਰਵਿਰਤੀ - moment

ਪ੍ਰਤਿਬਿੰਬ - ਪਰਛਾਈ

ਪਰਿਸਥਿਤੀਆਂ - ਹਾਲਾਤ

## 7.6 S.A.O. (Self Assesment Question)

ਸਾਹਿਤ ਤੋਂ ਕੀ ਭਾਵ ਹੈ ?

ਸਮਾਜ ਤੋਂ ਕੀ ਭਾਵ ਹੈ ?

ਸਾਹਿਤ ਤੇ ਸਮਾਜ ਵਿਚ ਅੰਤਰ।

ਸਾਹਿਤ ਸਮਾਜ ਦਾ ਸ਼ੀਸ਼ਾ ਕਿਵੇਂ ਹੈ ?

## 7.7 References

ਰੌਸ਼ਨ ਲਾਲ ਆਹੂਜਾ - ਸਾਹਿਤ ਸ਼ਾਸਤਰ

ਸਮਾਜਲੋਚਨਾ ਅਤੇ- ਬ੍ਰਹਮ ਜਗਦੀਸ਼ ਸਿੰਘ

ਪੰਜਾਬੀ ਸਮਾਲੋਚਨਾ।

## 7.8 Suggestive Learning

ਵਿਦਿਆਰਥੀਆ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਪੱਛਮੀ ਚਿੰਤਕਾਂ ਦੀਆਂ ਆਲੋਚਨਾ ਬਾਰੇ ਲਿਖੀਆਂ ਕਿਤਾਬਾਂ ਨੂੰ ਹੋਰ ਪੜ੍ਹਨ ਤਾਂ ਕਿ ਗਿਆਨ ਵਿਚ ਹੋਰ ਵਾਧਾ ਹੋ ਸਕੇ।

-----o-----

**Unit - II** **Lesson : 8**

## Title : ਨਾਵਲ ਅਤੇ ਕਹਾਣੀ ਦੀ ਪਰਿਭਾਸ਼ਾ ਅਤੇ ਤੱਤ।

**Structure :**


**8.1 ਉਦੇਸ਼**

**8.2 ਜਾਣ-ਪਛਾਣ**

**8.3 ਨਾਵਲ ਅਤੇ ਕਹਾਣੀ ਦੀ ਪਰਿਭਾਸ਼ਾ ਅਤੇ ਤੱਤ**

**8.3.1 ਨਾਵਲ ਦੀ ਪਰਿਭਾਸ਼ਾ**

**8.32 ਕਹਾਣੀ ਦੀ ਪਰਿਭਾਸ਼ਾ**

**8.3.3 ਨਾਵਲ ਅਤੇ ਕਹਾਣੀ ਦੇ ਸਾਂਝੇ ਤੱਤ**

**8.4 ਨਿਸ਼ਕਰਸ਼**

**8.5 ਔਖੇ ਸ਼ਬਦਾਂ ਦੇ ਅਰਥ**

**8.6 Self Assesment Question (S.A.O.)**

**8.7 Reference ਸਹਾਇਕ ਪੁਸਤਕਾਂ**

**8.8 Suggestive Learning**

## 8.1 (Objective) ਉਦੇਸ਼

ਨਾਵਲ ਅਤੇ ਕਹਾਣੀ ਆਧੁਨਿਕ ਸਾਹਿਤ ਦੀਆਂ ਦੋ ਪ੍ਰਮੁੱਖ ਵਿਧਾਵਾਂ ਹਨ। ਇਨ੍ਹਾਂ ਤੋਂ ਬਿਨਾਂ ਆਧੁਨਿਕ ਸਾਹਿਤ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਨਾਵਲ ਅਤੇ ਕਹਾਣੀ ਦੇ ਸੰਦਰਭ ਬਾਰੇ ਜਾਣਕਾਰੀ ਦੇਣਾ ਅਤੇ ਇਨ੍ਹਾਂ ਦੀਆਂ ਰੂਪਾਕਾਰਕ ਵਿਸ਼ੇਸ਼ਤਾਵਾਂ ਬਾਰੇ ਦਸਣਾ ਹੈ।

## 8.2 (Introduction) ਜਾਣ-ਪਛਾਣ :

ਬਿਰਤਾਂਤਿਕ ਸਾਹਿਤ ਵਿਚ ਗਲਪ ਇਕ ਪ੍ਰਮੁੱਖ ਵਿਧਾ ਹੈ ਜਿਸਦੇ ਦੋ ਪ੍ਰਮੁੱਖ ਰੂਪ ਨਾਵਲ ਅਤੇ ਕਹਾਣੀ ਹਨ। ਵਿਸ਼ਵ ਦੀ ਅਜਿਹੀ ਕੋਈ ਵੀ ਭਾਸ਼ਾ ਜਾਂ ਸਾਹਿਤ ਨਹੀਂ ਜਿਸ ਵਿਚ ਨਾਵਲ ਅਤੇ ਕਹਾਣੀ ਨਾ ਲਿਖੀ ਜਾਂਦੀ ਹੋਵੇ। ਪੱਛਮੀ ਸਾਹਿਤ ਦੀਆਂ ਇਹ ਦੋਵੇਂ ਵਿਧਾਵਾਂ ਅਜੋਕੇ ਸਮੇਂ ਲਗਭਗ ਹਰ ਭਾਸ਼ਾ ਦੇ ਸਾਹਿਤਕਾਰਾਂ ਵਲੋਂ ਅਪਣਾਈਆਂ ਗਈਆਂ ਹਨ। ਪੰਜਾਬੀ ਸਾਹਿਤ ਵਿਚ ਵੀ ਨਾਵਲ ਅਤੇ ਕਹਾਣੀ ਦਾ ਆਗਮਨ ਪੱਛਮੀ ਪ੍ਰਭਾਵ ਕਾਰਨ ਹੋਇਆ ਪਰ ਅਪਣੀ ਮੌਲਿਕਤਾ ਕਰਕੇ ਨਾਵਲ ਅਤੇ ਕਹਾਣੀ ਨੇ ਕਵਿਤਾ ਦੇ ਮੁਕਾਬਲੇ ਆਧੁਨਿਕ ਸਾਹਿਤ ਵਿਚ ਇਕ ਵਿਸ਼ੇਸ਼ ਥਾਂ ਬਣਾਈ ਹੈ। ਆਉ ਇਨ੍ਹਾਂ ਦੋਵਾਂ ਸਾਹਿਤ ਰੂਪਾਂ ਦੇ ਰੂਪਾਕਾਰਕ ਵਿਧਾਨ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਯਤਨ ਕਰਦੇ ਹਾਂ।

## 8.3 ਨਾਵਲ ਅਤੇ ਕਹਾਣੀ ਦੀ ਪਰਿਭਾਸ਼ਾ ਅਤੇ ਤੱਤ :

### 8.31 ਨਾਵਲ ਦੀ ਪਰਿਭਾਸ਼ਾ :

ਨਾਵਲ ਆਧੁਨਿਕ ਯੁੱਗ ਦਾ ਸਾਹਿਤ ਰੂਪ ਹੈ। ਇਕ ਸਾਹਿਤ ਰੂਪ ਵਜੋਂ ਇਸ ਦਾ ਜਨਮ ਜਾਗੀਰਦਾਰੀ ਨਿਜ਼ਾਮ ਦੀ ਟੁੱਟ-ਭੱਜ ਅਤੇ ਸਰਮਾਇਦਾਰੀ ਨਿਜ਼ਾਮ ਦੀ ਸਥਾਪਤੀ ਦੇ ਕਾਰਨ ਹੋਇਆ। ਅੰਗ੍ਰੇਜ਼ੀ ਸ਼ਬਦ 'ਨਾਵਲ' ਲਾਤੀਨੀ ਭਾਸ਼ਾ ਵਿਚੋਂ ਅਤਾਲਵੀ ਭਾਸ਼ਾ ਦੇ ਰਾਹੀਂ ਆਇਆ। ਲਾਤੀਨੀ ਭਾਸ਼ਾ ਵਿਚ NOVUS ਸ਼ਬਦ ਨੌਵੇਂ ਅਰਥਾਂ ਵਿਚ ਵਰਤਿਆ ਗਿਆ ਜਿਸ ਤੋਂ ਅਤਾਲਵੀ ਸ਼ਬਦ ਨੋਵੇਲ Novelle ਨਵੀਂ ਕਥਾ ਦੇ ਅਰਥਾਂ ਵਿਚ ਵਰਤਿਆ ਗਿਆ ਜਿਸ ਦਾ ਭਾਵ ਤੁਰੰਤ ਵਾਪਰੀ ਘਟਨਾ ਦਾ ਵਰਨਣ ਜਾਂ ਨਵੀਨ ਮੌਲਿਕ ਕਥਾ ਸੀ। ਜਦੋਂ ਇਹ ਸ਼ਬਦ ਅੰਗਰੇਜ਼ੀ ਵਿਚ ਵਰਤਿਆ ਗਿਆ / ਜਾਣ ਲਗਾ ਤਾਂ ਇਸਦਾ ਅਰਥ 'ਖ਼ਬਰ' ਜਾਂ 'ਛੋਟੇ ਵਾਰਤਕ ਗਲਪ' ਵਜੋਂ ਲਏ ਜਾਣ ਲੱਗੇ। ਫਿਰ ਅਠ੍ਹਾਰਵੀਂ ਸਦੀ ਵਿਚ Novella ਅਜੋਕੇ ਅਰਥਾਂ ਵਿਚ ਸਥਾਪਿਤ ਹੋ Novel ਵਜੋਂ ਪਰਸਿੱਧ ਹੋਇਆ। ਬਹੁਤ ਸਾਰੇ ਪੱਛਮੀ ਅਤੇ ਪੂਰਬੀ ਚਿੰਤਕਾਂ ਅਤੇ ਆਲੋਚਕਾਂ ਨੇ ਨਾਵਾਲ ਨੂੰ ਪਰਿਭਾਸ਼ਤ ਕਰਨ ਦਾ ਯਤਨ ਕੀਤਾ ਹੈ ਜੋ ਹੇਠ ਲਿਖੇ ਅਨੁਸਾਰ ਇਸ ਪ੍ਰਕਾਰ ਹਨ :-

• ਹੈਨਰੀ ਫੀਲਡਿੰਗ :

ਹੇਨਰੀ ਫੀਲਡਿੰਗ ਨੇ ਨਾਵਲ ਦੇ ਮਹਾਂ ਕਾਵਿਕ ਲੱਛਣ ਨੂੰ ਬਿਆਨ ਕਰਦਿਆਂ ਇਸਨੂੰ ਵਾਰਤਕ ਵਿਚ ਸੁਖਾਂਤ ਮਹਾਂ-ਕਾਵਿ ਕਿਹਾ ਹੈ।' ਭਾਵ ਵਾਰਤਕ ਸ਼ੈਲੀ ਵਿਚ ਮਹਾਂ-ਕਾਵਿਕ ਗੁਣਾਂ ਵਾਲੀ ਸੁਖਾਂਤਕ ਸਾਹਿਤਕ ਰਚਨਾ ਨਾਵਲ ਹੈ।

• ਐਚ. ਬੀ. ਲਾਥਰਾਪ ਅਨੁਸਾਰ 'ਨਾਵਲ ਆਮ ਜੀਵਨ ਦਾ ਮਹਾਂ ਕਵਿ ਹੈ। ਆਪਣੀ ਇਸ ਪਰਿਭਾਸ਼ਾ ਵਿਚ ਲਾਥਰਾਪ ਨਾਵਲ ਦੇ ਵਿਸ਼ੇ ਖੇਤਰ ਨੂੰ ਆਮ ਲੋਕਾਂ ਨਾਲ ਜੋੜ ਕੇ ਦੇਖਦਾ ਹੈ ਅਤੇ ਇਸ ਦੀ ਵਿਆਪਕਤਾ ਵੱਲ ਸੰਕੇਤ ਕਰਦਾ ਹੈ।

• ਹਿਊ ਵਾਲਪੋਲ : ਵਾਲਪੋਲ ਨਾਵਲ ਨੂੰ ਅਜਿਹੇ ਸਾਹਿਤ ਰੂਪ ਵਜੋਂ ਪ੍ਰਭਾਸ਼ਿਤ ਕਰਦਾ ਹੈ ਜੋ ਅਜਿਹੀਆਂ ਘਟਨਾਵਾਂ ਨੂੰ ਬਿਆਨ ਕਰਦਾ ਹੈ ਜਿਹੜੀਆਂ ਕਲਪਿਤ ਪਾਤਰਾਂ ਨਾਲ ਸੰਬੰਧਿਤ ਹੋਣ। ਉਸ ਅਨੁਸਾਰ "ਨਾਵਲ ਕਲਾ ਦਾ ਉਹ ਰੂਪ ਹੈ ਜਿਸ ਦਾ ਸੰਬੰਧ ਕੁਝ ਕੁ ਘਟਨਾਵਾਂ ਬਿਆਨ ਕਰਨ ਨਾਲ ਹੈ ਜਿਹੜੀਆਂ ਕਲਪਿਤ ਪਾਤਰਾਂ ਨਾਲ ਵਾਪਰਦੀਆਂ ਹਨ।" ਵਾਲਪੋਲ ਨਾਵਲ ਵਿਚ ਕਲਪਨਾ ਦੇ ਅੰਸ਼ / ਲੱਛਣ ਵੱਲ ਸੰਕੇਤ ਕਰਦਾ ਹੈ।

• ਰੈਲਫ਼ ਫਾਕਸ : ਰੈਲਫ਼ ਫਾਕਸ ਇਕ ਪ੍ਰਸਿੱਧ ਮਾਰਕਸਵਾਦੀ ਆਲੋਚਕ ਸੀ। ਉਹ ਨਾਵਲ ਨੂੰ ਇਕ ਮਹਾਨ ਕਲਾ ਰੂਪ ਮੰਨਦਾ ਹੋਇਆ ਕਹਿੰਦਾ ਹੈ ਕਿ ਨਾਵਲ ਬਾਕੀ ਸਾਹਿਤ ਰੂਪਾਂ ਦੇ ਮੁਕਾਬਲੇ ਮਨੁੱਖੀ ਜੀਵਨ ਨਾਲ ਨੇੜਲੇ ਸੰਬੰਧ ਰੱਖਦਾ ਹੈ। ਉਸ ਅਨੁਸਾਰ "ਨਾਵਲ ਦੇ ਵਿਸ਼ਾਲ ਘੇਰੇ ਵਿਚ ਸਾਰੀ ਮਨੁੱਖਤਾ ਆ ਜਾਂਦੀ ਹੈ।" ਭਾਵ ਨਾਵਲ ਮਨੁੱਖੀ ਜੀਵਨ ਦੀ ਵਾਰਤਕ ਹੈ ਤੇ ਇਹ ਪਹਿਲੀ ਕਲਾ ਹੈ ਜਿਸ ਵਿਚ ਮਨੁੱਖ ਦੇ ਸਮੁੱਚੇ ਜੀਵਨ ਨੂੰ ਪ੍ਰਗਟਾਉਣ ਦਾ ਯਤਨ ਕੀਤਾ ਗਿਆ ਹੈ।

• ਮਹਾਨ ਭਾਰਤੀ ਉਪਨਿਆਕਾਰ 'ਮੁਨਸ਼ੀ ਪ੍ਰੇਮ ਚੰਦ ' ਅਨੁਸਾਰ "ਨਾਵਲ ਮਾਨਵੀ ਜੀਵਨ ਦਾ ਚਿੱਤਰ ਮਾਤਰ ਹੈ। ਮਾਨਵੀ ਚਰਿੱਤਰ 'ਤੇ ਰੌਸ਼ਨੀ ਪਾਉਣਾ ਤੇ ਉਸਦੇ ਰਹੱਸਾਂ ਨੂੰ ਖੋਲ੍ਹਣਾ ਹੀ ਨਾਵਲ ਦਾ ਅਸਲ ਮੰਤਵ ਹੈ।

• ਹਿੰਦੀ ਸਮਾਲੋਚਨ ਡਾ. ਸਿਆਮ ਸੁੰਦਰ ਦਾਸ : ਅਨੁਸਾਰ 'ਨਾਵਲ ਮਨੁੱਖ ਦੇ ਵਾਸਤਵਿਕ ਜੀਵਨ ਦੀ ਕਾਲਪਨਿਕ ਕਥਾ ਹੈ।"

• ਪ੍ਰਸਿੱਧ ਪੰਜਾਬੀ ਆਲੋਚਕ 'ਡਾ. ਟੀ. ਆਰ. ਵਿਨੋਦ' ਯਥਾਰਥ ਨੂੰ ਨਾਵਲ ਦਾ ਪ੍ਰਮੁੱਖ ਲੱਛਣ ਮੰਨਦੇ ਹੋਏ ਨਾਵਲ ਨੂੰ ਪ੍ਰਭਾਸ਼ਿਤ ਕਰਦੇ ਹਨ। ਉਨ੍ਹਾਂ ਅਨੁਸਾਰ, 'ਨਾਵਲ ਸਾਹਿਤ ਦੀ ਯਥਾਰਥ ਧਰਮੀ

ਵਿਧਾ ਹੈ।

ਉਪਰੋਕਤ ਸਾਰੀਆਂ ਪਰਿਭਾਸ਼ਾਵਾਂ ਨਾਵਲ ਸੰਬੰਧੀ ਇਸ ਤੱਥ ਵੱਲ ਸੰਕੇਤ ਕਰਦੀਆਂ ਹਨ ਕਿ ਉਪਨਿਆਸ / ਨਾਵਲ ਉਹ ਗਲਪ ਹੈ ਜੋ ਜਵਿਨ ਦੇ ਵਡੇਰੇ ਭਾਗ ਨੂੰ ਯਥਾਰਥ ਪੱਧਰ ਤੇ ਪੇਸ਼ ਕਰਨ ਦਾ ਯਤਨ ਕਰਦਾ ਹੈ। ਵਾਸਤਵ ਵਿਚ ਨਾਵਲ ਮਨੁੱਖੀ ਜੀਵਨ ਦੇ ਅੰਦਰੂਨੀ ਅਤੇ ਬਾਹਰੀ ਹਾਲਾਤ ਦਾ, ਮਨੁੱਖ ਦੇ ਮਾਨਸਿਕ ਸੰਘਰਸ਼ ਦਾ, ਮਨੁੱਖ ਦੇ ਆਲੇ-ਦੁਆਲੇ ਦੇ ਮਾਹੌਲ ਅਰਥਾਤ ਸਮੁੱਚੇ ਸਮਾਜ ਦੇ ਵੱਡੇ ਭਾਗ ਦੇ ਯਥਾਰਥ ਦਾ ਕਾਲਪਨਿਕ ਕਥਾ ਚਿੱਤਰ ਹੈ। ਨਾਵਲ ਅਜਿਹਾ ਸ਼ਕਤੀਸ਼ਾਲੀ ਸਾਹਿਤ ਰੂਪ ਹੈ ਜਿਸਨੇ ਬਾਕੀ ਸਾਹਿਤ ਰੂਪਾਂ ਉੱਤੇ ਪ੍ਰਧਾਨਗੀ ਹਾਸਿਲ ਕੀਤੀ ਹੋਈ ਹੈ। ਇਸ ਦਾ ਖੇਤਰ ਇੰਨਾਂ ਵਿਸ਼ਾਲ ਹੈ ਕਿ ਬਾਕੀ ਸਾਰੇ ਵਿਸ਼ੇ ਇਸ ਵਿਚ ਸਮਾ ਜਾਂਦੇ ਹਨ।

ਨਾਵਲ ਦੀ ਲੋਕ-ਪ੍ਰਿਯਤਾ ਵਿਚ ਜਿਹੜੀਆਂ ਗੱਲਾਂ ਸਹਾਈ ਹੋਈਆਂ ਹਨ, ਉਨ੍ਹਾਂ ਵਿਚੋਂ ਇਕ ਤਾਂ ਨਾਵਲ ਦੀ ਗਲਪਮਈ ਪ੍ਰਵਿਰਤੀ ਹੈ। ਸਮੁੱਚੇ ਜੀਵਨ ਦੇ ਵਡੇਰੇ ਭਾਗ ਨੂੰ ਮਨੋਰੰਜਨ ਢੰਗ ਨਾਲ ਪੇਸ਼ ਕਰਨ ਦੇ ਸਮਰੱਥ ਹੋਣ ਕਾਰਨ ਨਾਵਲ ਆਮ ਪਾਠਕਾਂ ਦੇ ਨਿਕਟ ਹੋ ਜਾਂਦਾ ਹੈ।

### 8.3.2 ਨਿੱਕੀ ਕਹਾਣੀ ਦੀ ਪਰਿਭਾਸ਼ਾ :

ਨਿੱਕੀ ਕਹਾਣੀ ਵੀ ਨਾਵਲ ਵਾਂਗ ਆਧੁਨਿਕ ਯੁੱਗ ਦੀ ਉਪਜ ਹੈ। ਨਾਵਲ ਬਾਅਦ ਗਲਪ ਦੀ ਇਹ ਦੂਸਰੀ ਵਿਧਾ ਹੈ ਜਿਸਨੇ ਬਹੁਤ ਥੋੜ੍ਹੇ ਸਮੇਂ ਵਿਚ ਆਪਣੀ ਇਕ ਖ਼ਾਸ ਥਾਂ ਆਧੁਨਿਕ ਪੰਜਾਬੀ ਸਾਹਿਤ ਵਿਚ ਬਣਾਈ ਹੈ। ਕਹਾਣੀ ਕਹਿਣ ਅਤੇ ਸੁਣਨ ਦੀ ਰੁਚੀ ਭਾਵੇਂ ਮਨੁੱਖ ਵਿਚ ਆਦਿ ਕਾਲ ਤੋਂ ਹੀ ਚਲੀ ਆਉਂਦੀ ਹੈ ਅਤੇ ਵੱਖ-ਵੱਖ ਸਾਹਿਤ ਰੂਪਾਂ ਵਿਚ ਇਸਦਾ ਪ੍ਰਕਾਸ਼ ਵੀ ਹੁੰਦਾ ਆਇਆ ਹੈ ਪਰ ਇਕ ਨਵੇਕਲੀ ਵਿਧਾ ਦੇ ਤੌਰ ਤੇ ਇਸਦੇ ਮਹੱਤਵ ਨੂੰ ਅਜੋਕੇ ਸਮੇਂ ਵਿਚ ਸਵੀਕਾਰ ਕੀਤਾ ਗਿਆ ਹੈ। ਲਿਖਿਤ ਤੇ ਅਲਿਖਿਤ ਰੂਪਾਂ ਵਿਚ ਜਾਦੂ-ਕਥਾਵਾਂ, ਪਰੀ ਕਥਾਵਾਂ, ਉਪਦੇਸ਼ਾਤਮਕ ਸਾਖੀਆਂ ਦਾ ਇਤਿਹਾਸ ਬਹੁਤ ਪੁਰਾਣਾ ਹੈ ਪਰ ਆਧੁਨਿਕ ਕਹਾਣੀ ਦਾ ਇਤਿਹਾਸ ਉੱਨ੍ਹੀਵੀਂ ਸਦੀ ਤੋਂ ਆਰੰਭ ਹੁੰਦਾ ਹੈ।

ਕਹਾਣੀ ਦੇ ਪ੍ਰਚੱਲਿਤ ਹੋਣ ਅਤੇ ਏਨੀ ਛੇਤੀ ਲੋਕ-ਪ੍ਰਿਯ ਹੋਣ ਦੇ ਕਈ ਕਾਰਣ ਹਨ। ਆਧੁਨਿਕ ਜੀਵਨ ਦੀ ਤੇਜ਼ੀ ਅਤੇ ਕਾਹਲ ਨੇ ਨਾਵਲ ਸਾਹਿਤ ਵੱਲੋਂ ਲੋਕਾਂ ਦੀ ਰੁਚੀ ਨੂੰ ਘਟਾਇਆ ਹੈ। ਕਹਾਣੀ ਦੀ ਰੂਪ ਸੰਖੇਪਤਾ ਅਤੇ ਚੰਚਲਤਾ ਦਾ ਵੀ ਇਸ ਪੱਖੋਂ ਮਹੱਤਵ ਹੈ। ਕਹਾਣੀ ਮਨੁੱਖ ਦੀ ਸਾਹਿਤ ਉਤਸੁਕਤਾ ਦੀ ਰੁਚੀ ਨੂੰ ਸ਼ਾਂਤ ਕਰਨ ਵਿਚ ਬਹੁਤ ਸਫ਼ਲ ਹੈ।

ਸਾਹਿਤ ਦੇ ਹੋਰ ਰੂਪਾਂ ਦੀਆਂ ਪਰਿਭਾਸ਼ਾਵਾਂ ਵਾਂਗ ਕਹਾਣੀ ਦੀ ਪਰਿਭਾਸ਼ਾ ਦਾ ਮਸਲਾ ਵੀ ਬਹੁਤ ਟੇਢਾ ਹੈ। ਸਮੇਂ ਸਮੇਂ ਸਿਰ ਕਹਾਣੀਆਂ, ਸਾਹਿਤ, ਚਿੰਤਕਾਂ ਅਤੇ ਆਲੋਚਕਾਂ ਨੇ ਕਹਾਣੀ ਨੂੰ ਪਰਿਭਾਸ਼ਤ

ਕਰਨ ਦਾ ਯਤਨ ਕੀਤਾ ਹੈ ਪਰ ਅਜਿਹਾ ਕਰਦੇ ਸਮੇਂ ਕਿਸੇ ਨੇ ਕਹਾਣੀ ਦੇ ਆਕਾਰ ਨੂੰ ਮੁੱਖ ਰੱਖਿਆ ਤੇ ਕਿਸੇ ਨੇ ਇਸ ਦੀ ਭਾਵ-ਵਿਅੰਜਨਾ ਉੱਤੇ ਜ਼ੋਰ ਦਿੱਤਾ ਹੈ ਜੋ ਹੇਠ ਲਿਖੇ ਅਨੁਸਾਰ ਹੈ :

• ਐਚ. ਜੀ. ਵੈਲਜ਼ ਅਨੁਸਾਰ 'ਕਹਾਣੀ ਉਹ ਕਥਾ ਹੈ ਜਿਸ ਨੂੰ ਅੱਧੇ ਘੰਟੇ ਵਿਚ ਪੜ੍ਹਿਆ ਜਾ ਸਕੇ।'

• ਐਡਗਰ ਐਲਨ ਪ੍ਰੋ. ਅਨੁਸਾਰ 'ਕਹਾਣੀ ਇਕੋ ਬੈਠਕ ਵਿਚ ਪੜ੍ਹੀ ਜਾਣ ਵਾਲੀ ਸੰਖੇਪ ਬਿਰਤਾਂਤਿਕ ਰਚਨਾ ਹੈ ਅਤੇ ਇਸ ਦੁਆਰਾ ਲੇਖਕ ਕੇਵਲ ਇਕੋ ਪ੍ਰਭਾਵ ਪਾਉਣਾ ਚਾਹੁੰਦਾ ਹੈ।

• ਪੱਛਮੀ ਵਿਦਵਾਨ ਜੇਮਸ ਡਬਲਿਊ ਲਿਨ ੳਨੁਸਾਰ 'ਇਕ ਪਾਤਰ ਦੇ ਜੀਵਨ ਦੀ ਪਰਿਵਰਤਨਕਾਰੀ ਘਟਨਾ ਦੇ ਨਾਟਕੀ ਢੰਗ ਨਾਲ ਸੰਖੇਪ ਪ੍ਰਕਥਨ ਨੂੰ ਨਿੱਕੀ ਕਹਾਣੀ ਕਿਹਾ ਜਾਂਦਾ ਹੈ।

• ਸਮਰਮੈਟ ਮਾਸ ਅਨੁਸਾਰ 'ਇਕ ਚੰਗੀ ਕਹਾਣੀ ਕਿਸੇ ਇਕਹਰੀ ਪਦਾਰਥਕ ਜਾਂ ਆਤਮਕ ਘਟਨਾ ਵਾਲਾ ਉਹ ਗਲਪ ਹੈ ਜਿਸ ਨੂੰ ਇਕੋ ਬੈਠਕ ਵਿਚ ਪੜ੍ਹਿਆ ਜਾ ਸਕੇ, ਇਹ ਮੌਲਿਕ ਅਤੇ ਪ੍ਰਭਾਵਸ਼ਾਲੀ ਹੋਣੀ ਚਾਹੀਦੀ ਹੈ। ਇਸ ਵਿਚ ਪ੍ਰਭਾਵ ਦੀ ਇਕਾਰਗਰਤਾ ਹੋਵੇ ਅਤੇ ਇਸ ਨੂੰ ਆਰੰਭ ਤੋਂ ਅੰਤ ਤਕ ਇਕ ਖ਼ਾਸ ਦਿਸ਼ਾ ਵਿਚ ਚੱਲਣਾ ਚਾਹੀਦਾ ਹੈ।

ਉਪਰੋਕਤ ਸਾਰੀਆਂ ਪਰਿਭਾਸ਼ਾਵਾਂ ਵਿਚ ਕਹਾਣੀ ਦੇ ਜਿਹੜੇ ਲੱਛਣ ਦ੍ਰਿਸ਼ਟੀਗੋਚਰ ਹੁੰਦੇ ਹਨ ਉਨ੍ਹਾਂ ਵਿਚ ਕੁਝ ਸ਼ਾਝੇ ਹਨ ਜਿਵੇਂ ਸੰਖੇਪਤਾ, ਇਕਹਿਰੇਪਨ, ਪ੍ਰਭਾਵ ਦੀ ਇਕਾਰਾਰਤਾ, ਉਤਸੁਕਤਾ ਅਤੇ ਫੁਰਤੀਲਾਪਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਕ ਉੱਤਮ ਕਹਾਣੀ ਵਿਚ ਭਾਵ-ਵਿਅੰਜਨਾ ਅਤੇ ਸ਼ਿਲਪ-ਵਿਧਾਨ ਦੁਹਾਂ ਦਾ ਹੀ ਸੁੰਦਰ ਸੁਮੇਲ ਹੋਣਾ ਵਾਜਬ ਹੈ। ਛੋਟਾ ਅਕਾਰ ਆਧੁਨਿਕ ਕਹਾਣੀ ਦਾ ਵਿਸੇਸ਼ ਲੱਛਣ ਹੈ; ਅਤੇ ਇਹ ਇਸ ਦਾ ਸੁਭਾਵਿਕ ਗੁਣ ਵੀ ਹੈ। ਅਜੋਕੀ ਕਹਾਣੀ ਏਨੀ ਵਿਕਸਿਤ ਅਤੇ ਬਹੁਵਿਧ ਹੈ ਕਿ ਪੁਰਾਣੇ ਬੰਧਨਾਂ ਵਿਚ ਬੱਝੀ ਨਹੀਂ ਰਹਿ ਸਕਦੀ। ਹਰ ਨਵੇਂ ਦਿਨ ਕਹਾਣੀ ਵਿਚ ਨਵੇਂ ਸਰੂਪ ਤੇ ਸੰਭਾਵਨਾਵਾਂ ਉਤਪੰਨ ਹੋ ਰਹੀਆਂ ਹਨ। ਸੰਸਾਰ ਦੀਆਂ ਹੋਰ ਭਾਸ਼ਾਵਾਂ ਦੀਆਂ ਕਹਾਣੀਆਂ ਵਾਂਗ ਪੰਜਾਬੀ ਕਹਾਣੀ ਨੇ ਬੜੇ ਥੋੜ੍ਹੇ ਸਮੇਂ ਵਿਚ ਹੋਰ ਸਾਹਿਤ-ਰੂਪਾਂ ਉੱਪਰ ਫ਼ਤਹ ਪਾ ਕੇ ਆਪਣੇ ਆਪ ਨੂੰ ਸਥਾਪਿਤ ਕਰ ਲਿਆ ਹੈ।

### 8.3.3 ਨਾਵਲ ਅਤੇ ਕਹਾਣੀ ਦੇ ਤੱਤ :

ਨਾਵਲ ਅਤੇ ਕਹਾਣੀ ਗਲਪ ਦੇ ਰੂਪ ਹਨ। ਇਹ ਦੋਵੇਂ ਸਾਹਿਤ ਰੂਪ ਕਥਾ ਸਾਹਿਤ ਦਾ ਹਿੱਸਾ ਹਨ। ਕਥਾ ਸਾਹਿਤ ਦੇ ਆਮ ਤੌਰ ਤੇ ਛੇ ਪ੍ਰਮੁੱਖ ਤੱਤ ਮੰਨੇ ਜਾਂਦੇ ਹਨ। (੧) ਕਥਾ ਵਸਤੂ (੨) ਪਾਤਰ

ਉਸਾਰੀ (੩) ਵਾਰਤਾਲਾਪ (੪) ਦੇਸ਼, ਕਾਲ ਜਾਂ ਵਾਤਾਵਰਣ (੫) ਸ਼ੈਲੀ ਅਤੇ (੬) ਉਦੇਸ਼। ਇਨ੍ਹਾਂ ਸਾਰਿਆਂ ਵਿਚੋਂ ਪਹਿਲੇ ਦੋਹਾਂ ਦਾ ਵਿਸ਼ੇਸ਼ ਮਹੱਤਵ ਹੈ। ਨਾਵਲ ਅਤੇ ਕਹਾਣੀ ਦਾ ਸੰਬੰਧ ਜੀਵਨ ਨਾਲ ਹੋਣ ਕਰ ਕੇ ਘਟਨਾਵਾਂ ਅਤੇ ਕਾਰਜਾਂ ਵਿਚੋਂ ਕਥਾ ਵਸਤੂ ਦੀ ਉਤਪੱਤੀ ਹੁੰਦੀ ਹੈ। ਘਟਨਾਵਾਂ ਅਤੇ ਕਾਰਜਾਂ ਦੇ ਵਾਪਰਨ ਵਿਚ ਵਿਅਕਤੀਆਂ ਦਾ ਹੱਥ ਹੁੰਦਾ ਹੈ ਜੋ ਪਾਤਰ ਅਥਵਾ ਚਰਿੱਤਰ ਰੂਪ ਵਿਚ ਸਾਡੇ ਸਾਹਮਣੇ ਆਉਂਦੇ ਹਨ। ਉਨ੍ਹਾਂ ਦੀ ਆਪਸੀ ਗੱਲਬਾਤ ਵਾਰਤਾਲਾਪ ਦਾ ਸਰੂਪ ਧਾਰਨ ਕਰਦੀ ਹੈ। ਕਾਰਨ ਵਾਪਰਨ ਦਾ ਸਮਾਂ ਤੇ ਸਥਾਨ ਇਕ ਵਿਸ਼ੇਸ਼ ਵਾਤਾਵਰਣ ਅਥਵਾ ਦੇਸ਼ ਕਾਲ ਨੂੰ ਜਨਮ ਦਿੰਦੇ ਹਨ। ਉਪਨਿਆਸਕਾਰ ਇਸ ਸਭ ਕੁਝ ਦੀ ਪੇਸ਼ਕਾਰ ਲਈ ਜੋ ਸ਼ੈਲੀ ਵਰਤਦਾ ਹੈ ਉਸਦਾ ਆਪਣਾ ਕਲਾਤਮਕ ਮਹੱਤਵ ਹੁੰਦਾ ਹੈ ਤੇ ਇਸ ਸਭ ਕੁਝ ਦੇ ਪਿੱਛੇ ਲੇਖਕ ਦਾ ਇਕ ਉਦੇਸ਼ ਕੰਮ ਕਰਦਾ ਹੈ। ਜਿਸ ਨੂੰ ਉਸਦਾ ਜੀਵਨ ਦਰਸ਼ਨ ਜਾਂ ਦ੍ਰਿਸ਼ਟੀਕੋਣ ਆਖਿਆ ਜਾ ਸਕਦਾ ਹੈ। ਕਥਾ ਸਾਹਿਤ ਵਿਚ ਇਹ ਸਾਰੇ ਤੱਤ ਆਪਸ ਵਿਚ ਕਿਸੇ ਨਾ ਕਿਸੇ ਰੂਪ ਵਿਚ ਜੁੜੇ ਹੋਏ ਰਹਿੰਦੇ ਹਨ। ਇਕ ਕਥਾਕਾਰ ਆਪਣੀ ਰੁਚੀ ਅਤੇ ਜੀਵਨ ਦਰਸ਼ਨ ਅਨੁਸਾਰ ਵੱਖ-ਵੱਖ ਤੱਤਾਂ ਉੱਤੇ ਬਹੁਤਾ ਜਾਂ ਥੋੜ੍ਹਾ ਜ਼ੋਰ ਦਿੰਦਾ ਰਹਿੰਦਾ ਹੈ। ਆਉ ਅਸੀਂ ਇਨ੍ਹਾਂ ਤੱਤਾਂ ਸੰਬੰਧੀ ਵਿਚਾਰ ਪੂਰਵਕ ਚਰਚਾ ਕਰਦੇ ਹਾਂ।

(੧) **ਕਥਾ ਵਸਤੂ** : ਕਥਾ ਵਸਤੂ ਨਾਵਲ ਅਤੇ ਕਹਾਣੀ ਦਾ ਮਹੱਤਵਪੂਰਨ ਅੰਗ ਹੈ। ਇਸ ਨੂੰ ਅੰਗ੍ਰੇਜ਼ੀ ਵਿਚ ਪਲਾਟ ਕਿਹਾ ਜਾਂਦਾ ਹੈ। ਪੰਜਾਬੀ ਵਿਚ ਇਸ ਲਈ ਗੋਂਦ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਪ੍ਰਮੁੱਖ ਤੱਤ ਨੂੰ ਆਮ ਕਰ ਕੇ "ਘਟਨਾਵਾਂ ਦੀ ਤਰਤੀਬ" ਜਾਂ ਕਾਰਜ-ਕਾਰਣ ਹੀ ਸਮਝਿਆ ਜਾਂਦਾ ਹੈ ਪਰ ਵਾਸਤਵ ਵਿਚ ਇਸ ਦਾ ਖੇਤਰ ਬਹੁਤ ਵਿਸ਼ਾਲ ਹੁੰਦਾ ਹੈ। ਕੁਝ ਵਿਦਵਾਨਾਂ ਨੇ ਪਲਾਟ ਨੂੰ ਉਹੀ ਮਹੱਤਵ ਦਿੱਤਾ ਹੈ ਜੋ ਸਰੀਰ ਵਿਚ ਹੱਡੀਆਂ ਦਾ ਹੈ। ਇਸ ਤਰ੍ਹਾਂ ਬਹੁਤੇ ਵਿਦਵਾਨ ਨਾਵਲ ਜਾ ਨਿੱਕੀ ਕਹਾਣੀ ਦੀ ਸਫ਼ਲਤਾ, ਕਥਾ ਵਸਤੂ ਦੀ ਚੋਣ ਭਾਵ ਘਟਨਾਵਾਂ ਦੇ ਉਚਿਤ ਵਿਕਾਸ 'ਤੇ ਆਧਾਰਿਤ ਮੰਨਦੇ ਹਨ। ਕਥਾ ਵਸਤੂ ਦਾ ਆਧਾਰ ਉਹ ਕਹਾਣੀ ਹੁੰਦੀ ਹੈ ਜਿਸ ਨੂੰ ਕੋਈ ਲੇਖਕ ਆਪਣੀ ਨਾਵਲ ਜਾਂ ਕਹਾਣੀ ਦੀ ਉਸਾਰੀ ਲਈ ਚੁਣਦਾ ਹੈ। ਇਸ ਕਹਾਣੀ ਦਾ ਸੰਭਾਵੀ, ਉਚਿਤ ਅਤੇ ਦਿਲਚਸਪ ਹੋਣਾ ਬਹੁਤ ਜ਼ਰੂਰੀ ਹੈ ਤਾਂ ਹੀ ਉਹ ਪਾਠਕਾਂ ਨੂੰ ਆਪਣੇ ਵੱਲ ਆਕਰਸ਼ਿਤ ਕਰ ਸਕਦੀ ਹੈ। ਨਾਵਲ ਜਾਂ ਕਹਾਣੀਕਾਰ ਲਈ ਕਥਾ ਵਸਤੂ ਦੀ ਉਸਾਰੀ ਕਰਦੇ ਸਮੇਂ ਜਿੰਨਾਂ ਗੱਲਾਂ ਵੱਲ ਵਿਸੇਸ਼ ਧਿਆਨ ਦੇਣ ਦੀ ਲੋੜ ਹੁੰਦੀ ਹੈ ਉਹ ਹਨ- (੧) ਰੌਚਿਕਤਾ, (੨) ਸੰਭਾਵਤਾ, (੩) ਮੌਲਿਕਤਾ ਅਤੇ (੪) ਸੁਗਠਿਤਤਾ।

(੧) ਰੌਚਿਕਤਾ :

ਰੌਚਿਕਤਾ ਕਥਾ ਵਸਤੂ ਦਾ ਇਕ ਵਿਸ਼ੇਸ਼ ਗੁਣ ਹੈ। ਰੌਚਿਕਤਾ ਉਤਪੰਨ ਕਰਨ ਲਈ ਪਹਿਲੀ

ਲੋੜ ਇਹ ਹੈ ਕਿ ਕਥਾ ਦਾ ਵੇਗ ਆਪਣੇ ਸਹਿਜ ਸੁਭਾਵਿਕ ਢੰਗ ਨਾਲ ਅੱਗੇ ਵਧੇ। ਇਸ ਲਈ ਨਵੀਨਤਾ ਅਤੇ ਉਤਸੁਕਤਾ ਬਹੁਤ ਸਹਾਈ ਹੁੰਦੇ ਹਨ। ਇਨ੍ਹਾਂ ਵਿਚੋਂ ਉਤਸੁਕਤਾ ਕਥਾਨਕ ਵਿਚ ਰੌਚਿਕਤਾ ਭਰਨ ਲਈ ਬਹੁਤ ਲੋੜੀਂਦਾ ਉਪਕਰਣ ਹੈ। ;ਅੱਗੇ ਕੀ ਹੋਇਆ' ਦੀ ਉਤਸੁਕਤਾ ਬਣਾਈ ਰੱਖਣ ਵਿਚ ਲੇਖਕ ਨੂੰ ਘਟਨਾਵਾਂ ਨੂੰ ਸੁਚੱਜੇ ਢੰਗ ਨਾਲ ਉਸਾਰਨਾ ਚਾਹੀਦਾ ਹੈ।

(੨) ਸੰਭਾਵਤਾ :

ਸੰਭਾਵਤਾ ਕਥਾ ਵਸਤੂ ਦਾ ਦੂਸਰਾ ਪ੍ਰਮੁੱਖ ਗੁਣ ਹੈ। ਅਜੋਕੇ ਯੁੱਗ ਦਾ ਮਨੁੱਖ ਅਸੰਭਵ ਜਾਂ ਅਲੌਕਿਕ ਗੱਲਾਂ ਨੂੰ ਬਹੁਤਾ ਮਹੱਤਵ ਨਹੀਂ ਦਿੰਦਾ ਇਸ ਲਈ ਕਥਾ ਵਸਤੂ ਦੀ ਚੋਣ ਸਮੇਂ ਇਕ ਕਥਾਕਾਰ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਅਜਿਹੀਆਂ ਘਟਨਾਵਾਂ ਨੂੰ ਸ਼ਾਮਿਲ ਕਰੇ ਜਿਹੜੀਆਂ ਸੰਭਵ ਅਥਵਾ ਵਾਪਰਨ ਯੋਗ ਹੋਣ।

(੩) ਮੌਲਿਕਤਾ :

ਮੌਲਿਕਤਾ ਦਾ ਸਮੁੱਚੇ ਸਾਹਿਤ ਵਿਚ ਹੀ ਬਹੁਤ ਮਹੱਤਵ ਹੈ ਪਰ ਨਾਵਲ ਜਾਂ ਕਹਾਣੀ ਦਾ ਕਥਾ ਵਸਤੂ ਮੌਲਿਕ ਹੋਵੇ ਤਾਂ ਰਚਨਾ ਦੀ ਵਿਸ਼ੇਸ਼ਤਾ ਬਹੁਤ ਵੱਧ ਜਾਂਦੀ ਹੈ। ਪੁਰਾਣੀਆਂ ਘਿਸੀਆਂ ਪਿਟੀਆਂ ਗੱਲਾਂ ਵਿਚ ਪਾਠਕਾਂ ਦੀ ਰੁਚੀ ਨਹੀਂ ਹੁੰਦੀ ਤੇ ਅਜਿਹੇ ਕਥਾ ਵਸਤੂ ਵਾਲੇ ਉਪਨਿਆਸ ਜਾਂ ਕਹਾਣੀਆਂ ਦੇ ਕੁਝ ਪੰਨੇ ਪੜ੍ਹ ਕੇ ਹੀ ਪਾਠਕ ਉਨ੍ਹਾਂ ਨੂੰ ਛੱਡ ਦੇਣ ਲਈ ਮਜਬੂਰ ਹੋ ਜਾਂਦਾ ਹੈ। ਇਸ ਲਈ ਨਾਵਲ ਜਾਂ ਕਹਾਣੀ ਸਿਰਜਨਾ ਸਮੇਂ ਨਾਵਲਕਾਰ ਨੂੰ ਮੌਲਿਕ ਦ੍ਰਿਸ਼ਟੀ ਅਪਣਾਉਣੀ ਚਾਹੀਦੀ ਹੈ।

(੫) ਸੁਗਠਤਿਤਾ :

ਉਪਰੋਕਤ ਲੱਛਣਾਂ ਤੋਂ ਇਲਾਵਾ ਕਿਸੇ ਪਲਾਟ ਦਾ ਮਹੱਤਵ ਉਸਦੀ ਸੁਗਠਤਿਤਾ ਵਿਚ ਹੁੰਦਾ ਹੈ। ਕਥਾ ਵਸਤੂ ਦੀ ਘਟਨਾ ਲੜੀ ਦਾ ਸੰਗਠਿਤ ਭਾਵ ਲੜੀਵਾਰ ਜਾਂ ਤਰਤੀਬਵਾਰ ਹੋਣਾ ਹੀ ਸੁਗਠਿਤਤਾ ਹੈ। ਸੁਗਠਤਿਤਾ ਕਾਰਨ ਕਿਸੇ ਰਚਨਾ ਨੂੰ ਸਮਝਣਾ ਪਾਠਕ ਲਈ ਵਧੇਰੇ ਸੌਖਾ ਹੋ ਜਾਂਦਾ ਹੈ। ਕਥਾਕਾਰ ਦੇ ਸੰਗਠਨ ਵਿਚ ਘਟਨਾਵਾਂ ਦਾ ਵਿਸ਼ਵਾਸਯੋਗ ਹੋਣਾ, ਕਾਰਜ-ਕਾਰਣ ਸੰਬੰਧ ਸੰਘਰਸ਼, ਭਵਿਖ-ਸੰਕੇਤ ਅਤੇ ਸਿਖਰ ਦਾ ਉਤਪੰਨ ਹੋਣਾ ਵੀ ਜ਼ਰੂਰੀ ਮੰਨਿਆ ਜਾਂਦਾ ਹੈ।

੨ ਪਾਤਰ ਉਸਾਰੀ ;

ਕਥਾ ਵਸਤੂ ਦੇ ਨਾਲ-ਨਾਲ ਪਾਤਰ ਉਸਾਰੀ ਨਾਵਲ ਅਤੇ ਕਹਾਣੀ ਦਾ ਦੂਜਾ ਪ੍ਰਮੁੱਖ ਤੱਤ ਹੈ।

ਪਿੱਛਲੇ ਕੁਝ ਸਮੇਂ ਵਿਚ ਤਾਂ ਇਸ ਨੂੰ ਕਥਾ ਵਸਤੂ ਨਾਲੋਂ ਵੀ ਵੱਧ ਮਹੱਤਵ ਦਿੱਤਾ ਜਾ ਰਿਹਾ ਹੈ। ਯਥਾਰਥਵਾਦੀ ਸਾਹਿਤ ਰੂਪ ਹੋਣ ਕਰਕੇ ਨਾਵਲ ਅਤੇ ਕਹਾਣੀ ਦੇ ਪਾਤਰ ਜਿਉਂਦੇ ਜਾਗਦੇ, ਸੁਭਾਵਿਕ ਤੇ ਧਰਤੀ ਉੱਪਰ ਵਿਚਰਦੇ ਹੋਣੇ ਚਾਹੀਦੇ ਹਨ। ਉਨ੍ਹਾਂ ਦਾ ਵਾਸਤਵਿਕ ਤੇ ਮੰਨਣਯੋਗ ਪਾਠਕਾਂ ਵਿਚ ਇਹ ਵਿਸ਼ਵਾਸ ਪੈਦਾ ਕਰਦਾ ਹੈ ਕਿ ਉਹ ਉਨ੍ਹਾਂ ਦੇ ਜੀਵਨ ਦਾ ਹੀ ਇਕ ਅੰਗ ਹਨ। ਆਮ ਜੀਵਨ ਵਿਚ ਵਿਅਤਕੀ ਚੰਗੇ ਅਥਵਾ ਮਾੜੇ ਦੋਵੇਂ ਪ੍ਰਕਾਰ ਦੇ ਹੁੰਦੇ ਹਨ ਪਰ ਕੋਈ ਵਿਅਕਤੀ ਨਿਰੋਲ ਚੰਗਾ ਜਾਂ ਮੰਦਾ ਨਹੀਂ ਹੁੰਦਾ, ਸੋ ਜ਼ਰੂਰੀ ਹੈ ਕਿ ਨਾਟਲ ਅਤੇ ਕਹਾਣੀ ਦੇ ਪਾਤਰ ਜੀਵਨ ਵਿਚਲੇ ਗੁਣਾਂ, ਦੋਸ਼ਾਂ ਨੂੰ ਸਾਧਾਰਨ ਰੂਪ ਵਿਚ ਹੰਢਾ ਰਹੇ ਪ੍ਰਤੀਤ ਹੋਣ। ਇਕ ਲੇਖਕ ਪਾਤਰ ਉਸਾਰੀ ਲਈ ਕਿਸੇ ਵੀ ਵਿਧੀ ਦੀ ਵਰਤੋਂ ਕਰ ਸਕਦਾ ਹੈ ਪਰ ਸਫ਼ਲ ਪਾਰਤ ਉਸਾਰੀ ਲਈ ਸਾਰੀਆਂ ਵਿਧੀਆਂ ਦੀ ਸਹਾਇਤਾ ਲੈਣੀ ਚਾਹੀਦੀ ਹੈ। ਅਜੋਕੇ ਯੁੱਗ ਵਿਚ ਮਨੋਵਿਗਿਆਨ ਦੀਆਂ ਨਵੀਨ ਖੋਜਾਂ ਕਾਰਣ ਚਰਿੱਤਰ ਚਿੱਤ੍ਰਣ ਦੀ ਪ੍ਰਕਿਰਿਆ ਦਿਨ ਪ੍ਰਤੀ ਦਿਨ ਵਧੇਰੇ ਸੂਖ਼ਮ ਅਤੇ ਰੋਚਕ ਹੁੰਦੀ ਜਾ ਰਹੀ ਹੈ।

(੩) ਵਾਰਤਾਲਾਪ :

ਨਾਵਲ ਅਤੇ ਕਹਾਣੀ ਵਿਚ ਪਾਤਰਾਂ ਦੇ ਆਪਸੀ ਵਾਰਤਾਲਾਪ ਕਥਾ ਵਸਤੂ ਦੇ ਵਿਕਾਸ ਅਤੇ ਪਾਤਰ ਦੇ ਵਿਅਕਤਿਤਵ ਨੂੰ ਉਘਾੜਨ ਹਿੱਤ ਆਪਣੀ ਵਿਸ਼ੇਸ਼ ਭੂਮਿਕਾ ਰੱਖਦੇ ਹਨ। ਇਸ ਦੇ ਨਾਲ-ਨਾਲ ਕਹਾਣੀਕਾਰ ਤੇ ਨਾਵਲਕਾਰ ਦੇ ਵਿਚਾਰਾਂ ਅਤੇ ਆਦਰਸ਼ਾਂ ਦੇ ਸਪੱਸ਼ਟੀਕਰਣ ਲਈ ਵੀ ਵਾਰਤਾਲਾਪ ਬਹੁਤ ਸਹਾਈ ਹੋ ਸਕਦੇ ਹਨ। ਵਾਰਤਾਲਾਪ ਰਾਹੀਂ ਕੋਈ ਲੇਖਕ ਘਟਨਾਵਾਂ ਦੀ ਸਿਰਜਨਾ ਕਰਦਾ ਅਤੇ ਵਿਰੋਧ ਵਿਚਾਰਾਂ ਨੂੰ ਉਜਾਗਰ ਕਰਕੇ ਦ੍ਵੰਦ ਪ੍ਰਸਤੁਤ ਕਰਦਾ ਹੈ। ਵਾਰਤਾਲਾਪ ਦਾ ਸੰਬੰਧ ਕਥਾ-ਵਸਤੂ ਅਤੇ ਪਾਤਰ ਉਸਾਰੀ ਦੁਹਾਂ ਨਾਲ ਹੋਣ ਕਰਕੇ ਇਸਦੀ ਵਰਤੋਂ ਵਿਚ ਸੰਜਮ ਅਤੇ ਸਾਵਧਾਨੀ ਦੀ ਬਹੁਤ ਲੋੜ ਰਹਿੰਦੀ ਹੈ। ਉਚਿਤਤਾ, ਸੁਭਾਵਿਕਤਾ ਤੇ ਵਿਅਕਤਿਤਕਤਾ ਵਾਰਤਾਲਾਪ ਦੇ ਜ਼ਰੂਰੀ ਲੱਛਣ ਮੰਨੇ ਜਾਂਦੇ ਹਨ। ਵਾਰਤਾਲਾਪ ਦੀ ਭਾਸ਼ਾ ਵੀ ਪਾਤਰ ਦੀ ਸਥਿਤੀ ਅਨੁਸਾਰ ਹੋਣੀ ਜ਼ਰੂਰੀ ਹੈ। ਬਹੁਤ ਲੰਬੇ, ਕਠਿਨ,. ਨਿਰਾਰਥਕ ਅਤੇ ਅਸੰਗਿਤ ਵਾਰਤਾਲਾਪ ਨਾਵਲ ਅਤੇ ਕਹਾਣੀ ਦੇ ਕਥਾ ਪ੍ਰਵਾਹ ਲਈ ਚੰਗੇ ਨਹੀਂ ਸਮਝੇ ਜਾਂਦੇ।

(੪) ਵਾਤਾਵਰਣ :

ਵਾਤਾਵਰਨ ਦੇ ਅਧੀਨ ਸੈਟਿੰਗ ਅਥਵਾ ਸਥਾਨਿਕ ਰੰਗਣ ਆ ਜਾਂਦੇ ਹਨ। ਘਟਨਾਵਾਂ ਦਾ ਦੇਸ਼ ਕਾਲ, ਵਾਯੂ ਮੰਡਲ ਅਤੇ ਪਿਛੋਕੜ ਆਦਿ ਕਹਾਣੀ ਅਤੇ ਨਾਵਲ ਨੂੰ ਵਾਸਤਵਿਕ ਅਤੇ ਮੰਨਣਯੋਗ ਬਣਾਉਣ ਵਿਚ ਸਹਾਈ ਹੁੰਦੇ ਹਨ। ਪਾਤਰਾਂ ਦੇ ਅਚਾਰ, ਵਿਚਾਰ, ਰੀਤੀ ਰਿਵਾਜ ਅਤੇ ਸਾਮਾਜਿਕ

ਪਰਿਸਥਿਤੀਆਂ ਰਾਹੀਂ ਸਮਾਜਿਕਤਾ ਦਾ ਪ੍ਰਵੇਸ਼ ਸੈਟਿੰਗ ਦਾ ਹੀ ਭਾਗ ਹਨ।ਇਸ ਪੱਖ ਤੋਂ ਪ੍ਰਕ੍ਰਿਤੀ ਚਿੱਤ੍ਰਣ ਰਾਹੀਂ ਸੁਯੋਗ ਵਾਯੂ ਮੰਡਲ ਦੀ ਉਸਾਰੀ ਕਹਾਣੀ ਅਤੇ ਨਾਵਲ ਦੇ ਪ੍ਰਭਾਵ ਨੂੰ ਵਧਾਉਣ ਅਤੇ ਪਾਤਰਾਂ ਦੀ ਮਾਨਸਿਕਤਾ ਉਘਾੜਨ ਵਿਚ ਸਹਾਈ ਹੁੰਦੀ ਹੈ। ਇਤਿਹਾਸਕ ਕਹਾਣੀ ਅਤੇ ਨਾਵਲ ਵਿਚ ਸਥਾਨਿਕ ਰੰਗਤ ਦੀ ਲੋੜ ਵਧੇਰੇ ਹੁੰਦੀ ਹੈ। ਕਿਉਂਕਿ ਇਸ ਦੁਆਰਾ ਘਟਨਾਵਾਂ ਦਾ ਦੇਸ਼ ਕਾਲ, ਸਮਕਾਲੀਨ ਵਿਚਾਰਧਾਰਾਵਾਂ ਤੇ ਪਾਤਰਾਂ ਨਾਲ ਸੰਬੰਧਿਤ ਪ੍ਰਵਿਰਤੀਆਂ ਉਜਾਗਰ ਹੁੰਦੀਆਂ ਹਨ।

ਸਥਾਨਿਕ ਰੰਗਣ ਦੀ ਉਸਾਰੀ ਕਿਸੇ ਇਲਾਕੇ ਦਾ ਸਭਿਆਚਾਰ ਦਰਸਾਕੇ, ਸਥਾਨ-ਵਿਸ਼ੇਸ਼ ਦਾ ਸ਼ਬਦ-ਚਿੱਤ੍ਰ ਖਿੱਚ ਕੇ, ਪਾਤਰਾਂ ਦੁਆਰਾ ਉਪ-ਭਾਸ਼ਾ ਬੁਲਵਾ ਕੇ ਜਾਂ ਕਿਸੇ ਵਿਸ਼ੇਸ਼ ਇਤਿਹਾਸਕ ਘਟਨਾ ਨੂੰ ਪਿਛੋਕੜ ਬਣਾ ਕੇ ਕੀਤੀ ਜਾ ਸਕਦੀ ਹੈ। ਵਾਤਾਵਰਣ ਚਿੱਤ੍ਰਣ ਵਿਚ ਲੇਖਕ ਨੂੰ ਦੇਸ਼-ਕਾਲ ਦੇ ਵਰਣਨ ਨੂੰ ਏਨਾ ਸੀਮਿਤ ਨਹੀਂ ਰੱਖਣਾ ਚਾਹੀਦਾ ਕਿ ਵਾਤਾਵਰਣ ਸਪੱਸ਼ਟ ਹੀ ਨਾ ਹੋਵੇ ਅਤੇ ਨਾਲ ਹੀ ਏਨਾ ਵਿਸਤਾਰ ਵੀ ਨਹੀਂ ਦੇਣਾ ਚਾਹੀਦਾ ਕਿ ਕਥਾ ਦਾ ਵਿਕਾਸ ਹੀ ਰੁਕ ਜਾਵੇ।

(੫) ਸ਼ੈਲੀ :

ਸ਼ੈਲੀ ਤੱਤ ਕੇਵਲ ਕਹਾਣੀ ਅਤੇ ਨਾਵਲ ਤੱਕ ਹੀ ਸੀਮਿਤ ਨਹੀਂ ਸਗੋਂ ਇਸਦਾ ਸੰਬੰਧ ਸਮੁੱਚੇ ਸਾਹਿਤ ਨਾਲ ਹੈ। ਸ਼ੈਲੀ ਕਿਸੇ ਲੇਖਕ ਦੀ ਕਲਾਤਮਕਤਾ ਅਤੇ ਕੌਸ਼ਲ ਤੇ ਨਿਰਭਰ ਕਰਦੀ ਹੈ। ਵਿਸ਼ੇ ਦੇ ਅਨੁਕੂਲ, ਨਿਪੁੰਨ ਅਤੇ ਮੌਲਿਕ ਸ਼ੈਲੀ ਕਥਾ ਵਰਣਨ ਰੱਸ ਅਨੁਭੂਤੀ ਨੂੰ ਪ੍ਰਭਾਵਸ਼ਾਲੀ ਬਣਾਉਂਦੀ ਹੈ। ਮਧੁਰਤਾ, ਓਜ, ਸੰਜਮ, ਸਪੱਸ਼ਟਤਾ ਅਤੇ ਬੋਲੀ ਉੱਤੇ ਕਾਬੂ ਆਦਿ ਗੁਣਾਂ ਰਾਹੀਂ ਉਪਨਿਆਸਕਾਰ ਆਪਣੀ ਰਚਨਾ ਨੂੰ ਸ਼ਕਤੀਸ਼ਾਲੀ ਬਣਾ ਕੇ ਪਾਠਕ ਮਨ ਤੇ ਆਪਣੀ ਵਿਸ਼ੇਸ਼ ਛਾਪ ਛੱਡ ਸਕਦਾ ਹੈ।

(੬) ਉਦੇਸ਼ : ਹਰੇਕ ਸਾਰਥਕ ਰਚਨਾ ਦਾ ਕੋਈ ਨਾ ਕੋਈ ਉਦੇਸ਼ ਹੁੰਦਾ ਹੈ। ਕਥਾ ਵਸਤੂ, ਪਾਤਰਾਂ ਤੇ ਹੋਰ ਤੱਤਾਂ ਦੇ ਮਾਧਿਅਮ ਰਾਹੀਂ ਕਹਾਣੀਕਾਰ ਅਤੇ ਨਾਵਲਕਾਰ ਕਿਸੇ ਨਾ ਕਿਸੇ ਉਦੇਸ਼ ਦੀ ਪੂਰਤੀ ਕਰਨਾ ਲੋੜਦਾ ਹੈ। ਇਹ ਉਦੇਸ਼ ਕਿਸੇ ਉਪਦੇਸ਼ ਵਾਂਗ ਵੱਖਰਾ ਨਹੀਂ ਰੱਖਿਆ ਹੁੰਦਾ ਸਗੋਂ ਲੇਖਕ ਦੇ ਵਿਚਾਰ ਕਹਾਣੀ ਅਤੇ ਨਾਵਲ ਵਿਚ ਥਾਂ ਪਰਥ ਖਿਲਰੇ ਹੁੰਦੇ ਹਨ। ਵਿਰੋਧੀ ਵਿਚਾਰ ਦੇ ਨਿਰੰਤਰ ਸੰਘਰਸ਼ ਉਪਰੰਤ ਉਨ੍ਹਾਂ ਵਿਚਾਰਾਂ ਦੀ ਹੀ ਜਿੱਤ ਹੁੰਦੀ ਹੈ ਜੋ ਲੇਖਕ ਦਾ ਮੰਤਵ ਹੁੰਦਾ ਹੈ। ਕਹਾਣੀਕਾਰ ਅਤੇ ਨਾਵਲਕਾਰ ਦਾ ਉਦੇਸ਼ ਇਕ ਰੂਹ ਵਾਂਗ ਉਸਦੀ ਰਚਨਾ ਵਿਚ ਸਮਾਇਆ ਹੋਣਾ ਚਾਹੀਦਾ ਹੈ। ਵਿਚਾਰਸ਼ੀਲਤਾ ਅਤੇ ਸੁਹਿਰਦਤਾ ਦੁਆਰਾ ਉਸਦਾ ਕਰਤੱਵ ਮਹਾਨ ਉਦੇਸ਼ਾਂ ਦਾ ਕਲਾਮਈ ਪ੍ਰਤਿਪਾਦਨ ਕਰਨਾ ਹੁੰਦਾ ਹੈ। ਇਹ ਤੱਦ ਹੀ ਸੰਭਵ ਹੈ ਜੇ ਲੇਖਕ ਆਪਣੇ ਉਦੇਸ਼ ਬਾਰੇ ਗੰਭੀਰ ਤੇ ਸੁਚੇਤ ਹੋਵੇ। ਇਥੇ ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਨਾਵਲਕਾਰ ਅਤੇ ਕਹਾਣੀਕਾਰ ਸਭ ਤੋਂ ਪਹਿਲਾਂ ਲੇਖਕ ਹੁੰਦਾ ਹੈ ਸੁਧਾਰਕ ਅਤੇ ਦਾਰਸ਼ਨਿਕ

ਪਿੱਛੋਂ।

## 8.4 ਨਿਸ਼ਕਰਸ਼ :

ਨਿਸ਼ਕਰਸ਼ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਨਾਵਲ ਅਤੇ ਕਹਾਣੀ ਅਜੋਕੇ ਆਧੁਨਿਕ ਯੁੱਗ ਦੇ ਦੋ ਪ੍ਰਮੁੱਖ ਰੂਪਾਕਾਰ ਹਨ। ਨਾਵਲ ਆਪਣੇ ਵਿਸ਼ਾਲ ਕੈਨਵਸ ਕਰਕੇ ਜਿੱਥੇ ਮਾਨਵੀ ਜੀਵਨ ਨੂੰ ਸਮੱਗ੍ਰਤਾ ਨਾਲ ਪੇਸ਼ ਕਰਨ ਦੀ ਸਮੱਰਥਾ ਰੱਖਦਾ ਹੈ ਉੱਥੇ ਕਹਾਣੀ ਆਪਣੀਆਂ ਵਿਧਾਗਤ ਸੀਮਾਵਾਂ ਕਰਕੇ ਜੀਵਨ ਦੀ ਕਿਸੇ ਵਿਸ਼ੇਸ਼ ਘਟਨਾ ਨੂੰ ਬਹੁਤ ਹੀ ਰੌਚਕ ਢੰਗ ਨਾਲ ਪੇਸ਼ ਕਰਦੀ ਹੈ। ਇਹ ਦੋਵੇਂ ਸਾਹਿਤ ਰੂਪ ਆਧੁਨਿਕ ਯੁੱਗ ਦੇ ਸਾਹਿਤ ਦੇ ਵਿਚ ਇਕ ਵਿਸ਼ੇਸ਼ ਅਤੇ ਸਨਮਾਨਯੋਗ ਥਾਂ ਰੱਖਦੇ ਹਨ ਅਤੇ ਇਨ੍ਹਾਂ ਦੋਵਾਂ ਸਾਹਿਤਰੂਪਾਂ ਬਿਨਾਂ ਆਧੁਨਿਕ ਸਾਹਿਤ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

## 8.5 Glossory (ਔਖੇ ਸ਼ਬਦਾਂ ਦੇ ਅਰਥ) :

(੧) ਸਮੱਰਥਾ : ਸੰਪੂਰਨਤਾ

(੨) ਵਿਸ਼ਾਲਤਾ : ਵੱਡਾ

(੩) ਸੁਹਿਰਦਤਾ : ਇਮਾਨਦਾਰੀ

(੪) ਸਰਮਾਇਦਾਰੀ : ਪੂੰਜੀਵਾਦੀ ਧਿਰ

(੫) ਪ੍ਰਵਿਰਤੀ : ਝੁਕਾਓ / Trend

(੬) ਯਥਾਰਥ : ਸੱਚ

(੭) ਮਸ਼ੁਰਤਾ : ਮਿਠਾਸ ਭਰਪੂਰ

## 8.6 S.A.O. (Self Assessment Questions)

੧. ਨਾਵਲ ਦੀਆਂ ਕੋਈ ਦੋ ਪਰਿਭਾਸ਼ਾਵਾਂ ਲਿਖੋ ।

੨. ਰੈਲਫ ਫਾਕਸ ਦੀ ਪਰਿਭਾਸ਼ਾ ਵਿਚ ਨਾਵਲ ਦੇ ਕਿਸ ਲੱਛਣ ਦਾ ਜ਼ਿਕਰ ਹੋਇਆ ਹੈ ?

੩. ਨਾਵਲ ਦੇ ਕੋਈ ਚਾਰ ਪ੍ਰਮੁੱਖ ਲੱਛਣ ਬਾਰੇ ਰੋਸ਼ਨੀ ਪਾਓ ?

੪. ਕਹਾਣੀ ਦੀਆਂ ਪਰਿਭਾਸ਼ਾਵਾਂ ਲਿਖੋ ?

੫. ਕਹਾਣੀ ਅਤੇ ਨਾਵਲ ਦੇ ਤੱਤਾਂ ਬਾਰੇ ਨੋਟ ਲਿਖੋ ?

## 8.7 References :


1. ਸਾਹਿਤ ਦੇ ਰੂਪ।

੨. ਸਾਹਿਤ ਸ਼ਾਸਤਰ by ਰੌਸ਼ਨ ਲਾਲ ਆਹੂਜਾ


## 8.8 Suggestive Learning :

ਵਿਦਿਆਰਥੀਆਂ ਨੂੰ ਸੁਝਾਓ ਦਿੱਤਾ ਜਾਂਦਾ ਹੈ ਕਿ ਨਾਵਲ ਅਤੇ ਕਹਾਣੀ ਦੇ ਸੰਕਲਪ ਨੂੰ ਹੋਰ ਡੂੰਘਾਈ ਵਿਚ ਸਮਝਣ ਲਈ ਪੱਛਮੀ ਅਤੇ ਭਾਰਤੀ ਚਿੰਤਕਾਂ ਦੀਆਂ ਪੁਸਤਕਾਂ ਦਾ ਵੀ ਅਧਿਐਨ ਕਰਨ ਅਤੇ ਹੋ ਸਕੇ ਤਾਂ ਕਿਸੇ ਨਾਵਲ ਅਤੇ ਕਹਾਣੀ ਦਾ ਵੀ ਪਾਠ ਕਰਨ।

Glossory (ਔਖੇ ਸ਼ਬਦਾਂ ਦੇ ਅਰਥ)

| | | | |
|---|---|---|---|
| ੧) | ਸਮੱਰਥਾ | : | ਸੰਪੂਰਨਤਾ |
| ੨) | ਵਿਸ਼ਾਲਤਾ | : | ਵੱਡਾ |
| ੩) | ਸੁਹਿਰਦਤਾ | : | ਇਮਾਨਦਾਰੀ |
| ੪) | ਸਰਮਾਇਦਾਰੀ | : | ਪੂੰਜੀਵਾਦੀ ਧਿਰ |
| ੫) | ਪ੍ਰਵਿਰਤੀ | : | ਝੁਕਾਓ / Trend |
| ੬) | ਯਥਾਰਥ | : | ਸੱਚ |
| ੭) | ਮਸ਼ੁਰਤਾ | : | ਮਿਠਾਸ ਭਰਪੂਰ |

-----o-----

**Unit : 2** **Lesson : 9**

## Title : (ਨਾਟਕ ਦੀ ਪਰਿਭਾਸ਼ਾ ਅਤੇ ਤੱਤ)

**Structure :**

**9.1 Objective (ਉਦੇਸ਼)**

**9.2 Introduction (ਜਾਣ-ਪਛਾਣ)**

**9.3 Heading (ਨਾਟਕ ਦੀ ਪਰਿਭਾਸ਼ਾ ਅਤੇ ਤੱਤ)**

**9.3.1 (ਨਾਟਕ ਦੀ ਪਰਿਭਾਸ਼ਾ)**

**9.3.2 (ਨਾਟਕ ਦੇ ਤੱਤ)**

**9.4 (ਨਿਸ਼ਕਰਸ਼)**

**9.5 Glossary**

**9.6 SAQ**

**9.7 Reference**

**9.8 Suggestive learning**

### 9.1 ਉਦੇਸ਼ :

ਨਾਟਕ ਸ਼ੁਰੂਆਤੀ ਦੌਰ ਤੋਂ ਹੀ ਭਾਰਤੀ ਸਾਹਿਤ ਦਾ ਮਹੱਤਵਪੂਰਨ ਸਾਹਿਤ-ਰੂਪ ਰਿਹਾ ਹੈ। ਭਰਤ ਮੁਨੀ ਨੇ ਇਸ ਨੂੰ ਪੰਜਵਾਂ ਵੇਦ ਵੀ ਕਿਹਾ ਹੈ ਕਿਉਂਕਿ ਇਹ ਸਾਰੇ ਵਰਣਾਂ ਜਾਂ ਜਾਤੀਆਂ ਲਈ ਵੇਖਣਯੋਗ ਹੈ। ਇਸ ਮੱਧ ਵਿਚ ਅਸੀਂ ਵਿਦਿਆਰਥੀਆਂ ਨੂੰ ਨਾਟਕ ਨਾਲ ਨੇੜਲੀ ਜਾਣ-ਪਛਾਣ ਕਰਾਉਣ ਦੇ ਉਦੇਸ਼ ਨਾਲ ਨਾਟਕ ਦੀ ਪਰਿਭਾਸ਼ਾ ਅਤੇ ਤੱਤਾਂ ਬਾਰੇ ਜਾਣਕਾਰੀ ਦੇਣ ਦੀ ਕੋਸ਼ਿਸ਼ ਕਰਾਂਗੇ।

## 9.2 ਜਾਣ-ਪਛਾਣ :

ਨਾਟਕ ਸ਼ਬਦ ਸੰਸਕ੍ਰਿਤ ਸ਼ਬਦ 'ਨਾਟਯ' ਤੋਂ ਬਣਿਆ ਹੈ। 'ਨਾਟਯ' ਸੰਸਕ੍ਰਿਤ ਦੇ ਦੋ ਧਾਤੂਆਂ 'ਨਟ' ਤੇ 'ਨਾਟ' ਤੋਂ ਵਿਕਸਿਤ ਹੋਇਆ ਹੈ। ਸੰਸਕ੍ਰਿਤ ਵਿਚ 'ਨਟ' ਸ਼ਬਦ ਦਾ ਅਰਥ ਹੈ ਨਚਣਾ, ਹੇਠਾਂ ਡਿਗਣਾ,. ਦਿਖਾਉਣਾ, ਸਰਕਣਾ, ਨਾਟਕ ਖੇਡਣ ਵਾਲਾ। ਸੰਸਕ੍ਰਿਤ ਵਿਚ ਹੀ 'ਨਾਟ' ਸ਼ਬਦ ਦਾ ਅਰਥ 'ਨਾਚ' ਨ੍ਰਿਤ ਤੇ ਸੁਆਂਗ ਕੀਤਾ ਗਿਆ ਹੈ।

ਉਂਝ ਨਾਟਯ ਸ਼ਬਦ ਦਾ ਅਰਥ, ਨਾਚ ਨ੍ਰਿਤ ਤੇ ਸੁਆਂਗ ਕੀਤਾ ਗਿਆ ਹੈ। ਨਾਟਲ ਮੁੱਢ ਤੋਂ ਹੀ ਮਨੁੱਖੀ ਸਮਾਜ ਦਾ ਇਕ ਅੰਗ ਰਿਹਾ ਹੈ ਅਤੇ ਹੁਣ ਆਧੁਨਿਕ ਯੁੱਗ ਵਿਚ ਵੀ ਨਾਟਕ ਨੇ ਆਪਣੀ ਸਮਰੱਥਾ ਨੂੰ ਹੋਰ ਨਿਖਾਰਿਆ ਅਤੇ ਸੰਵਾਰਿਆ ਹੈ। ਇਸ ਨਾਲ ਉਹ ਸਾਹਿਤ ਦੀਆਂ ਹੋਰ ਆਧੁਨਿਕ ਵਿਧਾਵਾਂ ਦੇ ਹਾਣ ਦਾ ਹੀ ਨਹੀਂ ਹੋਇਆ ਸਗੋਂ ਉਨ੍ਹਾਂ ਤੋਂ ਵੀ ਵੱਧ ਮਕਬੂਲ ਹੋਇਆ ਹੈ।

9.3 ਨਾਟਕ ਦੀ ਪਰਿਭਾਸ਼ਾ ਅਤੇ ਤੱਤ : ਨਾਟਕ ਇਕ ਮਿਸ਼ਰਿਤ ਕਲਾ ਹੈ। ਇਕ ਸਾਹਿਤਕ ਵਿਸ਼ਾ ਹੋਣ ਦੇ ਨਾਲ-ਨਾਲ ਇਸ ਵਿਚ ਹੋਰ ਵੀ ਕਈ ਕੋਮਲ ਕਲਾਵਾਂ ਦਾ ਵੀ ਦਖ਼ਲ ਹੁੰਦਾ ਹੈ। ਜਿਵੇਂ, ਅਭਿਨਯ, ਨ੍ਰਿਤ, ਮੰਚ-ਸੱਜਾ, ਵੇਸ-ਭੂਸ਼ਾ ਆਦਿ ਕਈ ਕਲਾਵਾਂ ਨਾਟਕ ਵਿਚ ਸ਼ਾਮਿਲ ਹੋ ਕੇ ਇਸ ਨੂੰ ਸੰਪੂਰਨ ਅਤੇ ਸ਼ਕਤੀਸ਼ਾਲੀ ਸਾਹਿਤ ਵਿਧਾ ਬਣਾਉਂਦੇ ਹਨ। ਪੂਰਬੀ ਅਤੇ ਪੱਛਮੀ ਸਭਿਅਤਾਵਾਂ ਵਿਚ ਨਾਟਕ ਦੀ ਪ੍ਰਾਚੀਨਤਾ ਇਸ ਦੇ ਕਲਾ-ਮਹੱਤਵ ਦੀ ਪੁਸ਼ਟੀ ਕਰਦਾ ਹੈ। ਨਾਟਕ ਵਿਚਲੀ ਨਾਟਕੀਅਤਾ, ਉਤੇਜਨਾ ਅਤੇ ਸ਼ਿਲਪ ਨੇ ਵੱਖ-ਵੱਖ ਕਾਲਾਂ ਵਿਚ ਸੰਸਾਰ ਵਿਚ ਬਹੁਤ ਵੱਡੇ ਪੈਮਾਨੇ ਉੱਤੇ ਆਪਣਾ ਸਿੱਕਾ ਮਨਵਾਇਆ ਹੈ।

ਭਾਰਤੀ ਕਾਵਿ ਸ਼ਾਸਤਰੀ ਪਰੰਪਰਾ ਅਨੁਸਾਰ ਨਾਟਕ ਦ੍ਰਿਸ਼ ਕਾਵਿ ਦੇ ਅੰਤਰਗਤ ਆਉਂਦਾ ਹੈ। ਦ੍ਰਿਸ਼-ਸਾਹਿਤ ਵਿਚ ਸੁਣਨ ਦੇ ਨਾਲ-ਨਾਲ ਵੇਖਣ ਦੀ ਵਿਵਸਥਾ ਹੋਣ ਕਰਕੇ ਦਰਸ਼ਕ ਖੁਦ ਕਿਸੇ ਘਟਨਾ ਨੂੰ ਘਟਿਤ ਹੁੰਦੇ ਵੇਖ ਕੇ ਰਸ ਮਗਨ ਹੁੰਦੇ ਹਨ। ਅਭਿਨਯ ਹੋਣ ਕਰਕੇ ਅਨਪੜ੍ਹ ਜਾਂ ਸਾਧਾਰਣ ਲੋਕ ਵੀ ਦ੍ਰਿਸ਼-ਸਾਹਿਤ ਨੂੰ ਮਾਨਣ ਵਿਚ ਸਮਰੱਥ ਹੁੰਦੇ ਹਨ। ਇਸੇ ਕਰਕੇ ਪ੍ਰਾਚੀਨ ਸਮੇਂ ਵਿਚ ਇਸ ਤਰ੍ਹਾਂ ਦੇ ਸਾਹਿਤ ਦਾ ਬਹੁਤ ਪ੍ਰਚਾਰ ਰਿਹਾ ਹੈ।

ਪੰਜਾਬੀ ਸਾਹਿਤ ਕੋਸ਼ ਅਨੁਸਾਰ ਭਾਰਤ ਵਿਚ ਨਾਟਕ ਕਲਾ ਦੇ ਮੁੱਢ ਬਾਰੇ ਦੋ ਮੱਤ ਪ੍ਰਚਲਿਤ ਹਨ। ਪਹਿਲੇ ਮੱਤ ਅਨੁਸਾਰ ਨਾਟਕ ਦਾ ਆਰੰਭ ਧਰਮ ਤੋਂ ਹੋਇਆ ਅਤੇ ਦੂਜੇ ਮੱਤ ਅਨੁਸਾਰ ਇਸ ਕਲਾ ਦਾ ਜਨਮ ਲੋਕ ਰੁਚੀਆਂ ਤੋਂ ਹੋਇਆ ਮੰਨਿਆ ਜਾਂਦਾ ਹੈ। ਨਾਟਕ ਨੂੰ ਮਨੁੱਖੀ ਜੀਵਨ ਦੇ ਯਥਾਰਥ ਦੇ ਵਧੇਰੇ ਨੇੜੇ ਮੰਨਿਆ ਜਾਂਦਾ ਹੈ। ਹੋਰ ਸਾਹਿਤ ਰੂਪਾਂ ਰਾਹੀਂ ਅਸੀਂ ਪਾਠਕ ਦੇ ਸਾਹਮਣੇ ਕਲਪਨਾ ਦੁਆਰਾ

ਸਮਾਜ ਦੀ ਤਸਵੀਰ ਪੇਸ਼ ਕਰਦੇ ਹਾਂ ਪਰ ਨਾਟਕ ਵਿਚ ਪਾਤਰਾਂ, ਉਨ੍ਹਾਂ ਦੀ ਵਾਰਤਾਲਾਪ, ਵੇਸ਼-ਭੂਸ਼ਾ, ਕਾਰਜ ਤੇ ਹਾਵ-ਭਾਵਾਂ ਦੁਆਰਾ ਦਰਸ਼ਕ ਨੂੰ ਸਮਾਜ ਦੀ ਹਕੀਕਤ ਦੇ ਜ਼ਿਆਦਾ ਕੋਲ ਲੈ ਆਉਂਦਾ ਹੈ। ਨਾਟਕ ਦਾ ਹੋਰ ਸਾਹਿਤ ਦੇ ਰੂਪਾਂ ਨਾਲ ਸੰਬੰਧ ਦੇ ਵਿਸ਼ੇ ਵਿਚ ਕਿਹਾ ਜਾ ਸਕਦਾ ਹੈ ਕਿ ਨਾਟਕ ਇਕ ਮਿਸ਼ਰਿਤ ਕਲਾ ਹੈ। ਨਾਟਕਕਾਰ ਨੂੰ ਰੰਗ-ਮੰਚ ਦੇ ਬੰਧਨਾ ਦਾ ਧਿਆਨ ਰੱਖਦੇ ਹੋਏ ਇਕ ਨਿਸਚਿਤ ਸੀਮਾਂ ਵਿਚ ਰਹਿ ਕੇ ਆਪਣੀ ਕਥਾ ਦਾ ਵਿਸਤਾਰ ਕਰਨਾ ਹੁੰਦਾ ਹੈ। ਇਸ ਲਈ ਕਈ ਵਿਦਵਾਨਾਂ ਦਾ ਮਤ ਹੈ ਕਿ ਨਾਟਕ ਕੇਵਲ ਨਾਟਕਕਾਰ ਦੀ ਕਲਾ ਕ੍ਰਿਤ ਨਾ ਹੋ ਕੇ ਨਾਟਕਕਾਰ, ਅਭਿਨੇਤਾ, ਨਿਰਦੇਸ਼ਕ ਅਤੇ ਦਰਸ਼ਕਾਂ ਦੀ ਸਾਂਝੀ ਕਲਾ-ਵਸਤੂ ਹੋ ਨਿਬੜਦੀ ਹੈ ਅਤੇ ਇਸ ਵਿਚ ਦਰਸ਼ਕ ਵਰਗ ਦੀਆਂ ਭਾਵਨਾਵਾਂ ਦੀ ਪੇਸ਼ਕਾਰੀ ਵੀ ਹੁੰਦੀ ਹੈ।

### 9.3.1 ਨਾਟਕ ਦੀ ਪਰਿਭਾਸ਼ਾ :

ਨਾਟਕ ਨੂੰ ਪਰਿਭਾਸ਼ਿਤ ਕਰਦਿਆਂ ਵੱਖ-ਵੱਖ ਵਿਦਵਾਨਾਂ ਨੇ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ ਹਨ। ਮੂਲ ਰੂਪ ਵਿਚ ਇਸ ਸਾਹਿਤ ਰੂਪ ਦੀ ਪਰਿਭਾਸ਼ਾ ਦਾ ਆਧਾਰ ਅਰਸਤੂ ਦਾ 'ਕਾਵਿ ਸ਼ਾਸਤਰ' ਅਤੇ ਭਰਤ ਮੁਨੀ ਦਾ 'ਨਾਟਯ ਸ਼ਾਸਤਰ' ਹੀ ਹੈ। ਅਰਸਤੂ ਦੇ ਅਨੁਕਰਨ ਸਿਧਾਂਤ ਅਨੁਸਾਰ ਨਾਟਕ 'ਜੀਵਨ ਦੀ ਨਕਲ ਹੈ' (Drama is a imitation of Life) ਨਾਟਕ ਦੀਆਂ ਅੱਜ ਤੱਕ ਜਿੰਨੀਆਂ ਵੀ ਸਫ਼ਲ ਪਰਿਭਾਸ਼ਾਵਾਂ ਦਿੱਤੀਆਂ ਗਈਆਂ ਹਨ ਉਨ੍ਹਾਂ ਦੇ ਅੰਤਰਗਤ ਨਾਟਕ ਨੂੰ ਬਤੌਰ ਰੰਗ-ਮੰਚੀ ਵਸਤੂ ਦੇ ਵਿਚਰਿਆ ਗਿਆ ਹੈ।

ਅਰਸਤੂ ਅਨੁਸਾਰ “ਨਾਟਕ ਕਾਵਿ ਦਾ ਉਹ ਰੂਪ ਹੈ, ਜਿਸ ਵਿਚ ਪਾਤਰ ਜਿਉਂਦੇ-ਜਾਗਦੇ ਤੁਰਦੇ ਫਿਰਦੇ ਪੇਸ਼ ਕੀਤੇ ਜਾਂਦੇ ਹਨ; ਅਰਥਾਤ ਜਿਸ ਵਿਚ ਕਾਰਜ-ਵਪਾਰ ਦਾ ਪ੍ਰਦਰਸ਼ਨ ਹੁੰਦਾ ਹੈ।”

ਇਸ ਤਰ੍ਹਾਂ ਅਰਸਤੂ ਨਾਟਕ ਦੇ ਦੋ ਰੂਪ ਮੰਨਦਾ ਹੈ। (੧) ਸੁਖਾਂਤ (੨) ਦੁਖਾਂਤ। ਅਰਸਤੂ ਦੁਖਾਂਤ ਦਾ ਵਿਵੇਚਨ ਕਰਦਾ ਹੋਇਆ ਆਖਦਾ ਹੈ, “ਤ੍ਰਾਸਦੀ ਅਨੁਕ੍ਰਿਤੀ ਹੈ- ਵਿਅਕਤੀ ਦੀ ਨਹੀਂ, ਕਾਰਜ ਦੀ ਅਤੇ ਜੀਵਨ ਦੀ। ਜੀਵਨ ਕਾਰਜ ਵਪਾਰ ਦਾ ਹੀ ਨਾਮ ਹੈ।”

ਪ੍ਰਸਿੱਧ ਵਿਦਵਾਨ ਸਿਸਰੋ ਦਾ ਮਤ ਹੈ : “Drama is a copy of life, amirror of custom, a reflection of truth.” ਭਾਵ ਨਾਟਕ “ਜੀਵਨ ਦੀ ਨਕਲ, ਰਿਵਾਜ਼ਾਂ-ਰਸਮਾਂ ਦਾ ਸ਼ੀਸ਼ਾ ਅਤੇ ਸੱਚ ਦਾ ਪ੍ਰਤੀਬਿੰਬ ਹੈ।”

ਸੰਸਕ੍ਰਿਤ ਨਾਟਕ ਦੇ ਯੁੱਗ ਵਿਚ ਨਾਟਕ ਨੂੰ 'ਪੰਜਵਾਂ ਵੇਦ' ਕਿਹਾ ਜਾਂਦਾ ਸੀ ਕਿਉਂਕਿ ਇਸ ਰਾਹੀਂ ਨਾਟਕਕਾਰ ਜ਼ਿੰਦਗੀ ਦੀ ਕਲਾਤਮਕ ਝਾਂਕੀ ਵਿਖਾ ਕੇ ਆਪਣੇ-ਆਪਣੇ ਪਾਠਕਾਂ ਨੂੰ ਅਨੰਦ ਦੇਣ ਦੇ ਨਾਲ-

ਨਾਲ ਸਮਝਦਾਰ ਅਤੇ ਧਾਰਮਿਕ ਵੀ ਬਣਾਉਂਦਾ ਸੀ। ਇਸ ਤਰ੍ਹਾਂ ਹੀ ਯੂਨਾਨੀ ਨਾਟਕਕਾਰ ਵੀ ਆਪਣੇ ਲੋਕਾਂ ਨੂੰ ਚੰਗੇ ਨਾਗਰਿਕ ਬਣਾਉਣ ਲਈ ਨਾਟਕ ਵਿਚ ਦੇਵਤਿਆਂ ਦੀ ਜੀਵਨ ਕਥਾ ਜਾਂ ਸਮਕਾਲੀ ਸਮਾਜਿਕ ਜੀਵਨ ਦਾ ਕੋਈ ਦ੍ਰਿਸ਼ ਵਿਖਾਉਂਦੇ ਸਨ। ਇਸ ਕਰਕੇ ਅਸੀਂ ਕਹਿ ਸਕਦੇ ਹਾਂ ਕਿ ਨਾਟਕ ਦੀ ਸਹੀ ਵਿਆਖਿਆ ਕਰਨ ਵਾਲਾ ਇਕ ਅਜਿਹਾ ਸਾਹਿਤ ਰੂਪ ਹੈ ਜਿਹੜਾ ਆਪਣੇ ਕਾਰਜ ਨੂੰ ਹੋਰ ਕਲਾਵਾਂ ਦੀ ਸਹਾਇਤਾ ਨਾਲ ਰੰਗ-ਮੰਚ ਉੱਪਰ ਸਾਕਾਰ ਕਰਕੇ ਦਰਸ਼ਕਾਂ ਨੂੰ ਪ੍ਰਭਾਵਿਤ ਕਰਦਾ ਹੈ।

ਨਾਟਯ ਸ਼ਾਸਤਰ ਦੇ ਕਰਤਾ ਭਰਤ ਮੁਨੀ ਦਾ ਵਿਚਾਰ ਹੈ, "ਨਾਟਕ ਲੋਕਾਂ ਦੀਆਂ ਬਿਰਤੀਆਂ ਤੇ ਸੰਸਕਾਰਾਂ ਭਾਵ ਮਨੁੱਖ ਦੇ ਵਿਵਹਾਰਾਂ ਦਾ ਅਨੁਕਰਣ ਭਾਵ ਨਕਲ ਹੈ।"

ਸ਼੍ਰੀਮਤੀ ਨੌਰਾ ਰਿਚਰਡ ਨਾਟਕ ਨੂੰ ਪਰਿਭਾਸ਼ਿਤ ਕਰਦਿਆਂ ਲਿਖਦੀ ਹੈ, "ਨਾਟਕੀ ਹੁਨਰ ਹੀ ਸਭ ਤੋਂ ਉੱਚੀ ਸਭਿਆਚਾਰਕ ਸਿੱਖਿਆ ਹੈ ਜਿਹੜੀ ਕੌਮਾਂ ਲਈ ਅੱਗੇ ਵਧਣ ਵਿਚ ਸਹਾਈ ਹੁੰਦੀ ਹੈ।

ਪੱਛਮੀ ਵਿਦਵਾਨ ਸ਼ੈਲਡਨ ਦੇ ਨਾਟਕ ਪ੍ਰਤੀ ਵਿਚਾਰ ਹਨ ਕਿ, "ਕੁਦਰਤ ਮਨੁੱਖ ਦੇ ਆਲੇ-ਦੁਆਲੇ ਪਾਣੀ ਦੀਆਂ ਲਹਿਰਾਂ ਗਤੀ, ਹਵਾ ਨਾਲ ਲਹਿਰਾਉਂਦੇ ਖੇਤਾਂ, ਸੂਰਜ, ਚੰਦ ਦੇ ਚੜ੍ਹਨ ਡੁੱਬਣ ਦੇ ਤਾਲਾਂ ਵਿਚ ਵਿਚਰ ਰਹੀ ਹੈ। ਇਥੋਂ ਤੀਕ ਕਿ ਮਨੁੱਖ ਦੇ ਆਪਣੇ ਸਾਹਾਂ ਦੀ ਗਤੀ ਵੀ ਤਾਲ ਮਈ ਹੈ ਤੇ ਇਸ ਲਈ ਸੁਭਾਵਕ ਹੀ ਮਨੁੱਖ ਆਪਣੀ ਮਹਿਸੂਸੀ ਖੁਸ਼ੀ ਦੇ ਨਿਕਾਸ ਲਈ ਤਾਲ ਮਈ ਹਰਕਤਾਂ ਸਿਰਜ ਲੈਂਦਾ ਹੈ।"

ਬੈਨਟਲੇ ਐਰਿਕ ਦਾ ਮਤ ਹੈ ਕਿ "A good play leads in double existence and is complete personaly in its both lines. ਅਰਥਾਤ ਇਕ ਚੰਗਾ ਨਾਟਕ ਲਿਖਤੀ ਰੂਪ ਵਿਚ ਵੀ ਅਤੇ ਮੰਚੀ ਰੂਪ ਵਿਚ ਹੀ ਸੰਪੂਰਨ ਹੋਂਦ ਰੱਖਦਾ ਹੈ।"

ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਨਾਟਕ ਦਾ ਸਰੂਪ ਤੇ ਪ੍ਰਕ੍ਰਿਤੀ ਦੋਹਰੇ ਕਿਰਦਾਰ ਦੀ ਧਾਰਨੀ ਹੈ। ਇਸ ਸੰਪੂਰਨਤਾ ਦਾ ਰਾਜ ਲੇਖਕ ਤੋਂ ਦਰਸ਼ਕ ਤੱਕ ਪੁਜਣ ਵਿਚ ਹੈ ਅਤੇ ਇਸ ਸਫ਼ਰ ਦਾ ਮਾਧਿਅਮ ਬਣਦੇ ਹਨ ਨਿਰਦੇਸ਼ਕ, ਅਦਾਕਾਰ ਅਤੇ ਰੰਗ-ਮੰਚ। ਇਸ ਦਾ ਅਧਿਐਨ ਦੋਹਾਂ ਪੱਧਰਾਂ ਤੇ ਲਿਖਤੀ ਅਤੇ ਪ੍ਰਦਰਸ਼ਿਤ ਰੂਪ ਵਿਚ ਕੀਤਾ ਜਾਂਦਾ ਹੈ। ਲਿਖਤੀ ਨਾਟਕ ਵਿਚ ਰੰਗ-ਮੰਚ ਨਿਹਤ ਹੁੰਦਾ ਹੈ ਅਤੇ ਰੰਗ-ਮੰਚ ਵਿਚ ਲਿਖਤੀ ਪਾਠ ਨਿਹਤ ਹੁੰਦਾ ਹੈ।

### 9.3.2 ਨਾਟਕ ਦੇ ਤੱਤ :

ਨਾਟਕ ਦੇ ਤੱਤਾਂ ਬਾਰੇ ਚਰਚਾ ਕਰਨੀ ਹੋਵੇ ਤਾਂ ਨਾਟਕ ਦੇ ਜੋ ਪ੍ਰਮੁੱਖ ਤੱਤ ਉਭਰ ਕੇ ਸਾਹਮਣੇ

ਆਉਂਦੇ ਹਨ ਉਹ ਹਨ। ਵਸਤੂ-ਵਿਧਾਨ ਜਾਂ ਪਲਾਟ, ਪਾਤਰ ਦੀ ਉਸਾਰੀ, ਵਾਰਤਾਲਾਪ, ਵਾਤਾਵਰਣ, ਭਾਸ਼ਾ-ਸ਼ੈਲੀ ਅਤੇ ਉਦੇਸ਼। ਇਨ੍ਹਾਂ ਵਿਚੋਂ ਪਹਿਲੇ ਤਿੰਨ ਤੱਤਾਂ ਦਾ ਅਧਿਕ ਮਹੱਤਵ ਹੈ ਕਿਉਂਕਿ ਬਾਕੀ ਦੇ ਤਿੰਨ ਤੱਤ ਪਹਿਲੇ ਤਿੰਨ ਤੱਤਾਂ ਨਾਲ ਸੰਬੰਧਿਤ ਜਾਂ ਨਿਰਭਰ ਹੋ ਕੇ ਚਲਦੇ ਹਨ। ਇਨ੍ਹਾਂ ਬਾਰੇ ਵਿਸਤਾਰ ਸਹਿਤ ਚਰਚਾ ਇਸ ਪ੍ਰਕਾਰ ਹੈ।

(i) ਵਸਤੂ ਵਿਧਾਨ ਜਾਂ ਪਲਾਟ : ਭਾਰਤੀ ਨਾਟ ਪਰੰਪਰਟਾ ਵਿਚ ਕਥਾ ਵਸਤੂ ਦੇ ਤਿੰਨ ਭੇਦ ਮੰਨੇ ਗਏ ਹਨ, ਜਿਵੇਂ ਪ੍ਰਖਿਆਤ, ਉਤਪਾਦਯ ਅਤੇ ਮਿਸ਼ਰਿਤ। ਪਰ ਪੱਛਮੀ ਵਿਦਵਾਨਾਂ ਨੇ ਇਸ ਪ੍ਰਕਾਰ ਦੀਆਂ ਕੋਈ ਹੱਦ-ਬੰਦੀਆਂ ਨਹੀਂ ਉਲੀਕੀਆਂ। ਇਸ ਲਈ ਨਾਟਕ ਦੀ ਕਥਾ-ਵਸਤੂ ਇਤਿਹਾਸ, ਪੁਰਾਣ ਤੋਂ ਇਲਾਵਾ ਜਨ-ਜੀਵਨ ਜਾਂ ਚੌਗਿਰਦੇ ਵਿਚੋਂ ਵੀ ਲਈ ਜਾ ਸਕਦੀ ਹੈ ਅਤੇ ਉਸ ਨੂੰ ਨਾਟਕੀ ਢੰਗ ਨਾਲ ਮੋੜ ਦਿੱਤਾ ਜਾ ਸਕਦਾ ਹੈ ਜਾਂ ਉਸ ਵਿਚਲੀਆਂ ਘਟਨਾਵਾਂ ਨੂੰ ਨਾਟਕੀ ਬਣਾਇਆ ਜਾ ਸਕਦਾ ਹੈ। ਇਸ ਤਰ੍ਹਾਂ ਘਟਨਾਵਾਂ ਦੀ ਨਾਟਕੀ ਢੰਗ ਨਾਲ ਸੁਰਜੀਤੀ ਹੁੰਦੀ ਹੈ। ਕਥਾ ਵਸਤੂ ਦੇ ਚੁਣਨ ਵੇਲੇ ਇਸ ਗੱਲ ਦਾ ਧਿਆਨ ਰੱਖਿਆ ਜਾਂਦਾ ਹੈ ਕਿ ਉਸ ਵਿਚ ਨਾਟਕੀ ਮੌਕੇ ਹੋਣ ਜਾਂ ਨਾਟਕੀ ਮੌਕੇ ਸਿਰਜਣ ਦੀ ਉਸ ਵਿਚ ਸਮਰੱਥਾ ਹੋਵੇ। ਇਕ ਘਟਨਾ ਵਿਚੋਂ ਦੂਜੀ ਘਟਨਾ ਜਨਮ ਲੈ ਕੇ ਕਾਰਜ ਦੀ ਸੰਪੂਰਨਤਾ ਵਲ ਵਿਕਾਸ ਕਰੇ। ਨਾਟਕ ਦੇ ਵਿਦਵਾਨਾਂ ਨੇ ਸਿਰਜਣ ਵਿਧੀ ਦੇ ਆਧਾਰ ਤੇ ਪਲਾਟ ਨੂੰ ਪੰਜ ਭਾਗਾਂ ਵਿਚ ਵੰਡਿਆ ਹੈ ਜਿਵੇਂ ਆਰੰਭਿਕ ਅਵਸਥਾ, ਸੰਘਰਸ਼ ਦਾ ਵਿਕਾਸ, ਸਿਖਰ, ਸੰਘਰਸ਼ ਤੋਂ ਖਲਾਸੀ ਅਤੇ ਸਮਾਪਤੀ।

(ii) ਚਰਿਤ੍ਰ ਚਿਤ੍ਰਣ ਜਾਂ ਪਾਤਰ ਉਸਾਰੀ : ਕਥਾ-ਵਸਤੂ ਵਾਂਗ ਪਾਤਰ ਉਸਾਰੀ ਦਾ ਵੀ ਨਾਟਕ ਵਿਚ ਬਹੁਤ ਮਹੱਤਵ ਹੈ। ਨਾਟਕ ਵਿਚ ਪਾਤਰ ਉਸਾਰੀ ਯਥਾਰਥਕ ਢੰਗ ਨਾਲ ਹੋਣੀ ਚਾਹੀਦੀ ਹੈ। ਪਾਤਰਾਂ ਰਾਹੀਂ ਮਨੁੱਖ ਦੀਆਂ ਰੁਚੀਆਂ, ਗਲਤੀਆਂ, ਭੁਲੇਖਿਆਂ, ਮਾਨਸਿਕ ਗੁੰਝਲਾਂ ਦਾ ਇਸ ਢੰਗ ਨਾਲ ਚਿਤ੍ਰਣ ਹੋਣਾ ਚਾਹਦਿਾ ਹੈ ਕਿ ਪਾਤਰ ਸੁਭਾਵਿਕ ਅਤੇ ਜੀਵੰਤ ਜਾਪਣ। ਘੜੇ ਘੜਾਏ ਪਾਤਰ ਨਾਟਕ ਦੀ ਸਫਲਤਾ ਨੂੰ ਖ਼ਤਮ ਕਰ ਦਿੰਦੇ ਹਨ। ਅਸਲ ਵਿਚ ਨਾਟਕ ਵਿਚ ਕਥਾ ਦੇ ਵਿਕਾਸ ਦੇ ਨਾਲ-ਨਾਲ ਪਾਤਰਾਂ ਦਾ ਸੁਭਾਵਿਕ ਵਿਕਾਸ ਹੋਣਾ ਚਾਹੀਦਾ ਹੈ ਅਤੇ ਉਸ ਦੀ ਮਾਨਸਿਕ ਸਥਿਤੀ ਉਘੜਨੀ ਚਾਹੀਦੀ ਹੈ।

(iii) ਵਾਰਤਾਲਾਪ : ਵਾਰਤਾਲਾਪ ਰਾਹੀਂ ਹੀ ਕੋਈ ਰਚਨਾ ਨਾਟਕੀ ਖੇਤਰ ਵਿਚ ਪ੍ਰਵੇਸ਼ ਕਰਦੀ ਹੈ। ਇਹ ਨਾਟਕ ਦਾ ਪ੍ਰਾਣ-ਤੱਤ ਹੈ। ਕਥਾ ਦੇ ਵਿਕਾਸ ਅਤੇ ਪਾਤਰ ਉਸਾਰੀ ਦੋਹਾਂ ਵਿਚ ਵਾਰਤਾਲਾਪ ਆਪਣੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਰੰਗ-ਮੰਚ ਉਤੇ ਉਹੀ ਨਾਟਕ ਸਫ਼ਲ ਹੋ ਸਕਦਾ ਹੈ ਜਿਸ ਦੀ ਵਾਰਤਾਲਾਪ ਸੰਖਿਪਤ, ਚੁਸਤ ਅਤੇ ਢੁੱਕਵੀਂ ਹੋਵੇ। ਵਾਰਤਾਲਾਪ ਸਰਲ ਅਤੇ ਸਪੱਸ਼ਟ ਹੋਣੀ ਚਾਹੀਦੀ ਹੈ ਤਾਂ ਜੋ ਪਾਤਰ ਨੂੰ ਬੋਲਣ ਵਿਚ ਕਠਿਨਾਈ ਨਾ ਹੋਵੇ ਅਤੇ ਨਾ ਹੀ

ਦਰਸ਼ਕਾਂ ਨੂੰ ਸਮਝਣ ਵਿਚ ਕੋਈ ਔਖ ਮਹਿਸੂਸ ਹੋਵੇ। ਵਾਰਤਾਲਾਪ ਪਾਤਰਾਂ ਦੇ ਅਨੁਕੂਲ ਹੋਣੀ ਚਾਹੀਦੀ ਹੈ। ਉਸ ਦੀ ਭਾਸ਼ਾ ਪਾਤਰ ਦੇ ਵਿਅਕਤਿਤਵ ਅਨੁਸਾਰ ਬਦਲਣੀ ਚਾਹੀਦੀ ਹੈ। ਵਿਸ਼ੇ ਜਾਂ ਭਾਵ ਅਨੁਸਾਰ ਵੀ ਵਾਰਤਾਲਾਪ ਦਾ ਸਰੂਪ ਬਦਲਣਾ ਚਾਹੀਦਾ ਹੈ।

(iv) ਦੇਸ਼ ਕਾਲ ਵਾਤਾਵਰਣ : ਨਾਟਕ ਦ੍ਰਿਸ਼ ਕਲਾ ਹੈ। ਇਸ ਲਈ ਨਾਟਕਕਾਰ ਨੂੰ ਰੰਗ-ਮੰਚ ਉੱਤੇ ਕਥਾ-ਵਸਤੂ ਦੇ ਦੇਸ਼ ਅਤੇ ਕਾਲ ਅਨੁਸਾਰ ਵਾਤਾਵਰਣ ਦੀ ਸ੍ਰਿਸ਼ਟੀ ਕਰਨੀ ਹੁੰਦੀ ਹੈ। ਢੁੱਕਵੇਂ ਵਾਤਾਵਰਣ ਵਿਚ ਹੀ ਪਾਤਰ ਸਹੀ ਢੰਗ ਨਾਲ ਵਿਚਰ ਸਕਦਾ ਹੈ। ਪਾਤਰ ਅਤੇ ਵਾਤਾਵਰਣ ਦਾ ਬਹੁਤ ਡੂੰਘਾ ਸੰਬੰਧ ਹੈ। ਇਸ ਲਈ ਵਾਤਾਵਰਣ ਦਾ ਸਰੂਪ ਪਾਤਰ ਦੇ ਵਿਅਕਤਿਤਵ ਦੇ ਅਨੁਸਾਰੀ ਹੋਣਾ ਬਹੁਤ ਜ਼ਰੂਰੀ ਹੈ। ਜਿਸ ਦੇਸ਼ ਜਾਂ ਕਾਲ ਨਾਲ ਨਾਟਕ ਦਾ ਸੰਬੰਧ ਹੈ, ਉਸ ਦੇ ਸਹੀ ਚਿਤ੍ਰਣ ਤੋਂ ਬਿਨਾਂ ਨਾਟਕ ਸਫ਼ਲ ਨਹੀਂ ਹੋ ਸਕਦਾ।

(v) ਭਾਸ਼ਾ-ਸ਼ੈਲੀ : ਵਾਰਤਾਲਾਪ ਨਾਟਕ ਦਾ ਪ੍ਰਾਣ-ਤੱਤ ਹੈ ਪਰ ਵਾਰਤਾਲਾਪ ਦਾ ਸਰੂਪ ਭਾਸ਼ਾ ਅਤੇ ਸ਼ੈਲੀ ਉਪਰ ਨਿਰਭਰ ਕਰਦਾ ਹੈ। ਜੇ ਭਾਸ਼ਾ ਸ਼ੈਲੀ ਢੁੱਕਵੀਂ ਨਹੀਂ ਹੋਵੇਗੀ ਤਾਂ ਵਾਰਤਾਲਾਪ ਢੁੱਕਵੀਂ ਨਹੀਂ ਬਣ ਸਕੇਗੀ ਅਤੇ ਨਾਟਲ ਅਸਫ਼ਲ ਸਿੱਧ ਹੋਵੇਗਾ। ਨਾਟਕ ਦੀ ਭਾਸ਼ਾ ਪਾਤਰ, ਪ੍ਰਸੰਗ ਅਤੇ ਭਾਵ ਅਨੁਕੂਲ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਉਹ ਸਰਲ ਤੇ ਸਪੱਸ਼ਟ ਵੀ ਹੋਣੀ ਚਾਹੀਦੀ ਹੈ। ਨਾਟਕ ਦੀ ਸ਼ੈਲੀ ਬੜੀ ਰੌਚਕ ਅਤੇ ਸੁਭਾਵਿਕ ਹੋਣੀ ਚਾਹੀਦੀ ਹੈ ਤਾਂ ਜੋ ਉਹ ਸਰੋਤੇ ਦੇ ਕੰਨਾਂ, ਅੱਖਾਂ ਅਤੇ ਹਿਰਦੇ ਨੂੰ ਆਪਣੇ ਵਲ ਖਿੱਚ ਸਕੇ। ਲੋੜ ਅਨੁਸਾਰ ਵਾਕਾਂ ਨੂੰ ਲੰਮਾ ਅਤੇ ਸੰਖਿਪਤ ਬਣਾਉਣਾ, ਵਾਕਾਂ ਵਿਚ ਉਚਿਤ ਥਾਂ ਤੇ ਵਿਸ਼ਰਾਮ ਚਿੰਨ੍ਹ ਦੀ ਵਰਤੋਂ ਕਰਨਾ ਆਦਿ ਚੰਗੀ ਸ਼ੈਲੀ ਦੇ ਗੁਣ ਹਨ।

(vi) **ਉਦੇਸ਼** : ਹਰ ਇਕ ਸਾਹਿਤ-ਰੂਪ ਦਾ ਕੋਈ ਨਾ ਕੋਈ ਉਦੇਸ਼ ਜ਼ਰੂਰ ਹੁੰਦਾ ਹੈ। ਇਸ ਤਰ੍ਹਾਂ ਨਾਟਕ ਦਾ ਮੁੱਖ ਉਦੇਸ਼ ਜੀਵਨ ਦੀ ਸਹੀ ਵਿਆਖਿਆ ਕਰਨਾ ਹੈ ਅਤੇ ਬਾਕੀ ਸਾਹਿਤ-ਰੂਪਾਂ ਨਾਲੋਂ ਨਾਟਕ ਵਿਚ ਇਹ ਵਿਆਖਿਆਂ ਅਧਿਕ ਪ੍ਰਭਾਵਸ਼ਾਲੀ ਹੋ ਸਕਦੀ ਹੈ। ਕਿਉਂਕਿ ਨਾਟਕ ਵਿਚ ਲੇਖਕ ਖੁਦ ਵਿਆਖਿਆਂ ਨਾ ਕਰਕੇ ਪਾਤਰਾਂ ਰਾਹੀਂ ਕਰਵਾਉਂਦਾ ਹੈ ਅਤੇ ਸਾਰੀ ਵਿਆਖਿਆ ਰੰਗ-ਮੰਚ ਉੱਤੇ ਪੇਸ਼ ਹੁੰਦੀ ਹੈ। ਨਾਟਕਕਾਰ ਆਪਣੇ ਨਾਟਕ ਰਾਹੀਂ ਕਿਸੇ ਉਦੇਸ਼ ਦੀ ਪੂਰਤੀ ਜ਼ਰੂਰ ਕਰਦਾ ਹੈ। ਉਹ ਜੀਵਨ ਵਿਚ ਵਾਪਰਨ ਵਾਲੀ ਕਿਸੇ ਘਟਨਾ ਤੋਂ ਪ੍ਰੇਰਿਤ ਹੋ ਕੇ ਨਾਟਕ ਰਾਹੀਂ ਉਸ ਵਿਚ ਨਵੇਂ ਅਰਥ ਭਰਦਾ ਹੈ। ਉਦੇਸ਼ ਨੂੰ ਨਿਸਚਿਤ ਕੀਤੇ ਬਿਨਾਂ ਕੋਈ ਨਾਟਕਕਾਰ ਨਾਟਕ ਲਿਖਣ ਦਾ ਕੰਮ ਸ਼ੁਰੂ ਹੀ ਨਹੀਂ ਕਰ ਸਕਦਾ।

## 9.4 ਨਿਸ਼ਰਸ਼ :

ਉਪਰੋਕਤ ਕੀਤੀ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਨਾਟਕ, ਸਾਹਿਤ ਰੂਪਾਂ ਵਿਚ ਇਕ ਵਿਸੇਸ਼ ਸਥਾਨ ਰੱਖਦਾ ਹੈ। ਰੰਗ-ਮੰਚ ਉੱਤੇ ਪੇਸ਼ ਹੋਣ ਦੀ ਸਮਰੱਥਾ ਕਾਰਨ ਇਹ ਬਾਕੀ ਸਾਹਿਤ ਵਿਧਾਵਾਂ ਤੋਂ ਵਿਲੱਖਣ ਹੋਣ ਤੋਂ ਇਲਾਵਾ ਇਕ ਪ੍ਰਮੁੱਖ ਸਾਹਿਤ ਰੂਪ ਹੋ ਨਿਬੜਦਾ ਹੈ ਜੋ ਪਾਠਕਾਂ ਅਤੇ ਦਰਸ਼ਕਾਂ ਨੂੰ ਜੀਵਨ ਦੀ ਸੱਚਾਈ ਨੂੰ ਸਹੀ ਢੰਗ ਨਾਲ ਉਨ੍ਹਾਂ ਦੇ ਸਾਹਮਣੇ ਪ੍ਰਸਤੂਤ ਕਰਦਾ ਹੈ। ਨਾਟਕ ਮਨੁੱਖੀ ਸਮਾਜ ਦੇ ਆਰੰਭ ਤੋਂ ਲੈ ਕੇ ਹੁਣ ਤੱਕ ਸਹੀ ਮਾਇਨਿਆਂ ਵਿਚ ਸਮਾਜ ਦੀ ਅਗਵਾਈ ਕਰਨ ਦੇ ਸਮਰੱਥ ਰਿਹਾ ਹੈ ਅਤੇ ਅੱਗੇ ਅਗਵਾਈ ਕਰਦਾ ਰਵੇਗਾ।

## 9.5 Glossary

| | | | |
|---|---|---|---|
| ੧. | ਮਕਬੂਲ | - | ਪ੍ਰਸਿੱਧ, ਮਸ਼ਹੂਰ |
| ੨. | ਅਭਿਨਯ | - | ਅਦਾਕਾਰੀ, ਐਕਟਿੰਗ |
| ੩. | ਸ਼ਿਲਪ | - | ਕਲਾ, ਹੁੰਨਰ |
| ੪. | ਵਿਅਕਤਿਤਵ | - | ਸ਼ਖ਼ਸੀਅਤ |
| ੫. | ਸੰਥਿਪਤ | - | ਸੰਖੇਪ |

## 9.6 SAQ

ਪ੍ਰ. ੧ ਨਾਟਕ ਨਾਲ ਜਾਣ ਪਛਾਣ ਕਰਾਉ।

ਪ੍ਰ. ੨ ਨਾਟਕ ਦੀਆਂ ਪਰਿਭਾਸ਼ਾਵਾਂ ਅਤੇ ਵਿਸਤਾਰ ਸਹਿਤ ਚਰਚਾ ਕਰੋ।

ਪ੍ਰ. ੩ ਨਾਟਕ ਦੇ ਤੱਤਾਂ ਬਾਰੇ ਜਾਣਕਾਰੀ ਦਿਉ।

## 9.7 Reference


(i) ਗੁਰਦਿਆਲ ਸਿੰਘ ਫੁੱਲ, ਪੰਜਾਬੀ ਨਾਟਕ : ਸਰੂਪ ਸਿਧਾਂਤ ਤੇ ਵਿਕਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨਵਿਰਸਿਟੀ, ਪਟਿਆਲਾ।

(ii) ਪ੍ਰੋ. ਪਿਆਰਾ ਸਿੰਘ, ਪੰਜਾਬੀ ਨਾਟਕ ਤੇ ਰੰਗ-ਮੰਚ, ਨਿਊ ਬੁੱਕ ਕੰਪਨੀ, ਜਲੰਧਰ।

(iii) ਪ੍ਰੋ. ਰਤਨ ਸਿੰਘ ਜੱਗੀ, ਸਾਹਿਤ ਦੇ ਰੂਪ, ਪਬਲੀਕੇਸ਼ਨ ਬਿਊਰੋ, ਪੰਜਬੀ ਯੂਨਿਵਰਸਿਟੀ, ਪਟਿਆਲਾ।

**9.8 Suggestive Learning :**

ਵਿਦਿਆਰਥੀਆਂ ਨੂੰ ਸੁਝਾਵ ਦਿੱਤਾ ਜਾਂਦਾ ਹੈ ਕਿ ਨਾਟਕ ਸੰਬੰਧੀ ਹੋਰ ਵਿਸਤਾਰ ਨਾਲ ਜਾਣਨ ਲਈ ਨਾਟਕ ਸੰਬੰਧੀ ਪੱਛਮੀ ਅਤੇ ਪੂਰਬੀ ਚਿੰਤਕਾਂ ਦੀਆਂ ਧਾਰਨਾਵਾਂ ਨੂੰ ਪੜ੍ਹਿਆ ਜਾਵੇ ਅਤੇ ਮੰਚਿਤ ਹੋ ਰਹੇ ਨਾਟਕ ਨੂੰ ਖੁਦ ਦੇਖ ਕੇ ਨਾਟਕ ਨੂੰ ਨਜ਼ਦੀਕ ਤੋਂ ਸਮਝਣ ਦਾ ਯਤਨ ਕੀਤਾ ਜਾਵੇ।

-----o-----

**Unit : 2** **Lesson 10**

## Title : ਜੀਵਨੀ ਅਤੇ ਸਵੈਜੀਵਨੀ : ਪਰਿਭਾਸ਼ਾ ਤੇ ਤੱਤ

**ਜਾਣ-ਪਛਾਨ :** ਯਥਾਰਥ ਵਾਰਤਕ ਦੇ ਖੇਤਰ ਵਿਚ ਜੀਵਨੀ, ਸਵੈਜੀਵਨੀ, ਆਤਮ ਸੰਸਮਰਣ ਆਦਿ ਆਉਂਦੇ ਹਨ। ਜੀਵਨੀ ਦਾ ਲੇਖਕ ਮਨੁੱਖੀ ਜੀਵਨ ਵਿਚੋਂ ਕਿਸੇ ਇਕ ਪ੍ਰਭਾਵਸ਼ਾਲੀ ਵਿਆਕਤੀ ਨੂੰ ਚੁਣ ਕੇ ਉਸਦੇ ਜੀਵਨ ਦੀਆਂ ਘਟਨਾਵਾਂ ਤੇ ਪਰਸਥਿਤੀਆਂ ਦਾ ਵਰਣਨ ਕਰਦੇ ਸਮੇਂ ਆਪਣੀਆਂ ਪ੍ਰਤਿਕ੍ਰਿਆਵਾਂ ਨੂੰ ਇਤਿਹਾਸ ਰੂਪ ਵਿਚ ਪੇਸ਼ ਕਰਦਾ ਹੈ ਪਰ ਇਸ ਵਰਣਨ ਵਿਚ ਇਤਿਹਾਸ ਦੀ ਬਜਾਏ ਵਿਅਕਤਿਤਕਤਾ ਤੇ ਵਾਸਤਵਿਤਾ ਪ੍ਰਧਾਨ ਹੁੰਦੀ ਹੈ। ਸਵੈਜੀਵਨੀ ਵਿਚ ਜੀਵਨੀ ਵਾਲੇ ਲਗਭਗ ਸਾਰੇ ਤੱਤ ਵਿਦਾਮਨ ਰਹਿੰਦੇ ਹਨ ਪਰੰਤੂ ਸਵੈਜੀਨਵੀ ਦਾ ਲੇਖਕ ਆਮ ਆਦਮੀ ਨਹੀਂ ਹੁੰਦਾ।

**ਉਦੇਸ਼ :** ਚੰਗੀਆਂ ਜੀਵਨੀਆਂ ਅਤੇ ਸਵੈਜੀਵਨੀਆਂ ਪਾਠਕ ਨੂੰ ਗਿਆਨ ਅਤੇ ਪ੍ਰੇਰਿਤ ਕਰਦੀਆਂ ਹਨ ਅਤੇ ਜੀਵਨ ਦਾ ਮਾਰਗ ਦਰਸ਼ਨ ਵੀ ਕਰਾਉਂਦੀਆਂ ਹਨ। ਸਵੈਜੀਨਵੀ ਲਿਖਣ ਲਈ ਜੀਵਨੀ ਦੇ ਮੁਕਾਬਲੇ ਵਧੇਰੇ ਸੰਤੁਲਨ, ਨਿਰਪੇਖਤਾ ਅਤੇ ਚਾਰਿਤਰਿਕ ਉਚਤਾ ਦੀ ਲੋੜ ਹੁੰਦੀ ਹੈ।

**ਜੀਵਨੀ :** ਪੰਜਾਬੀ ਵਿਚ ਜੀਵਨੀ ਪੱਛਮੀ ਪ੍ਰਭਾਵ ਨਾਲ ਆਈ, ਅੰਗ੍ਰੇਜ਼ੀ ਵਿਚ ਜੀਵਨ ਲਈ Biography ਸ਼ਬਦ ਹੈ ਜਿਸ ਦਾ ਅਰਥ ਹੈ ਜੀਵਨ ਤੇ ਚਰਚਾ। ਇਹ ਉਸ ਰਚਨਾ ਦਾ ਰੂਪ ਹੈ ਜੋ ਨਸਲਾਂ ਜਾਂ ਜਨ ਸਮੂਹ ਨੂੰ ਨਹੀਂ ਬਿਆਨਦੀ ਸਗੋਂ ਇਕ ਪੁਰਖ ਦੇ ਜੀਵਨ ਨੂੰ ਪੇਸ਼ ਕਰਦੀ ਹੈ। ਜੀਵਨ ਬਿਆਨੀਆਂ ਕਲਾ-ਕਿਰਤ ਹੈ ਜੋ ਕਿਸੇ ਨਿਜੀ-ਸਖ਼ਸ਼ੀਅਤ ਨੂੰ ਚੇਤਨ ਤੌਰ ਤੇ ਕਲਾਮਈ ਢੰਗ ਨਾਲ ਬਿਆਨ ਕਰਦੀ ਹੈ। ਇਤਿਹਾਸ ਦੇ ਵਿਪਰੀਤ ਇਹ ਜੀਵਨੀ ਨਿਜੀ ਵਿਅਕਤੀਆਂ ਨਾਲ ਸੰਬੰਧ ਰੱਖਦੀ ਹੈ। ਗਲਪ ਦੇ ਉਲਟ ਇਹ ਉਸ ਜੀਵਨ ਨੂੰ ਚਿਤਰਦੀ ਹੈ ਅਸਲ ਰੂਪ ਵਿਚ ਜੀਵਿਆ ਗਿਆ ਹੋਵੇ। ਜੀਵਨੀ ਦੀ ਗਲਪ ਤੇ ਇਤਿਹਾਸ ਦੂਹਾਂ ਨੂੰ ਬੜੀ ਦੇਣ ਹੈ। ਗਲਪ ਨਾਵਾਂ ਤੇ ਤਿਥੀਆਂ ਨੂੰ ਛੱਡ ਕੇ ਜੀਵਨ ਦਾ ਸਹੀ ਚਿੱਤਰ ਹੁੰਦਾ ਹੈ ਅਤੇ ਇਤਿਹਾਸ ਵਿਚ ਕੇਵਲ ਨਾਂ ਤੇ ਤਿਥੀਆਂ ਹੀ ਸੱਚ ਹੁੰਦੀਆਂ ਹਨ ਬਾਕੀ ਸਭ ਗਲਪ ਵਾਂਗ ਕਲਪਿਤ ਹੁੰਦਾ ਹੈ। ਇਸ ਤਰ੍ਹਾਂ ਜੀਵਨੀ ਗਲਪ ਤੇ ਇਤਿਹਾਸ ਦੁਹਾਂ ਤੋਂ ਅਗੇਰੇ ਦੀ ਸਚੀ ਕਿਰਤ ਹੈ। ਜੀਵਨ ਇਤਿਹਾਸ ਦੇ ਲਿਖ ਜਾਣ ਵਿਚ ਸਹਾਇਕ ਹੁੰਦੀ ਹੈ।

According to Carlyle, The history of the world is at bottom the history of the greatmen who have worked there."

ਇਤਿਹਾਸਕ, ਰਾਜਨੀਤਕ ਗਲਪਨਾਤਮਕ ਅਤੇ ਕੀਮਤ ਤੋਂ ਇਲਾਵਾ ਜੀਵਨੀ ਦੀ ਸਾਹਿਤਕ ਤੇ ਸੁਹਜਾਤਮਕ ਮਹਾਨਤਾ ਵੀ ਹੈ।

Plutarch : "Biography is a sort of looking glass in which I may see how to adjust and adorn my own life."

ਇਸੇ ਕਰਕੇ ਪ੍ਰਿੰਸੀਪਲ ਤੇਜਾ ਸਿੰਘ ਨੇ ਆਪਣੀ ਜੀਵਨੀ ਦਾ ਨਾਂ ਆਰਸੀ ਰੱਖਿਆ ਹੈ। ਜੀਵਨੀ ਕਿਸੇ ਅਨੋਂਖੀ ਸ਼ਖ਼ਸੀਅਤ, ਪ੍ਰੇਰਨਾਸ਼ੀਲ ਵਿਅਕਤੀ ਦੇ ਜੀਵਨ ਨੂੰ ਚਿਤਰਦੀ ਹੈ। ਜੀਵਨੀ ਚਰਚਾ ਦੇ ਰੂਪ ਵਿਚ ਇਕ ਯਾਦਗਾਰ (memorial) ਹੈ।ਇਹ ਕਿਸੇ ਪ੍ਰਿਯ ਤੇ ਸੁੰਦਰ ਪ੍ਰਭਾਵ ਦਾ ਚੇਤੰਨ, ਸਹੀ ਤੇ ਸੱਚਾ ਸੰਸਕਾਰ ਪੇਸ਼ ਕਰਦੀ ਹੈ। ਸ਼ਰਤ ਇਹ ਕਿ ਉਹ ਸੰਸਕਾਰ ਰੌਚਕ, ਪ੍ਰਮੁੱਖ ਤੇ ਪ੍ਰਭਾਵਸ਼ਾਲੀ ਹੋਵੇ। ਡਨ (Dunn) ਅਨੁਸਾਰ ਚੰਗੇ ਤੇ ਆਧੁਨਿਕ ਜੀਵਨੀਕਾਰ ਦਾ ਕਰਮ ਇਹ ਹੈ ਕਿ ਉਹ ਆਪਣੇ ਵਿਸ਼ੈ-ਗਤ ਵਿਅਕਤੀ ਦੇ ਬਾਹਰੀ ਜੀਵਨ ਦਾ ਪ੍ਰਦਰਸ਼ਨ ਕਰਾਏ, ਆਪਣੇ ਪਾਤਰ ਦਾ ਸਾਫ਼ ਚਿੱਤਰ ਪੇਸ਼ ਕਰੇ ਅਤੇ ਉਸਦੇ ਮਾਨਸਿਕ ਵਿਕਾਸ ਦੀ ਪਿਛੋਕੜ ਦੀ ਤਹਿ ਖੋਲੇ।

According ti Heald Nicolson "ਜੀਵਨ ਨੂੰ ਕਿਸੇ ਵਿਅਕਤੀ ਦਾ ਸਚਾ ਕਲਾਮਈ ਚਿੱਤਰ ਮੰਨਦਾ ਹੈ। ਜਿਸ ਵਿਚ ਕਿ ਗੁਣਾਂ ਅਵਗੁਣਾਂ ਦੀ ਆਪਸ ਵਿਚ ਪ੍ਰਾਕਿਰਤਕ ਸੁਮੇਲਤਾ ਤੇ ਇਕਸੁਰਤਾ ਹੋਵੇ।

ਜੀਵਨੀ ਆਧੁਨਿਕ ਕਲਾ ਦੇ ਵਿਵਿੱਧ ਵਿਕਾਸਾਂ ਵਿਚੋਂ ਇਕ ਹੈ। ਇਹ ਕਿਸੇ ਸਮੂਹ ਵਿਅਕਤੀ ਦਾ ਨਿਰਪੱਖੀ, ਸੱਚਾ, ਸਹੀ ਤੇ ਇਕਾਗਰ ਬਿਆਨ ਹੋਣਾ ਚਾਹਦਾ ਹੈ। ਸੰਪੂਰਨਤਾ ਦੇ ਪ੍ਰਤਿਭਾ ਹੀ ਕਿਸੇ ਸੱਚੇ ਜੀਵਨੀਕਾਰ ਦੇ ਟੀਚੇ ਹੁਮਦੇ ਹਨ। ਉਸ ਨੂੰ ਗੌਰ ਨਾਲ ਵੇਖਣਾ ਹੈ ਕਿ ਕਿਤੇ ਕੋਈ ਅਸਬੰਧਤ ਗਾਨ ਨਾ ਆ ਜਾਏ, ਕੋਈ ਜ਼ਰੂਰੀ ਗੱਲ ਨਾ ਰਹਿ ਜਾਏ ਤੇ ਕੋਈ ਗੱਲ ਫਿਰ ਨਾ ਦੁਹਰਾਈ ਜਾਵੇ। ਜੀਵਨੀ ਕਿਸੇ ਮਰ ਚੁੱਕੇ ਵਿਅਕਤੀ ਦੀ ਸਮੂਹ ਸ਼ਖ਼ਸ਼ੀਅਤ ਦਾ ਜਿੰਦਾ ਬਿਆਨ ਹੋਣਾ ਚਾਹੀਦੀ ਹੈ। ਇਹ ਕਲਾ ਸੱਚਾਈ ਤੇ ਆਧਾਰਿਤ ਹੋਣੀ ਚਾਹੀਦੀ ਹੈ ਕਿ ਕਿਸੇ ਵਿਅਕਤੀ ਦਾ ਐਸਾ ਬਿੰਬ ਹੋਵੇ ਜੋ ਉਸ ਜੀਵਨੀ ਰੂਪੀ ਸ਼ੀਸ਼ੇ ਵਿਚੋਂ ਸਦਾ ਦਿਸਦਾ ਰਹੇ ਜਦ ਉਹ ਆਪ ਅਣਹੋਂਦ ਦੇ ਲੇਖੇ ਲਗ ਚੁੱਕਾ ਹੋਵੇ। ਜੀਵਨੀ ਆਪ ਮੁਹਾਰਾ ਨਗਰ ਸੱਚ (naked unblushing truth) ਹੋਣਾ ਚਾਹੀਦਾ ਹੈ। ਜੀਵਨੀਕਾਰ ਆਪਣੀ ਕਲਾ ਪ੍ਰਤੀ ਵਫ਼ਾਦਾਰੀ ਕਰਦਾ ਹੋਇਆ ਆਪਣੇ ਨਾਇਕ ਦੇ ਨਾਂ ਕੇਵਲ ਚਮਕਦਾਰ ਝਲਕਾਰੇ ਜਾਂ ਜੇਤੂ ਪਲ ਹੀ ਚਿਤਰੇ

ਸਗੋਂ ਉਹ ਪਾਲ ਧਿਆਨ ਗੌਚਰ ਕਰੇ ਜਦ ਕਿ ਉਹ ਬਿਪਤਾ ਵਿਚ, ਗੁੱਸੇ ਵਿਚ, ਦੁੱਖ ਵਿਚ ਜਾਂ ਮਰੀਅਨ ਅਵਸਥਾ ਵਿਚ ਪੈ ਕੇ ਕੁੱਝ ਕਰ ਰਿਹਾ ਹੋਵੇ।

ਜੀਵਨੀ ਲਿਖਣ ਦੇ ਦੋ ਢੰਗ ਹਨ। ਜਿਨ੍ਹਾਂ ਵਿਚ ਜੀਵਨੀ ਇਕਸਾਰਤਾ ਸਹਿਤ ਲਿਖੀ ਜਾ ਸਕਦੀ ਹੈ। ਪਹਿਲਾ ਹੈ ਵਿਸਤਾਰ ਪੁਰਵਕ ਢੰਗ, ਇਸ ਦੁਆਰਾ ਨਾਇਕ ਦਾ ਹਰ ਤੱਥ ਦੱਸਿਆਂ ਜਾਂਦਾ ਹੈ। ਉਹ ਹਰ ਕੰਮ ਜੋ ਉਸ ਨੇ ਕੀਤਾ। ਉਹ ਕੁੱਝ ਜੋ ਉਸ ਨੇ ਨਾ ਕੀਤਾ ਜਾਂ ਉਸ ਤੋਂ ਨਾ ਹੋ ਸਕਿਆ। ਉਹ ਕੁੱਝ ਜੋ ਦੂਜਿਆਂ ਉਸ ਖਾਤਰ ਕੀਤਾ। ਉਹ ਕੁਝ ਜੋ ਦੂਜੇ ਉਸ ਖਾਤਰ ਨਾ ਕਰ ਸਕੇ। ਇਹ ਸਭ ਕੁਝ ਪੂਰਣ ਵਿਸਤਾਰ ਸਹਿਤ ਕੀਤਾ ਜਾਂਦਾ ਹੈ। ਕਾਰਾਨਾਈਲ ਕਹਿੰਦਾ ਹੈ ਕਿ ਬ੍ਰਹਿਮੰਡ ਉਤੇ ਉਸ ਦੇ ਪ੍ਰਭਾਵ ਦਾ ਤੇ ਉਸ ਉਤੇ ਬ੍ਰਹਿਮੰਡ ਦੇ ਪ੍ਰਭਾਵ ਦਾ ਪੁਰਾ ਵਿਵਰਣ ਪ੍ਰਾਪਤ ਕਰਨਾ ਚਾਹੀਦਾ ਹੈ।

ਦੂਜਾ ਚੋਣ ਢੰਗ ਹੈ। ਇਸ ਦੁਆਰਾ ਹਰੇਕ ਘਟਨਾ ਦਾ ਕਰਨ ਦੀ ਥਾਂ ਅਸੀਂ ਕੁਝ ਕੁ ਵਿਸ਼ੇਸ਼ ਪ੍ਰਮੁੱਖ ਘਟਨਾਵਾਂ ਹੀ ਲੈਂਦੇ ਹਾਂ। ਅਸੀਂ ਕੇਵਲ ਉਹ ਘਟਨਾਵਾਂ ਤੇ ਉਹ ਕਾਰਜ ਹੀ ਚੁਣਦੇ ਹਾਂ ਜੋ ਉਸ ਦੀ ਸੱਚੀ ਸਖ਼ਸ਼ੀਅਤ ਬਣਦੇ ਹਨ। ਇਸ ਦੁਆਰਾ ਸਾਨੂੰ ਉਸ ਦੀ ਕਾਬਲੀਅਤ ਦੀ ਸੀਮਾਂ ਤੇ ਉਸ ਦੀ ਘਾਟ ਦੀ ਪੱਧਰ ਦਾ ਪਤਾ ਚਲਦਾ ਹੈ। ਡਾ. ਜਾਨਸਨ ਦੀ "Lives of the poets" ਇਸੇ ਢੰਗ ਵਿਚ ਲਿਖੀ ਗਈ ਹੈ। ਕਾਰਲਾਇਨ ਦੀ "Life of Sterling" ਵੀ ਇਸੇ ਢੰਗ ਦੀ ਹੈ। ਇਹ ਦੋਵੇਂ ਹੀ ਅਦੁੱਤੀ ਤੇ ਪ੍ਰਤਿਭਾ ਦੀਆਂ ਸੁਭਾਗੀ ਰਚਨਾਵਾਂ ਹਨ।

ਨਵੀਨ ਜੀਵਨੀ ਦਾ ਇਕ ਹੋਰ ਢੰਗ ਵੀ ਹੈ। Straehey ਤੇ Benson ਨੇ ਇਸ ਢੰਗ ਉਤੇ ਜ਼ੋਰ ਦਿੱਤਾ ਹੈ। ਉਨ੍ਹਾਂ ਅਨੁਸਾਰ ਕਲਾਮਈ ਜੀਵਨੀ ਚੌਣ ਤੇ ਸਮਤੁਲਨ ਦਾ ਚਮਤਕਾਰ ਹੈ। ਕਿਸੇ ਪਾਤਰ ਦੇ ਕੁਝ ਵਿਸੇਸ਼ ਪੱਖਾਂ ਦੇ ਚਿਤਰਨ ਤੋਂ ਹੀ ਅਸੀਂ ਉਸ ਦੀ ਤਾਜ਼ਾ ਤੇ ਜੀਂਦੀ ਜਾਗਦੀ ਤਸਵੀਰ, ਜਿਵੇਂ ਕਿ ਜਾਦੂ ਨਾਲ ਖਿੱਚੀ ਗਈ ਹੋਵੇ, ਦੇਕਦੇ ਹਾਂ। ਜੀਵਨੀ ਦਾ ਕੰਮ ਆਸਾਨ ਨਹੀਂ ਹੈ। ਜੀਵਨੀਕਾਰ ਦਾ ਮਾਰਗ ਉਸ ਪਹਾੜ ਉੱਤੇ ਹੋਣ ਬਰਾਬਰ ਹੈ ਕਿੱਥੇ ਚਲਣ ਲਈ ਕੰਡਿਆਲੀਆਂ ਝਾੜੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।॥ ਜੀਵਨੀਕਾਰ ਨੂੰ ਆਪਣਾ ਮਾਰਗ ਆਸਾਨ ਤੇ ਪੱਧਰਾ ਬਣਾਉਣ ਲਈ ਇਨ੍ਹਾਂ ਮੁਸ਼ਕਲਾਂ ਨੂੰ ਸਰ ਕਰਨਾ ਪਏਗਾ। ਚੰਗਾ ਜੀਵਨੀਕਾਰ ਉਹ ਹੈ ਜੋ ਆਪਣੇ ਕੰਮ ਨੂੰ ਧਿਆਨ ਨਾਲ ਤੇ ਮਿਹਨਤ ਨਾਲ ਕਰਦਾ ਹੈ। ਮਨੋਵਿਸਲੇਸ਼ਣ ਦੇ ਵਿਗਿਆਨ ਦੇ ਵਾਧੇ ਨਾਲ ਜੀਵਨੀ ਵਿਚ ਨਵੀਂ ਕਲਾ ਧੜਕਦੀ ਹੈ।

**ਸਵੈਜੀਵਨੀ :**

ਸਵੈਜੀਵਨੀ, ਜੀਵਨੀ ਦਾ ਹੀ ਇਕ ਰੂਪ ਹੈ। ਅੰਗ੍ਰੇਜ਼ੀ ਵਿਚ ਇਸ ਲਈ ਸ਼ਬਦ Autobiography ਹੈ ਤਿੰਨ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ- Auto Bios+Graphos. Auti ਦਾ ਅਰਥ ਸਵੈ, Bios

ਦਾ ਅਰਥ ਹੈ ਜੀਵਨ ਅਤੇ Graphes ਦਾ ਅਰਥ ਲਿਖਤ ਹੈ। According B. R. Mullik. "The book of a person's life written by himself allied to autobiography are confession, dparts, Journals, letters, memories, all of which are also personal record." ਭਾਵ ਸਵੈਜੀਵਨੀ ਦੀ ਪੁਸਤਕ ਲੇਖਕ ਦੇ ਆਪਣੇ ਵਲੋਂ ਲਿਖੀ ਗਈ ਹੁੰਦੀ ਹੈ। ਸਵੈਜੀਵਨੀ ਨਾਲ ਮਿਲਦੀਆਂ ਜੁਲਦੀਆਂ ਸਵੈਜੀਵਨੀ ਰੂਪ ਦੀਆਂ ਪ੍ਰਕਾਰਾਂ-ਇਕਬਾਲ, ਡਾਇਰੀ, ਪੱਤਰ, ਜਨਰਲ ਅਤੇ ਯਦਤਾਂ ਆਦਿ ਹਨ। ਮਲਿਕ ਅਗੇ ਲਿਖਦਾ ਹੈ : Autobiography connected narrotive with coherrnce and unity lacking in others. ਭਾਵ ਸਵੈਜੀਵਨੀ ਇਕ ਬਿਆਨੀਆਂ ਬਰਤਕ ਹੈ। ਸੁਮੇਲਤਾ ਤੇ ਏਕਤਾ ਸਹਿਤ ਹੋਰਾਂ ਰੂਪਾਂ ਵਿਚ ਜਿਸ ਦਾ ਅਭਾਵ ਹੁੰਦਾ ਹੈ।

ਇਕ ਸਾਹਿਤਕ ਗਾਈਡ ਵਿਚ ਸਵੈਜੀਵਨੀ ਦੀ ਪਰਿਭਾਸ਼ਾ ਇਉਂ ਕੀਤੀ ਗਈ ਹੈ : "The author of an autobiography presents a continuous narrative of the major events of his past." ਭਾਵ ਸਵੈਜੀਵਨੀ ਆਪਣੇ ਅਤੀਤ ਭੂਤ ਦੀਆਂ ਪ੍ਰਮੁੱਖ ਘਟਨਾਵਾਂ ਦੇ ਨਿਰਭਰ ਬਿਆਨ ਨੂੰ ਅਪਣਾਉਂਦਾ ਹੈ।

ਰੂਸੋ ਵਰਗੇ ਲੇਖਕ ਆਪਣੇ ਭੈੜੇ ਕਰਮਾਂ ਦੇ ਪਿਪਤਾਵੇ ਹਿਤ ਹੀ ਸਵੈਜੀਵਨੀ ਲਿਖਦੇ ਹਨ, ਅਤੇ confession ਵਿਚ ਲਿਖਿਆ ਹੈ : "ਜਦ ਰੱਬ ਵਲੋਂ ਮੈਨੂੰ ਬੁਲਾਵਾ ਆਵੇਗਾਤਾਂ ਮੈਂ ਆਪਣੀ ਸਵੈਜੀਵਨੀ ਉਸ ਅਗੇ ਪੇਸ਼ ਕਰਾਂਗਾ ਅਤੇ ਕਹਾਂਗਾ- ਹੇ ਈਸ਼ਵਰ ਮੈਂ ਇਸੇ ਤਰ੍ਹਾਂ ਨਾਲ ਸੰਸਾਰ ਵਿਚ ਵਿਚਰਿਆ ਹਾਂ। ਮੈਂ ਆਪਣੇ ਪੁੰਨ ਤੇ ਪਾਪ ਇਸ ਸਵੈਜੀਵਨੀ ਰਾਹੀਂ ਤੇਰੇ ਸਾਹਮਣੇ ਪੇਸ਼ ਕਰਦਾ ਹਾਂ। " ਇਸ ਸਵੈਜੀਵਨੀ ਵਿਚ ਹਾਸ-ਰਸੀ ਅੰਸ਼ ਹੈ। ਜੇ ਇਹ ਨਾ ਹੋਵੇ ਤਾਂ ਸਵੈਜੀਵਨੀ ਖੁਸ਼ਕ ਹੋ ਕੇ ਰਹਿ ਜਾਵੇ।

ਸਵੈਜੀਵਨੀ ਤੋਂ ਪਹਿਲਾਂ ਵੀ ਸਾਹਿਤ ਵਿਚ ਇਕ ਸਵੈਜੀਵਨੀ ਦੇ ਅੰਸ਼ ਮੌਜੂਦ ਹਨ। ਜਿਵੇਂ ਕਿੱਸਿਆਂ, ਗੁਰਬਾਣੀ, ਸੂਫ਼ੀ, ਆਮ ਕਵਿਤਾਵਾਂ, ਵਾਰਤਕ ਅਤੇ ਲੇਖਾਂ ਵਿਚ ਜਿਵੇਂ Hudson ਲ਼ਿਖਦਾ ਹੈ- "The true esasay is essantially personal." Be Moutaigtie ਦਾ ਕਥਨ ਹੈ "I am the subject of my essay because I himself am the only person whom I know theroughly."

H. K. Bhatacharya ਵੀ ਮੰਨਦੇ ਹਨ -"An essay is a self projection of mental autobiography."

ਫਿਰ ਇਸ ਤਰ੍ਹਾਂ ਆਪਾ ਪ੍ਰਗਟਾਉਣ ਦੀ ਇੱਛਾ ਤੋਂ ਹੀ ਸਾਹਿਤ ਜਨਮ ਲੈਂਦਾ ਹੈ। ਮਨੁੱਖ

ਸਮਾਜਿਕ ਪ੍ਰਾਣੀ ਹੋਣ ਕਰਕੇ ਆਪਣੇ ਖ਼ਾਸ ਨਿਜੀ ਅਨੁਭਵ ਦੂਜਿਆਂ ਨਾਲ ਸਾਂਝੇ ਕਰਨੇ ਲੋਚਦਾ ਹੈ।

ਮਨੁੱਖ ਆਪਾ ਪਛਾਣਨ ਦਾ ਜਤਨ ਕਰਦਾ ਹੈ। ਆਪਣਾ ਕਸੂਰ ਕਰ ਲੈਣ ਦੀ ਇੱਛਾ ਤਾਕਿ ਮਨ ਦਾ ਭਾਰ ਹਲਕਾ ਕੀਤਾ ਜਾ ਸਕੇ। ਜਾਂ ਕਥਾ ਆਪੋ ਆਪਣੀ ਅਨੁਸਾਰ ਆਪਣੇ ਜੀਵਨ ਸੰਬੰਧੀ ਆਪਣੇ ਪ੍ਰਸ਼ੰਸਕਾਂ ਦੀ ਜਿਗਿਆਸਾ ਨੂੰ ਤ੍ਰਿਪਤ ਕਰਨ ਦਾ ਉਪਰਾਲਾ; ਆਪਣੇ ਜੀਵਨ ਸੰਬੰਧੀ ਪੈਦਾ ਹੋਈਆਂ ਕੋਈ ਭ੍ਰਾਂਤੀਆਂ ਤੇ ਸ਼ੰਕਿਆਂ ਨੂੰ ਨਵਿਰਤ ਕਰਨ ਦੀ ਕੋਸ਼ਿਸ਼, ਕਿਸੇ ਸ਼ੁਭ ਚਿੰਤਕ ਦੀ ਪ੍ਰੇਨਾ ਆਦਿ ਸਵੈਜੀਵਨੀ ਦੇ ਮੰਤਵ ਹੋ ਸਕਦੇ ਹਨ। ਜਾਂ ਇਹ ਵੀ ਹੋ ਸਕਦਾ ਹੈ ਕਿ ਸਵੈਜੀਵਨੀਕਾਰ ਨੇ ਆਪਣੀ ਸਵੈਜੀਵਨੀ ਰਾਹੀਂ ਆਪਣੇ ਸਮੇਂ ਦੀ ਕਹਾਣੀ, ਕਿਸੇ ਲਹਿਰ ਦਾ ਇਤਿਹਾਸ, ਆਦਿ ਦਸਣ ਦਾ ਨਿਸਚਾ ਕੀਤਾ ਹੋਵੇ। ਸਵੈਜੀਵਨੀ ਦੇ ਮੰਤਵ ਪ੍ਰਕਾਸ਼ ਵਿਚ ਆਉਂਦੇ ਹਨ।

ਆਪਣੇ ਆਪੇ ਬਾਰੇ ਲਿਖਣਾ ਅਸਾਨ ਵੀ ਹੈ ਅਤੇ ਕਠਿਨ ਵੀ। ਜੇ ਲੇਖਕ ਆਪਣੇ ਆਪ ਨੂੰ ਸਮਝਣਾ ਹੈ ਤਾਂ ਇਹ ਕੰਮ ਅਸਾਨ ਹੈ, ਪਰ ਜੇ ਨਹੀਂ ਸਮਝਣਾ ਤਾਂ ਕਠਿਨ ਕੰਮ ਹੈ। ਕਹਿਣ ਤੋਂ ਭਾਵ ਹੈ ਕਿ ਲੇਖਕ ਦਾ ਜੀਵਨ ਸੁਲਝਿਆ ਤੇ ਸਪੱਸ਼ਟ ਹੋਵੇ।

ਹਰੇਕ ਦੀ ਜੀਵਨੀ ਲਿਖਣਯੋਗ ਨਹੀਂ ਹੁੰਦੀ ਅਤੇ ਲਿਖਣ ਯੋਗ ਜੀਵਨੀ ਦਾ ਵੀ ਹਰੇਕ ਪਲ ਲਿਖਣਯੋਗ ਨਹੀਂ ਹੁੰਦਾ। ਕੇਵਲ ਕੁਝ ਪਲ ਹੀ ਲਿਖਣ ਯੋਗ ਹੁੰਦੇ ਹਨ। ਕੇਵਲ ਉਹ ਘਟਨਾਵਾਂ ਜਾਂ ਅਨੁਭਵ ਹੀ ਲਿਖਣਯੋਗ ਹੁੰਦਾ ਹੈ ਜੋ ਸਿਖਿਆਤਮਕ ਹੈ। ਇਸ ਤੋਂ ਇਲਾਵਾ ਸਵੈਜੀਵਨੀ ਵਿਚ ਸੱਚ ਕਹਿਣ ਦੀ ਦਲੇਰੀ ਦਿਆਨਤਦਾਰੀ ਅਤੇ ਅਨਾਤਮਤਾ ਦੀ ਬੜੀ ਮਹੱਤਤਾ ਹੈ। ਸਵੈਜੀਵਨੀ ਲਿਖਣ ਲਈ ਬੌਧਿਕ ਪ੍ਰਪੱਕਤਾ ਗਹਿਰੀ ਦ੍ਰਿਸ਼ਟੀ ਘਟਨਾਵਾਂ ਦੀ ਚੋਣ। ਆਲੋਚਨਾਤਮਕ ਵਿਆਖਿਆ ਘਟਨਾਵਾਂ ਦਾ ਵਿਸ਼ਲੇਸ਼ਣ ਅਤੇ ਵਿਆਖਿਆ ਕਰ ਸਕਣ ਦੀ ਆਲੋਚਨਾਤਮਕ ਦ੍ਰਿਸ਼ਟੀ ਤੇ ਸੁਲਝੇ ਹੋਏ ਜੀਵਨ ਦਰਸ਼ਨ ਦੀ ਆਵਸ਼ਕਤਾ ਹੈ। ਪਰੰਤੂ ਮਹਾਨ ਸ਼ਖ਼ਸੀਅਤ ਹੀ ਆਪਣੀ ਜੀਵਨੀ ਲਿਖੇ। ਆਪਣੇ ਜੀਵਨ ਦੇ ਸੱਚ ਨੂੰ ਬਿਆਨ ਕਰੇ। ਸਵੈਜੀਵਨੀ ਸਾਹਿਤ ਦੇ ਦੂਜੇ ਰੂਪਾਂ ਨਾਲੋਂ ਇਸ ਕਰਕੇ ਭਿੰਨ ਹੈ ਕਿ ਇਸ ਵਿਚ ਕਲਪਨਾ ਉਡਾਰੀਆਂ ਨਹੀਂ ਲਾਈਆਂ ਜਾ ਸਕਦੀਆਂ।

ਜੀਵਨੀ ਵਾਂਗ ਹੀ ਸਵੈਜੀਵਨੀ ਵਿਚ ਤਰਤੀਬ ਦੀ ਬੜੀ ਮਹੱਤਤਾ ਹੈ। ਕਾਲ ਕ੍ਰਮ ਅਨੁਸਾਰ ਘਟਨਾਵਾਂ ਦਾ ਬਿਆਨ ਹੋਵੇ। ਘਟਨਾਵਾਂ ਵਿਚੋ ਲੋੜੀਆਂ ਹੋਣ। ਪਰ ਜੇ ਲਿਖਣ ਸ਼ੈਲੀ ਵੀ ਵਿਕੋਲਿੜੀ ਹੋਵੇ ਤਾਂ ਸੋਨੇ ਤੇ ਸੁਹਾਗਾ ਵਾਲੀ ਗਲ ਹੋ ਜਾਵੇ

**Conclusion (ਨਿਸ਼ਕਰਸ਼)**

**ਜੀਵਨੀ** ਵਿਚ ਘਟਨਾ, ਚਰਿੱਤਰ ਚਿੱਤਰਣ, ਦੇਸ਼ ਕਾਲ, ਉਦੇਸ਼ ਸ਼ੈਲੀ ਆਦਿ ਪ੍ਰਮੁੱਖ ਤੱਤ ਹੁੰਦੇ

ਹਨ। ਘਟਨਾਵਾਂ ਦੇ ਆਧਾਰ ਉਤੇ ਜੀਵਨੀ ਦਾ ਢਾਂਚਾ ਉਸਰਦਾ ਹੈ। ਜੀਵਨੀ ਦੀਆਂ ਘਟਨਾਵਾਂ ਕਲਪਿਤ ਨਾ ਹੋ ਕੇ ਵਾਸਤਵਿਕ ਹੁੰਦੀਆਂ ਹਨ। ਲੇਖਕ ਨੂੰ ਜੋ ਤੱਥ ਪ੍ਰਾਪਤ ਹੁੰਦੇ ਹਨ ਉਨ੍ਹਾਂ ਵਿਚੋਂ ਵਿਅਕਤੀ ਵਿਸ਼ੇਸ਼ ਦਾ ਚਰਿਤਰ ਉਭਾਰਨਾ ਹੁ ਦਾ ਹੈ। ਵਿਅਕਤੀ ਦੀਆਂ ਵਿਸ਼ੇਸ਼ਤਾਵਾਂ ਜੀਵਨੀਕਾਰ ਨੂੰ ਉਹਦੇ ਬਾਰੇ ਲਿਖਣ ਲਈ ਪ੍ਰੇਰਿਤ ਕਰਦੀਆਂ ਹਨ।

**ਸਵੈਜੀਵਨੀ** ਆਪਣੇ ਜੀਵਨ ਬਾਰੇ ਆਪ ਲਿਖਣਾ ਕੋਈ ਸੌਖਾ ਕਾਰਜ ਨਹੀਂ ਕਿਉਂਕਿ ਆਪਣੇ ਚਰਿਤਰ ਦਾ ਵਿਸ਼ਲੇਸ਼ਣ ਕਰਨਾ ਬਹੁਤ ਕਠਿਨ ਅਤੇ ਸਾਹਸ ਪੂਰਣ ਕੰਮ ਹੈ। ਉੱਤਮ ਆਤਮਕਥਾ ਲਿਖਣ ਲਈ ਆਪਣੀ ਆਤਮਾ ਨੂੰ ਉਜਲੀ ਅਤੇ ਹਉਮੈ ਰਹਿਤ ਬਣਾਉਣਾ ਜ਼ਰੂਰੀ ਹੈ। ਆਤਮ ਕਥਾ ਲਿਖਣ ਲਈ ਜੀਵਨੀ ਦੇ ਮੁਕਾਬਲੇ ਵਧੇਰੇ ਸੰਤੁਲਨ, ਨਿਰਪੇਖਤਾ ਅਤੇ ਚਾਰਿਤਰਿਕ ਉਚਤ ਦੀ ਲੋੜ ਹੁੰਦੀ ਹੈ।

**ਔਖੇ ਸ਼ਬਦ :** ਆਰਸੀ-ਸ਼ੀਸ਼ਾ, (Mirror), ਯਾਦਗਾਰ-Memorial, ਸੰਸਕਾਰ (Imtression) ਨਿਰਪੱਖ-Unpartial, ਸੱਚਾ-Truth, ਚਰਿਤਰ-Character, ਘਟਨਾਵਾਂ-Incident, ਵਿਕੋਲੋੜੀ-ਵੱਖ-ਵੱਖ।

**SAQ (Self Assessment Question) :**

੧. ਜੀਵਨੀ ਤੋਂ ਕੀ ਭਾਵ ਹੈ ?

੨. ਸਵੈਜੀਵਨੀ ਨੂੰ ਪਰਿਭਾਸ਼ਿਤ ਕਰੋ।

੩. ਚੰਗੀ ਸਵੈਜੀਵਨੀ ਦਾ ਗੁਣ ਦਸੋ।

੪. ਜੀਵਨੀ ਤੇ ਸਵੈਜੀਵਨੀ ਵਿਚ ਅੰਤਰ ਸਮਾਨਤਾ ਦਸੋ।

**Suggestive Learning :**

ਵਿਦਿਆਰਥੀਆਂ ਨੂੰ ਸੁਝਾਓ ਦਿੱਤਾ ਜਾਂਦਾ ਹੈ ਕਿ ਉਹ ਉੱਚ ਸ਼ਖ਼ਸੀਅਤਾਂ ਦੀਆਂ ਜੀਵਨੀਆਂ ਅਤੇ ਸਵੈਜੀਵਨੀਆਂ ਪੜ੍ਹਨ ਤਾਂ ਜੋ ਉਹ ਇਹਨਾਂ ਸਿਧਾਂਤਕ ਅਤੇ ਆਲੋਚਨਾਤਮਕ ਪਹਿਲੂਆਂ ਤੋਂ ਜਾਣਕਾਰੀ ਹਾਸਿਲ ਕਰ ਸਕਣ।

**References :**


੧. ਸਾਹਿਤ ਸ਼ਾਸਤਰ - ਰੌਸ਼ਨ ਲਾਲ ਆਹੂਜਾ

੨. ਅਧਿਐਨ ਤੇ ਅਧਿਆਪਨ - ਡਾ. ਜੀਤ ਸਿੰਘ ਜੋਸ਼ੀ

**UNIT-III (ਭਾਸ਼ਾ ਵਿਗਿਆਨ)** **Lesson No :11**

## Title : ਪ੍ਰਸ਼ਨ. ਪੰਜਾਬੀ ਭਾਸ਼ਾ ਦਾ ਇਤਿਹਾਸਕ ਵਿਕਾਸ

### 11.1 Introduction

"ਭਾਸ਼ਾ ਇਕ ਅਤਿਅੰਤ ਜਟਿਲ, ਮਹੱਤਵਪੂਰਨ ਅਤੇ ਚਿੰਨ੍ਹਾਤਮਕ ਮਾਨਵੀ ਵਰਤਾਰਾ ਹੈ ਜਿਸ ਦੇ ਮਾਧਿਅਮ ਦੁਆਰਾ ਵਿਚਾਰਾਂ ਅਤੇ ਭਾਵਨਾਵਾਂ ਦਾ ਆਦਾਨ ਪ੍ਰਦਾਨ ਕੀਤਾ ਜਾਂਦਾ ਹੈ।"[1] "ਭਾਸ਼ਾ ਸ਼ਬਦ ਦੀ ਨਿਰੁਕਤੀ ਸੰਸਕ੍ਰਿਤ ਧਾਤੂ 'ਭਾਸ਼' ਤੋਂ ਹੋਈ ਹੈ ਜਿਸਦੇ ਅਰਥ ਹਨ : ਬੋਲਣਾ, ਕਹਿਣਾ, ਸੰਬੋਧਨ ਕਰਨਾ, ਵਾਰਤਾਲਾਪ ਕਰਨਾ, ਨਿਰੂਪਣ ਕਰਨਾ, ਵਰਣਨ ਕਰਨਾ ਆਦਿ।"[2] "ਅੰਗ੍ਰੇਜ਼ੀ ਵਿਚ ਭਾਸ਼ਾ ਨੂੰ ਲੈਂਗੁਏਜ (Language) ਕਿਹਾ ਜਾਂਦਾ ਹੈ। ਇਸ ਸ਼ਬਦ ਦਾ ਮੂਲ ਲਾਤੀਨੀ 'ਲਿੰਗੁਆ' (Lingua) ਹੈ। ਲਾਤੀਨੀ ਵਿਚ ਲਿੰਗੁਆਂ ਦੇ ਅਰਥ 'ਜੀਭ' ਹਨ। ਇਹ ਅੰਗਰੇਜ਼ੀ ਦੇ ਇਕ ਹੋਰ ਸ਼ਬਦ 'ਟੰਗ' (Tongue) ਦਾ ਸਮਾਨਾਰਥੀ ਹੈ।"[3] ਭਾਸ਼ਾ ਇਕ ਅਜਿਹਾ ਮਾਧਿਆਮ ਹੈ ਜਿਸ ਦੁਆਰਾ ਵਿਚਾਰ ਅਤੇ ਇੱਛਾਵਾਂ ਪ੍ਰਗਟ ਕੀਤੀਆਂ ਜਾਂਦੀਆਂ ਹਨ। ਭਾਰਤ ਦੀਆਂ ਲਗਭਗ ਸਾਰੀਆਂ ਆਧੁਨਿਕ ਭਾਸ਼ਾਵਾਂ ਮੱਧਕਾਲ ਵਿਚ ਹੋਂਦ ਵਿਚ ਆਈਆਂ। ਇਨ੍ਹਾਂ ਦਾ ਜਨਮ ਭਾਰਤ ਵਿਚਲੀਆਂ ਵੱਖ-ਵੱਖ ਅਪਭ੍ਰੰਸ਼ਾਂ ਤੋਂ ਹੋਇਆ। ਇਸ ਸੰਬੰਧ 'ਚ ਜੇਕਰ ਪੰਜਾਬੀ ਭਾਸ਼ਾ ਬਾਰੇ ਗੱਲ ਕਰੀਏ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਭਾਸ਼ਾ ਵੀ ਅਪ੍ਰਭ੍ਰੰਸ਼ਾਂ ਸਮੇਂ ਹੀ ਪੁੰਗਰੀ ਬੇਸ਼ੱਕ ਪਿਛੋਕੜ ਇਸ ਦਾ ਘੋਰ ਪੁਰਾਣਾ ਸਿੱਧ ਹੁੰਦਾ ਹੈ ।

### 11.2 Objectives

ਪੰਜਾਬੀ ਭਾਸ਼ਾ ਦਾ ਇਤਿਹਾਸਕ ਵਿਕਾਸ ਸਾਨੂੰ ਪ੍ਰਤੱਖ ਦਸਦਾ ਹੈ ਕਿ ਪੰਜਾਬੀ ਭਾਸ਼ਾ ਦਾ ਪਿਛੋਕੜ ਭਾਰਤ ਦੀ ਪੁਰਾਤਨ ਭਾਸ਼ਾ ਵੈਦਿਕ ਭਾਸ਼ਾ ਨਾਲ ਹੈ। ਇਹ ਨਾ ਸਿਰਫ਼ ਚੌਖੀ ਪ੍ਰਾਚੀਨ ਭਾਸ਼ਾ ਹੈ ਬਲਕਿ ਵਿਕਾਸ ਦਾ ਇਕ ਲੰਬਾ ਪੈਂਡਾ ਤੈਅ ਕਰ ਕੇ ਅਜੋਕੇ ਸਮੇਂ ਤੱਕ ਪਹੁੰਚੀ ਹੈ। ਇਸ ਵਿਚ ਨਾ ਸਿਰਫ਼ ਪੰਜਾਬੀ ਮਾਨਸਿਕਤਾ ਅਤੇ ਉਸ ਨਾਲ ਸੰਬੰਧਿਤ ਸਮੱਸਿਆਵਾਂ ਨੂੰ ਅਭਿਵਿਅਕਤ ਕਰਨ ਲਈ ਅਮੁੱਕ ਸ਼ਬਦ ਭੰਡਾਰ ਹੈ ਬਲਕਿ ਮੁੱਕੰਮਲ ਵਾਕ ਬਣਤਰ ਵੀ ਹੈ। ਇਵੇਂ ਹੀ ਇਸਦੀ ਅਜੋਕੀ ਸਫ਼ਲ ਸਥਿਤੀ ਤੱਕ ਪਹੁੰਚਣ ਦਾ ਮੁੱਖ ਕਾਰਨ ਜਿੱਥੇ ਇਸ ਦਾ ਖੁਲ੍ਹਾ ਸੁਭਾ ਹੋਣਾ ਮੰਨਿਆ ਗਿਆ ਹੈ, ਉੱਥੇ ਪਰਿਵਰਤਨ ਦੇ ਹਰ ਝੁਕਾਅ ਨੂੰ ਕਬੂਲਣਾ ਵੀ ਮੰਨਿਆ ਗਿਆ ਹੈ। ਸ਼ਾਇਦ ਇਸੇ ਕਾਰਨ ਵਿਧਵਾਨ ਇਸ ਦੇ ਭਵਿੱਖ ਦੇ

ਉੱਜਵਲ ਹੋਣ ਬਾਰੇ ਵਿਚਾਰ ਪੇਸ਼ ਕਰਦੇ ਰਹੇ ਹਨ। ਸਪੱਸ਼ਟ ਹੈ ਇਵੇਂ ਇਹ ਭਾਸ਼ਾ ਭਵਿੱਖ ਵਿਚ ਵੀ ਲੋਕਾਂ ਦੇ ਬੋਲਚਾਲ ਅਤੇ ਸਾਹਿਤ ਸਿਰਜਨਾ ਦਾ ਮਾਧਿਅਮ ਬਣ ਨਿਰੰਤਰ ਵਿਕਾਸ ਕਰਦੀ ਰਹੇਗੀ।

## 11.3 (First content section)

ਪੰਜਾਬੀ ਭਾਸ਼ਾ ਭਾਰਤੀ ਆਰੀਆਈ ਪਰਿਵਾਰ (Indo Aryan Family) ਦੀ ਭਾਸ਼ਾ ਹੈ ਜੋ ਅੱਗੇ ਭਾਰਤੀ ਯੂਰਪੀ (Indo European) ਪਰਿਵਾਰ ਦੀ ਭਾਰਤੀ ਈਰਾਨੀ (Indo Iranian) ਸ਼ਾਖਾ ਨਾਲ ਸੰਬੰਧਿਤ ਹੈ। "ਭਾਰਤੀ ਯੂਰਪੀ ਪਰਿਵਾਰ ਵਿਚ ਮੁੱਖ ਰੂਪ ਵਿੱਚ ਦੋ ਭਾਸ਼ਾਈ ਪਰਿਵਾਰ ਸ਼ਾਮਿਲ ਹਨ ਜਿਨ੍ਹਾਂ ਨੂੰ ਕ੍ਰਮਵਾਰ ਭਾਰਤੀ ਈਰਾਨੀ ਪਰਿਵਾਰ ਤੇ ਭਾਰਤੀ ਯੂਰਪੀ ਪਰਿਵਾਰ ਵਿਚ ਵੰਡਿਆ ਜਾਂਦਾ ਹੈ।"[4] ਯੂਰਪੀ ਪਰਿਵਾਰ ਵਿਚ ਅੱਗੋਂ ਜਰਮੈਨਿਕ, ਸਕੈਂਡੀਨੇਵੀਅਨ, ਸਲਾਵਿਕ ਅਤੇ ਗਰੀਕ ਪਰਿਵਾਰ ਦੀਆਂ ਭਾਸ਼ਾਵਾਂ ਆ ਜਾਂਦੀਆਂ ਹਨ ਜਦੋਂ ਕਿ ਭਾਰਤੀ ਈਰਾਨੀ ਪਰਿਵਾਰ ਵਿਚ ਭਾਰਤ ਅਤੇ ਮੱਧ ਏਸ਼ੀਆ ਦੇ ਖੇਤਰ ਦੀਆਂ ਭਾਸ਼ਾਵਾਂ ਆ ਜਾਂਦੀਆਂ ਹਨ। ਭਾਰਤੀ ਆਰੀਆਈ ਪਰਿਵਾਰ ਨੂੰ ਇਤਿਹਾਸਕ ਵਿਕਾਸਕ੍ਰਮ ਦੀ ਦ੍ਰਿਸ਼ਟੀ ਤੋਂ ਤਿੰਨ੍ਹ ਵਰਗਾਂ ਵਿਚ ਰੱਖਿਆ ਜਾਂਦਾ ਹੈ। ਪਹਿਲੇ ਵਰਗ ਨੂੰ ਪ੍ਰਾਚੀਨ ਭਾਰਤੀ ਆਰੀਆਈ ਪਰਿਵਾਰ ਦੂਸਰੇ ਵਰਗ ਦੀਆਂ ਭਾਸ਼ਾਵਾਂ ਨੂੰ ਮੱਧਕਾਲੀ ਭਾਰਤੀ ਆਰੀਆਈ ਪਰਿਵਾਰ ਵਿਚ ਰੱਖਿਆ ਜਾਂਦਾ ਹੈ ਅਤੇ ਤੀਸਰੇ ਵਰਗ ਨੂੰ ਆਧੁਨਿਕ ਭਾਰਤੀ ਆਰੀਆਈ ਪਰਿਵਾਰ ਦੀ ਵੰਨਗੀ ਵਿਚ ਰੱਖਿਆ ਜਾਂਦਾ ਹੈ। ਪੰਜਾਬੀ ਭਾਸ਼ਾ ਦੇ ਇਤਿਹਾਸਕ ਵਿਕਾਸਕ੍ਰਮ ਦੇ ਪਹਿਲੇ ਦੌਰ ਨੂੰ ਪ੍ਰਾਇਤਿਹਾਸਕ ਦੌਰ ਦਾ ਨਾਂ ਦਿੱਤਾ ਜਾਂਦਾ ਹੈ ਕਿਉਂਕਿ ਇਸ ਸਮੇਂ ਦੌਰਾਨ ਭਾਸ਼ਾਵਾਂ ਦੇ ਵਿਕਾਸਕ੍ਰਮ ਨੂੰ ਉਲੀਕਣ ਹਿੱਤ ਕੋਈ ਲਿਖਤੀ ਦਸਤਾਵੇਜ਼ ਉਪਲਬਧ ਨਹੀਂ ਹੈ। ਭਾਰਤੀ ਯੂਰਪੀ ਪਰਿਵਾਰ ਤੋਂ ਲੈ ਕੇ ਭਾਰਤੀ ਈਰਾਨੀ ਪਰਿਵਾਰ ਤੱਕ ਦੇ ਸਮੇਂ ਨੂੰ ਪ੍ਰਇਤਿਹਾਸਕ ਦੌਰ ਵਿਚ ਸ਼ਾਮਿਲ ਕੀਤਾ ਜਾਂਦਾ ਹੈ ਜਦੋਂ ਕਿ ਇਸ ਤੋਂ ਬਾਅਦ ਵਾਲੇ ਸਮੇਂ ਨੂੰ ਪੰਜਾਬੀ ਭਾਸ਼ਾ ਦੇ ਇਤਿਹਾਸਕ ਦੌਰ ਵਜੋਂ ਸਵੀਕਾਰ ਕੀਤਾ ਜਾਂਦਾ ਹੈ ਕਿਉਂਕਿ ਇਸ ਸਮੇਂ ਦਾ ਲਿਖਤੀ ਇਤਿਹਾਸ ਉਪਲਬਧ ਹੈ, ਜਿਸ ਰਾਹੀਂ ਪੰਜਾਬੀ ਭਾਸ਼ਾ ਦੇ ਇਤਿਹਾਸਕ ਵਿਕਾਸ ਨੂੰ ਉਲੀਕਿਆ ਜਾਂਦਾ ਹੈ। ਇਸ ਬਾਅਦ ਵਾਲੇ ਮਹੱਤਵਪੂਰਨ ਪੰਜਾਬੀ ਭਾਸ਼ਾ ਦੇ ਇਤਿਹਾਸ ਨੂੰ ਠੀਕ ਪਰਿਪੇਖ ਵਿਚ ਰੱਖ ਕੇ ਵੇਖਣ ਲਈ ਅਸੀਂ ਹੇਠ ਲਿਖਿਤ ਪੜਾਅ ਬਣਾ ਸਕਦੇ ਹਾਂ :

1. ਮੁੱਢਲਾ ਦੌਰ – ਆਰੰਭ ਤੋਂ 1400 ਈ. ਤੱਕ
2. ਮਧੱਲਾ ਦੌਰ – 1400 ਈ. ਤੋਂ 1900 ਈ. ਤੱਕ
3. ਆਧੁਨਿਕ ਦੌਰ – 1900 ਈ. ਤੋਂ ਹੁਣ ਤੱਕ

**1. ਮੁੱਢਲਾ ਦੌਰ** : (ਆਰੰਭ ਤੋਂ 1400 ਈ. ਤੱਕ) ਇਸ ਕਾਲ ਦੇ ਪੰਜਾਬੀ ਸਾਹਿਤ ਅਧਿਐਨ ਤੋਂ

ਪਤਾ ਚਲਦਾ ਹੈ ਕਿ 9ਵੀਂ, 10ਵੀਂ ਸਦੀ ਵਿਚ ਪੰਜਾਬੀ ਸਾਹਿਤ ਹੋਂਦ ਵਿਚ ਆਉਣ ਲਗ ਪਿਆ ਸੀ। ਮੁਸਲਮਾਨ ਹਾਕਮਾਂ ਦੇ ਪੰਜਾਬ ਵਿਚ ਰਾਜ ਸਥਾਪਿਤ ਕਰਨ ਨਾਲ ਅਤੇ ਸੂਫ਼ੀ ਫ਼ਕੀਰਾਂ ਦੇ ਪ੍ਰਭਾਵ ਸਦਕੇ ਫ਼ਾਰਸੀ ਅਸਿੱਧੇ ਰੂਪ ਵਿਚ ਪੰਜਾਬ ਅੰਦਰ ਪ੍ਰਵੇਸ਼ ਕਰ ਗਈ ਸੀ। ਇਵੇਂ ਪੰਜਾਬੀ ਦਾ ਪਹਿਲੀ ਵਾਰ ਫ਼ਾਰਸੀ ਨਾਲ ਮੇਲ ਹੋਇਆ। ਇਹ ਮੇਲ ਹੋਰ ਵੀ ਵੱਧ ਗਿਆ, ਜਦੋਂ ਪੰਜਾਬ ਨੂੰ ਦਿੱਲੀ ਨਾਲੋਂ ਤੋੜ ਕੇ ਗਜ਼ਨੀ  ਦਾ ਭਾਗ ਬਣਾ ਲਿਆ ਗਿਆ। ਇਸ ਕਾਲ ਦੇ ਪ੍ਰਮੁੱਖ ਸਾਹਿਤਕਾਰਾਂ ਵਿਚ ਨਾਥ ਜੋਗੀ, ਸੂਫ਼ੀ, ਭਗਤ ਆਦਿ ਪ੍ਰਮੁੱਖ ਸਨ। ਗੋਰਖਨਾਥ, ਚਰਪਟ ਨਾਥ, ਜਲੰਧਰ ਨਾਥ ਆਦਿ ਪ੍ਰਮੁੱਖ ਨਾਥ ਕਵੀ ਹਨ ਜਿਨ੍ਹਾਂ ਦੀ ਰਚਨਾ ਸਾਨੂੰ ਇਸ ਕਾਲ ਵਿਚ ਪ੍ਰਾਪਤ ਹੁੰਦੀ ਹੈ। ਗੋਰਖਨਾਥ ਦੀ ਬਾਣੀ ਪੜ੍ਹ ਕੇ ਪਤਾ ਚਲਦਾ ਹੈ ਕਿ ਜਿੱਥੇ ਇਨ੍ਹਾਂ ਦੀ ਭਾਸ਼ਾ ਵਧੇਰੇ ਅਪ੍ਰਭੰਸ਼ਾਂ ਦੇ ਨੇੜੇ ਹੈ ਉੱਥੇ ਇਸ ਵਿਚ ਪੰਜਾਬੀ ਧੁਨੀਆਂ ਅਤੇ ਸ਼ਬਦਾਵਲੀ ਵੀ ਵੇਖਣ ਨੂੰ ਮਿਲਦੀ ਹੈ। ਉਨ੍ਹਾਂ ਦੀ ਬਾਣੀ ਵਿਚ ਨ ਦੀ ਥਾਂ ਣ, ਸ਼, ਦੀ ਥਾਂ ਖ, (ਕਸ਼ਾ) ਙ ਦੀ ਥਾਂ ਖਿਆ, ਯ ਦੀ ਥਾਂ ਜ ਧੁਨੀਆਂ ਮਿਲਦੀਆਂ ਹਨ। ਇਸੇ ਤਰ੍ਹਾਂ ਚਰਪਟ ਨਾਥ ਅਤੇ ਜਲੰਧਰ ਨਾਲ ਦੀ ਬਾਣੀ ਵਿਚ ਵੀ ਜਿੱਥੇ ਪੰਜਾਬੀ ਭਾਸ਼ਾ ਦੇ ਅੰਸ਼ ਮਿਲਦੇ ਹਨ ਉੱਥੇ ਅਪਭ੍ਰੰਸ਼ਾਂ ਦੇ ਤਦਭਵ ਰੂਪਾਂ ਦਾ ਪ੍ਰਯੋਗ ਵੀ ਦਿਸਦਾ ਹੈ ਅਤੇ ਨਾਲ-ਨਾਲ ਅਰਬੀ ਫ਼ਾਰਸੀ ਦੇ ਕੁਝ ਸ਼ਬਦਾਂ ਦਾ ਰਲਾਅ ਵੀ ਵੇਖਣ ਨੂੰ ਮਿਲਦਾ ਹੈ। ਇਸ ਕਾਲ ਦੇ ਕੁਝ ਨਾਥ ਕਵੀਆਂ ਦੀ ਪੰਜਾਬੀ ਭਾਸ਼ਾ ਦੇ ਕੁਝ ਰੂਪ ਉਦਾਹਰਣਾਂ ਵਜੋਂ ਇਵੇਂ ਪੇਸ਼ ਹਨ :

"ਲੰਮੀ ਖਿੰਥਾ ਝੋਲ ਮਝੋਲੀ। ਕੰਨ ਫੜਾਈ ਮੁਖਿ ਤੰਬੋਲਾ
ਦਿਹੈ ਭਿਖਿਆ ਰਾਤੀ ਰਸ ਭੋਗ ।
ਚਰਪਟੁ ਕਹੈ ਕਵਾਇਆ ਜੋਗੁ। (ਚਰਪਟ ਨਾਥ)
ਜੋ ਘਰ ਤਿਆਗ ਕਹਾਵੈ ਜੋਗੀ
ਘਰ ਵਾਸੀ ਕੋ ਕਹੈ ਜੁ ਭੋਗੀ
ਅੰਤਰ ਭਾਵ ਨਾ ਪਰਖੈ ਜੋਗੀ
ਗੋਰਖ ਬੋਲੈ ਮੂਰਖ ਸੋਈ॥ (ਗੋਰਖਨਾਥ)
ਸੁਨਿ ਮੰਡਲ ਮਨ ਕਾ ਬਾਸਾ
ਜਹਾਂ ਪ੍ਰੇਮ ਹੋਤਿ ਪ੍ਰਕਾਸਾ
ਆਪੈ ਪੂਛੇ ਆਪੈ ਕਹੈ
ਸਤਿਗੁਰੂ ਮਿਲੈ ਤੋ ਪ੍ਰੇਮ ਪਦ ਲਹੈ॥ (ਜਲੰਧਰ ਨਾਥ)

**ਫ਼ਰੀਦ ਬਾਣੀ** : ਫ਼ਰੀਦ ਜੀ ਦੀ ਬਾਣੀ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਦਰਜ ਮਿਲਦੀ ਹੈ। ਫਰੀਦ ਬਾਣੀ ਦੀ ਭਾਸ਼ਾ ਅਪਭ੍ਰੰਸ਼ ਮਿਸ਼ਰਤ ਲਹਿੰਦੀ ਪੰਜਾਬੀ (ਮੁਲਤਾਨੀ) ਹੈ। ਫ਼ਰੀਦ ਬਾਣੀ ਦੀ ਭਾਸ਼ਾ ਵਿਚ ਬਹੁਤੀਆਂ ਥਾਵਾਂ ਤੇ ਵਿਭਕਤੀਆਂ ਪਿਛੇਤਰਾਂ ਦੇ ਸੰਯੋਗ ਨਾਲ ਕਾਰਕੀ ਚਿੰਨ੍ਹਾਂ ਦੀ ਉਸਾਰੀ ਹੁੰਦੀ ਹੈ। ਜਿਵੇਂ ਕਿ:

ੳ) ਕਰਮ ਕਾਰਕ : ਵਾਕ ਵਿਚਲੇ ਸ਼ਬਦਾਂ ਦੇ ਅੰਤ ਵਿਚ ਔਕੜ, /-ਉ/ ਨੂੰ ਜੋੜ ਕੇ ਕਰਮ ਕਾਰਕ ਨੂੰ ਪ੍ਰਗਟ ਕੀਤਾ ਜਾਂਦਾ ਹੈ ਜਿਵੇਂ 'ਸੋ ਤਨੁ ਜਾਣ ਮਸਾਨੁ' ਵਿਚ 'ਤਨ' ਦੇ ਪਿੱਛੇ ਔਕੜ ਲਈ ਵਰਤਿਆ ਗਿਆ ਹੈ।

ਅ) ਕਰਣ ਕਾਰਕ : (ਐ) 'ਇੰਨੀ ਨਿਕੀ ਜੰਘੀਐ ਵਿਚ ।-ਐ । ਪਿਛੇਤਰ ਕਰਣ ਕਾਰਕ ਦਾ ਸੂਚਕ ਹੈ ਜਿਸ ਦਾ ਅਰਥ ਹੈ 'ਦੁਆਰਾ, ਨਾਲ, ਸਾਥ'।

ੲ) ਅਪਾਦਾਨ ਕਾਰਕ :।-ਹੁ ।ਜਿਵੇਂ ਮਰਣਹ, ਮੀਹਾਹੁ (ਫ਼ਰੀਦ)। ਇਨ੍ਹਾਂ ਸ਼ਬਦਾਂ ਦੇ ਅਖੀਰ 'ਤੇ 'ਹੁ' ਪਿਛੇਤਰ ਅਪਾਦਾਨ ਕਾਰਕੀ ਚਿੰਨ੍ਹ ਹੈ ਜਿਸ ਦਾ ਅਰਥ ਹੈ 'ਤੋਂ'।

ਸ) ਕਰਮਣੀ ਵਾਚ : ਫ਼ਰੀਦ ਭਾਸ਼ਾ ਵਿੱਚੋਂ ਉਦਾਹਰਣ ਜਿਵੇਂ ਕੀ, ਮਾਰੀਐ (ਮਾਰਿਆ ਜਾਂਦਾ ਹੈ) ਨਿੰਦੀਐ (ਨਿੰਦਿਆ ਜਾਂਦਾ ਹੈ)।

## 11.4 Second content section

**ਮੱਧਲਾ ਦੌਰ** :(1400-1900) ਇਸ ਦੌਰ ਨੂੰ ਨਾ ਸਿਰਫ਼ ਪੰਜਾਬੀ ਸਾਹਿਤ ਬਲਕਿ ਪੰਜਾਬੀ ਭਾਸ਼ਾ ਦੇ ਇਤਿਹਾਸ ਦਾ ਵੀ ਸੁਨਹਿਰੀ ਦੌਰ ਕਿਹਾ ਜਾਂਦਾ ਹੈ। ਇਸ ਕਾਲ ਵਿਚ ਪੰਜਾਬੀ ਭਾਸ਼ਾ ਦਾ ਨਾ ਕੇਵਲ ਮੁਹਾਂਦਰਾ ਸਥਾਪਿਤ ਹੋਇਆ, ਬਲਕਿ ਪੰਜਾਬੀ ਸਾਹਿਤ ਨੇ ਵੀ ਕਾਫ਼ੀ ਉਨੱਤੀ ਕੀਤੀ। ਡਾ. ਪ੍ਰੇਮ ਪ੍ਰਕਾਸ਼ ਸਿੰਘ ਪੰਜਾਬੀ ਭਾਸ਼ਾ ਦੇ ਵਿਕਾਸ ਦਾ ਅਧਿਐਨ ਕਰਦਿਆਂ ਮੱਧ ਕਾਲ ਨੂੰ ਦੋ ਭਾਗਾਂ ਵਿਚ ਵੰਡਦੇ ਹਨ :

1. ਮੱਧਕਾਲ ਦਾ ਪਹਿਲਾ ਅੱਧ : 1400 ਤੋਂ 1700 ਤੱਕ
2. ਮੱਧਕਾਲ ਦਾ ਦੂਜਾ ਅੱਧ : 1700 ਤੋਂ 1900 ਤੱਕ

1. ਮੱਧਕਾਲ ਦਾ ਪਹਿਲਾ ਅੱਧ : (1400 ਤੋਂ 1700 ਈ. ਤੱਕ) "ਇਸ ਕਾਲ ਨੂੰ ਗੁਰੂ ਕਾਲ ਵੀ ਕਿਹਾ ਜਾਂਦਾ ਹੈ।"[5] ਇਸ ਕਾਲ ਵਿਚ ਬਹੁਤ ਸਾਰੀਆਂ ਸਾਹਿਤਕ ਵੰਨਗੀਆਂ ਪ੍ਰਪੁੱਲਿਤ ਹੋਈਆਂ ਜਿਵੇਂ ਗੁਰਬਾਣੀ ਸਾਹਿਤ, ਜਨਮ ਸਾਖੀ ਸਾਹਿਤ, ਪਰਚੀ ਸਾਹਿਤ, ਬਚਨ ਰਹਿਤਨਾਮੇ, ਟੀਕਾ ਸਾਹਿਤ, ਸੂਫ਼ੀ ਸਾਹਿਤ, ਵਾਰ ਸਾਹਿਤ, ਕਿੱਸਾ ਸਾਹਿਤ ਆਦਿ। ਇਸ ਕਾਲ ਵਿਚ ਮੁਸਲਮਾਨ ਰਾਜ ਪੱਕੇ ਤੌਰ ਤੇ

ਸਥਾਪਿਤ ਹੋ ਗਿਆ ਸੀ ਅਤੇ ਜੋ ਇਸ ਕਾਲ ਦੇ ਅੰਤ ਤੱਕ ਸਥਾਪਿਤ ਰਿਹਾ। ਉਪਰੋਕਤ ਸਾਹਿਤ ਵੰਨਗੀਆਂ ਦੇ ਆਧਾਰ ਤੇ ਇਸ ਕਾਲ ਦੀ ਭਾਸ਼ਾ ਸੰਬੰਧੀ ਗੱਲ ਕਰੀਏ ਤਾਂ ਅਸੀਂ ਇਹ ਗੱਲ ਕਹਿ ਸਕਦੇ ਹਾਂ ਕਿ ਇਸ ਕਾਲ ਦੇ ਸਾਹਿਤ ਵਿਚ ਲਹਿੰਦੀ ਭਾਸ਼ਾ ਦੀ ਵਰਤੋਂ ਆਮ ਵੇਖਣ ਨੂੰ ਮਿਲਦੀ ਹੈ। ਗੁਰਮਤਿ ਕਾਵਿ ਦੇ ਲਗਭਗ ਸਾਰੇ ਗੁਰੂ ਸਾਹਿਬਾਨਾਂ ਦੀ ਰਚਨਾਵਾਂ ਵਿਚ ਲਹਿੰਦੀ ਦੀ ਵਰਤੋਂ ਕਾਫ਼ੀ ਮਾਤਰਾ ਵਿਚ ਹੋਈ ਹੈ ਜਿਵੇਂ :

"ਤੂੰ ਕਰਤਾ ਸਚਿਆਰ ਮੈਡਾ ਸਾਈਂ

ਜੇ ਤਉ ਭਾਵੈ ਸੋਈ ਥੀਸੀ, ਜੋ ਤੂੰ ਦੇਹਿ ਸੋਈ ਹਉ ਪਾਈ।"

ਇਸੇ ਕਾਲ ਦੇ ਪ੍ਰਮੁੱਖ ਕਿੱਸਾਕਾਰ ਦਮੋਦਰ ਦੀ ਰਚਨਾ 'ਹੀਰ' ਅਤੇ ਜਨਮ ਸਾਖੀ ਪਰਚੀ ਸਾਹਿਤ ਵਿਚ ਵੀ ਲਹਿੰਦੀ ਦੀ ਵਰਤੋਂ ਹੋਈ ਆਮ ਮਿਲਦੀ ਹੈ ਜਿਵੇਂ ਕੀ :

"ਹਿਕੇ ਭਾ ਦੀਜੇ ਤੋੜ ਪਠਾਣਾ, ਸਿੰਧੋ ਪਾਰ ਚੜ੍ਹੀਹਾਂ

ਹਿੱਕੇ ਕਵੀਹਾਂ ਅਕਬਰ ਗਾਜ਼ੀ, ਕੱਛਾ ਆਪ ਕਛੀਹਾਂ।"

"ਸਭੇ ਆਈਆਂ ਸੀਸ ਗੁੰਦਾਇਣ

ਕਾਈ ਨਾ ਆਈਆ ਹਾਲ ਵੰਡਾਇਣ"

ਇਸ ਕਾਲ ਵਿਚ ਪਹੁੰਚ ਕੇ ਭਾਵੇਂ ਪੰਜਾਬੀ ਭਾਸ਼ਾ ਨੇ ਅਪਭ੍ਰੰਸ਼ਾਂ ਨੂੰ ਤਿਆਗ ਕੇ ਆਪਣਾ ਮੂਲ ਰੂਪ ਧਾਰਨ ਕਰ ਲਿਆ ਸੀ ਪਰੰਤੂ ਫੇਰ ਵੀ ਕਿਧਰੇ ਕਿਧਰੇ ਅਪਭ੍ਰੰਸ਼ਾਂ ਦਾ ਪ੍ਰਭਾਵ ਵੇਖਣ ਨੂੰ ਮਿਲਦਾ ਹੈ। ਜਿਵੇਂ ਗੁਰਬਾਣੀ ਦੀਆਂ ਹੇਠ ਲਿਖੀਆਂ ਸਤਰਾਂ :

"ਉਤੇਗੀ ਪੈਓਹਰੀ ਗਹਿਰ ਗੰਭੀਰੀ

ਸਸੁੜਿ ਸੋਹੀਆ ਕਿਆ ਕਰੇ ਨਿਵਣੁ ਨਾ ਜਾਇ ਥਣੀ॥

ਇਵੇਂ ਹੀ ਗੁਰਬਾਣੀ ਵਿਚਲੀ ਪੰਜਾਬੀ ਭਾਸ਼ਾ ਵਿਚ ਅਪਭ੍ਰੰਸ਼ਾਂ ਦੇ ਨਾਲ-ਨਾਲ ਸੰਸਕ੍ਰਿਤੀ ਦੀ ਵਰਤੋਂ ਵੀ ਕੀਤੀ ਮਿਲਦੀ ਹੈ। ਇਸ ਬੋਲੀ ਦੀ ਵਰਤੋਂ ਦੀ ਖ਼ੂਬਸੂਰਤ ਉਦਾਹਰਨ ਸਾਨੂੰ ਸੁਖਮਨੀ ਸਾਹਿਬ ਵਿਚ ਵਿਖਾਈ ਦਿੰਦੀ ਹੈ :

"ਆਦਿ ਗੁਰਏ ਨਮਹ । ਜੁਗਾਦਿ ਗੁਰਏ ਨਮਹ।

ਸਤਿਗੁਰਏ ਨਮਹ । ਸ੍ਰੀ ਗੁਰਦੇਵਏ ਨਮਹ ।"

ਪੰਜਾਬੀ ਭਾਸ਼ਾ ਅਤੇ ਇਸਦੇ ਸ਼ਬਦ ਭੰਡਾਰ ਵਿਚ ਅਰਬੀ ਫ਼ਾਰਸੀ ਦੇ ਵੀ ਅਨੇਕ ਸ਼ਬਦ ਇਸ ਕਾਲ ਵਿਚ ਪ੍ਰਵੇਸ਼ ਕਰ ਗਏ ਸਨ। ਡਾ. ਹਰਕੀਰਤ ਸਿੰਘ ਅਨੁਸਾਰ ਅਰਬੀ-ਫ਼ਾਰਸੀ ਸ਼ਬਦ ਅੱਜ ਤੋਂ ਕੋਈ ਇਕ ਹਜ਼ਾਰ ਸਾਲ ਪਹਿਲਾਂ ਪੰਜਾਬੀ ਵਿਚ ਰਲ ਕੇ ਸ਼ੁਰੂ ਹੋ ਗਏ ਸਨ ਪਰ ਇਸ ਕਾਲ ਵਿਚ ਇਹ ਗਿਣਤੀ ਹੋਰ ਵੀ ਵੱਧ ਗਈ ਸੀ। ਸਿੱਖ ਗੁਰੂ ਸਾਹਿਬਾਨਾਂ, ਸੂਫ਼ੀਆਂ, ਭਗਤਾਂ ਤੋਂ ਇਲਾਵਾ ਕਿੱਸਾਕਾਰਾਂ ਆਦਿ ਕੋਈ ਵੀ ਹੋਵੇ, ਉਨ੍ਹਾਂ ਦੀਆਂ ਰਚਨਾਵਾਂ ਵਿਚ ਸਾਨੂੰ ਅਰਬੀ ਫ਼ਾਰਸੀ ਸ਼ਬਦਾਵਲੀ ਦੀ ਵਰਤੋਂ ਹੋਈ ਆਮ ਮਿਲਦੀ ਹੈ। ਜਪੁਜੀ ਸਾਹਿਬ ਵਿਚ ਤੀਹ, ਗੁਰੂ ਅਮਰਦਾਸ ਜੀ ਦੀ ਰਚਨਾ 'ਚ 14, ਗੁਰੂ ਅਰਜਨ ਦੇਵ ਜੀ ਦੀ ਰਚਨਾ ਬਾਰਾਮਾਹ ਵਿਚ ਤੀਹ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਪੰਜਵੀਂ ਵਾਰ 'ਚ ਸੱਠ ਤੋਂ ਵਧੀਕ ਸ਼ਬਦ ਇਸ ਦੀਆਂ ਉਦਾਹਰਣਾਂ ਹਨ। ਕਿੱਸਾਕਾਰਾਂ ਵਿਚ ਦਮੋਦਰ ਤੋਂ ਇਲਾਵਾ ਪੀਲੂ, ਹਾਫਜ਼ ਬਰਖੁਰਦਾਰ ਇਸ ਕਾਲ ਦੇ ਪ੍ਰਸਿੱਧ ਕਿੱਸਾਕਾਰ ਹਨ। ਹਾਫ਼ਜ਼ ਬਰਖੁਰਦਾਰ ਦੀ ਕਵਿਤਾ ਵਿਚ ਤਾਂ ਫ਼ਾਰਸੀ ਸ਼ਬਦਾਂ ਦੀ ਭਰਮਾਰ ਹੈ :

"ਸੁਰਤਏਸ ਹਿਸਾਬੋ ਬਾਹਰ, ਕਿਆ ਕਿਆ ਸਿਫ਼ਤ ਕਰੀਵੇ
ਮੂੰਹ ਮਹਿਤਾਬ, ਸਨੋਬਰ ਕਾਮਤ, ਅੱਖੀ ਰੋਸ਼ਨ ਥੀਵੇ।"

ਇਸ ਕਾਲ ਦੀ ਵਾਰਤਕ ਬਾਰੇ ਡਾ. ਹਰਕੀਰਤ ਸਿੰਘ ਦਾ ਕਹਿਣਾ ਹੈ ਕਿ ਸਤਾਰ੍ਹਵੀਂ ਸਦੀ ਦੀ ਭਾਸ਼ਾ ਅਜੋਕੀ ਭਾਸ਼ਾ ਨਾਲੋਂ ਵਧੇਰੇ ਸੰਯੋਗਾਤਮਿਕ ਹੈ, ਪਰ ਗੁਰਬਾਣੀ ਦੀ ਭਾਸ਼ਾ ਨਾਲੋਂ ਕਾਫ਼ੀ ਘਟ ਸੰਜੋਗਾਤਮਕ ਹੈ ਗੁਰਬਾਣੀ ਵਾਲੇ ਬਹੁਤ ਸਾਰੇ ਕਾਰਕੀ ਪਿਛੇਤਰ ਇਸ ਕਾਲ ਦੀਆਂ ਪ੍ਰਾਪਤ ਜਨਮ ਸਾਖੀਆਂ ਵਿਚ ਨਹੀਂ ਮਿਲਦੇ, ਪਰ ਕੁਝ ਕਾਰਕੀ ਪਿਛੇਤਰ ਅਜੇ ਵੀ ਵਰਤੇ ਜਾ ਰਹੇ ਹਨ ਜਿਵੇਂ :

"ਜਾਂਦੇ ਜਾਂਦੇ ਦੇਖਨੁ ਤਉ ਰਾਹਿ ਬੈਠਾ ਇਕ ਧਰਮ ਸਾਲ ਚਕਾਇਦਾ ਹੈ।

(ਜਨਮਸਾਖੀ ਭਾਈ ਬਲਾ ਜੀ)

**ਮੱਧਕਾਲ ਦਾ ਦੂਜਾ ਅੱਧ** (1700 ਤੋਂ 1900 ਈ. ਤੱਕ) : ਵਿਦਵਾਨਾਂ ਨੇ ਇਸ ਕਾਲ ਨੂੰ ਪਰਿਪੱਕਤਾ ਦਾ ਕਾਲ ਕਿਹਾ ਹੈ। ਇਸ ਪਰਿਪੱਕਤਾ ਵਿਚ ਉਹ ਪੰਜਾਬੀ ਸਾਹਿਤ ਦੇ ਨਾਲ-ਨਾਲ ਪੰਜਾਬੀ ਭਾਸ਼ਾ ਨੂੰ ਵੀ ਸ਼ਾਮਿਲ ਕਰਦੇ ਹਨ। ਇਵੇਂ ਇਹ ਕਾਲ ਕਿੱਸਾ ਕਾਵਿ, ਸੂਫ਼ੀ ਕਾਵਿ ਅਤੇ ਬੀਰ ਕਾਵਿ ਦੇ ਨਾਲ-ਨਾਲ ਪੰਜਾਬੀ ਭਾਸ਼ਾ ਦਾ ਪਰਿਪੱਕਤਾ ਦਾ ਕਾਲ ਹੈ। ਪੁਰਾਤਨ ਪੰਜਾਬੀ ਵਾਰਤਕ ਵੀ ਇਸ ਕਾਲ ਵਿਚ ਖ਼ੂਬ ਨਿਖਰੀ ਅਤੇ ਵਿਕਸਿਤ ਹੋਈ। ਹੀਰ ਵਾਰਿਸ, ਸੱਸੀ ਹਾਸ਼ਮ ਅਤੇ ਵਾਰ ਨਜਾਬਤ ਇਸ ਕਾਲ ਦੀਆਂ ਪ੍ਰਮੁੱਖ ਰਚਨਾਵਾਂ ਹਨ। ਇਸ ਕਾਲ ਵਿਚ ਪਹੁੰਚ ਕੇ ਭਾਸ਼ਾ ਦਾ ਰੂਪ ਸਥਿਰ ਹੋ ਗਿਆ ਹੈ। ਭਾਸ਼ਾ ਅਜ ਵਾਂਗੂ ਵਿਯੋਗਾਤਮਕ ਹੈ। ਲਿਖਿਤ ਭਾਸ਼ਾ ਵਿਚ ਕਿਤੇ-ਕਿਤੇ ਕਾਰਕੀ ਪਿਛੇਤਰ ਮਿਲਦੇ ਹਨ, ਪਰ

ਨਾਲ-ਨਾਲ ਸੰਬੰਧਕ ਵੀ ਵਰਤੇ ਹੋਏ ਹਨ। ਇਸ ਤਰ੍ਹਾਂ ਕਾਰਕੀ ਪਿਛੇਤਰ ਦੀ ਕੋਈ ਵਿਆਕਰਣਕ ਮਹੱਤਾ ਨਹੀਂ ਰਹਿ ਜਾਂਦੀ। ਅੱਜ ਵਾਲੇ ਸਾਰੇ ਸੰਬੰਧਕ ਮੌਜੂਦ ਹਨ। ਸਹਾਇਕ ਕ੍ਰਿਆਵਾਂ ਲਗਭਗ ਹਰ ਕ੍ਰਿਆ ਰੂਪ ਨਾਲ ਵਰਤੀਆਂ ਜਾਣ ਲਗੀਆਂ ਸਨ। ਨਾਵਾਂ ਦੇ ਰੂਪ ਵੀ ਅੱਜ ਵਾਲੇ ਹਨ। ਬਹੁਵਚਨ ਬਣਾਉਣ ਦੇ ਨਿਯਮ ਵੀ ਅੱਜ ਵਾਂਗ ਹੀ ਹਨ। ਇਸ ਕਾਲ ਦੀ ਭਾਸ਼ਾ ਵਿਚ ਸੰਯੁਕਤ ਵਿਅੰਜਨ ਬਹੁਤ ਘਟ ਹਨ। (ਯ) ਦੀ ਵਰਤੋਂ ਕਾਫ਼ੀ ਹੁੰਦੀ ਹੈ। ਜਿਵੇਂ ਗਯਾਨੀ, ਗਯਾ, ਆਯਾ, ਆਦਿਕ ਸ਼ਬਦ ਜੋੜ ਵਰਤੇ ਗਏ ਹਨ। ਪਰ ਉਚਾਰਨ ਦੀ ਥਾਂ (ਯ) ਸ੍ਵਰ ਆ ਚੁੱਕਾ ਸੀ। ਇਸ ਲਈ ਗਾਇਆ, ਆਇਆ ਰੁਪੈਆ ਆਦਿ ਜਦੋਂ ਵੀ ਮਿਲਦੇ ਹਨ ਪੂਰਨ ਉਚਾਰੇ ਜਾਂਦੇ ਹਨ।

ਅਰਬੀ-ਫ਼ਾਰਸੀ ਦੀ ਵਰਤੋਂ ਇਸ ਕਾਲ ਵਿਚ ਵੀ ਪ੍ਰਮੁੱਖਤਾ ਨਾਲ ਹੋਈ ਹੈ। ਫ਼ਾਰਸੀ ਨੇ ਪੰਜਾਬੀ ਦੇ ਸ਼ੁਧ ਵਿਆਕਰਨਕ ਖੇਤਰ ਨੂੰ ਛੱਡ ਕੇ ਬਾਕੀ ਸਾਰੇ ਅੰਗਾਂ ਉੱਤੇ ਪੂਰਾ ਤਤਸਮ ਪ੍ਰਭਾਵ ਪਾਇਆ ਹੈ। ਇਸ ਸੰਦਰਭ ਵਿਚ ਭਾਵੇਂ ਸੂਫ਼ੀ, ਕਿੱਸਾ ਜਾਂ ਬੀਰ ਕਾਵਿ ਨੂੰ ਲੈ ਲਈਏ ਇਸ ਕਾਲ ਵਿਚ ਰਚੇ ਕਾਵਿ ਵਿਚ ਫ਼ਾਰਸੀ ਸ਼ਬਦਾਵਲੀ ਦੀ ਖੁਲ੍ਹ ਕੇ ਵਰਤੋਂ ਹੋਈ ਮਿਲਦੀ ਹੈ। ਅਰਬੀ ਫ਼ਾਰਸੀ ਸ਼ਬਦਾਵਲੀ ਦੇ ਸ਼ਬਦ ਜੋ ਖੁਲ੍ਹ ਕੇ ਸੂਫ਼ੀ, ਕਿੱਸਾ ਕਾਵਿ ਵਿਚ ਵਰਤੇ ਗਏ ਹਨ ਉਨ੍ਹਾਂ ਵਿੱਚੋਂ ਕੁਝ ਇਵੇਂ ਹਨ ਜ਼ਾਲਿਮ, ਮੁੱਖੱਦਮ, ਅਲਸਤ, ਸੁਰਾ, ਮੁਸ਼ਕਿਲ, ਇਸ਼ਕ, ਮਹੱਬਤ, ਮੁਰਸ਼ਦ, ਉਲਫ਼ਤ, ਇਤਫ਼ਾਕ, ਫਰਸ਼, ਹੁਕਮ, ਹਸ਼ਰ, ਰਬ, ਫਿਰਾਕ, ਨਫ਼ਾ, ਖਾਕ, ਨਾਮੂਨ, ਜਫ਼ਰ ਬਾਦਸ਼ਾਹ, ਜ਼ਿਮੀ, ਸਵਾਰੀ, ਖੌਫ਼, ਖ਼ੁਦਾ, ਹਮਾਇਤ, ਸੂਰਤ, ਪ੍ਰੇਸ਼ਾਨੀ, ਮੇਹਰ, ਗੁਮਾਨੀ, ਤੌਫ਼ੀਕ, ਸੁਬਾਹ, ਤਵਕਲ ਆਦਿ।

ਧੁਨੀ ਵਿਉਂਤ ਦੀ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਫ਼ਾਰਸੀ ਦੀਆਂ ਧੁਨੀਆਂ ਗ਼, ਜ਼, ਫ਼, ਸ਼, ਖ਼, ਦਾ ਪ੍ਰਯੋਗ ਹੋਣ ਲਗਾ। ਇਵੇਂ ਪਹਿਲੇ ਜਿੱਥੇ ਪੰਜਾਬੀ ਵਿਚ ਜ਼, ਦੀ ਥਾਂ ਦ ਦਾ ਪ੍ਰਯੋਗ ਹੁੰਦਾ ਸੀ, (ਜਿਵੇਂ ਨਦਰ) ਹੁਣ ਪਹਿਲੀ ਵਾਰ ਦ ਦੀ ਥਾਂ ਜ਼ ਨੇ ਲੈ ਲਈ । ਇਵੇਂ ਇਸ ਕਾਲ ਨਾਲ ਫ਼ਾਰਸੀ ਅਗੇਤਰ ਜਿਵੇਂ ਕਮ (ਕਮਉਮਰ, ਕਮਜ਼ੋਰ) ਗ਼ੈਰ (ਗ਼ੈਰ ਕਾਨੂੰਨੀ) ਆਦਿ ਵੀ ਪੰਜਾਬੀ ਵਿਚ ਪ੍ਰਵੇਸ਼ ਕਰ ਗਏ। ਇਸ ਕਾਲ ਦੀ ਪੰਜਾਬੀ ਨੇ ਹੋਰ ਵਿਕਾਸ ਉਸ ਵੇਲੇ ਵੀ ਕੀਤਾ ਜਦ ਇਸ ਵਿਚ ਸਮਾਸ, ਮੁਹਾਵਰੇ, ਤਤਸਮ, ਯੋਜਕ ਆਦਿ ਵੀ ਪ੍ਰਵੇਸ਼ ਕਰ ਗਏ। ਇਸ ਸੰਬੰਧ ਵਿਚ ਮੈਦਾਨਿ, ਜੰਗ, ਅਗਰ, ਬਲਕਿ, ਬਸਰਤਿਕਿ, ਉੱਥੇ, ਚੂੰਕਿ, ਮਗਰ, ਅਗਰ, ਖੁਦਾ ਨਾ ਖਾਸਤਾ, ਇਜ਼ਰਾਇਲ ਖੇੜਾ, ਕਿੱਸਾ ਕੋਤਾਹ, ਖ਼ਤਮਸ਼ੁਦ ਆਦਿ ਪ੍ਰਮੁੱਖ ਸਮਾਸ ਤੇ ਤਤਸਮ ਯੋਜਕ ਹਨ।

## 11.5 Third content section

**ਆਧੁਨਿਕ ਦੌਰ** – 1900 ਤੋਂ ਹੁਣ ਤੱਕ :

ਵਿਦਵਾਨਾਂ ਨੇ ਆਧੁਨਿਕ ਕਾਲ ਨੂੰ ਭਾਸ਼ਾ ਅਤੇ ਸਾਹਿਤ ਦੇ ਸੰਦਰਭ ਵਿਚ ਵਾਚਣ ਲਈ ਤਿੰਨ੍ਹ ਕਾਲਾਂ ਜਿਵੇਂ ਕੀ ਪਹਿਲਾ ਕਾਲ 1850 ਈ. ਤੋਂ 1900 ਈ. ਤੱਕ, ਦੂਜਾ ਕਾਲ 1900 ਈ. ਤੋਂ 1947 ਅਤੇ ਤੀਜਾ ਕਾਲ 1947 ਈ. ਤੋਂ ਲੈ ਕੇ ਹੁਣ ਤੱਕ, ਵਿਚ ਵੰਡਿਆ ਹੈ ਕਿਉਂਕਿ ਇਸ ਕਾਲ ਵਿਚ ਪਰਿਸਥਿਤੀਆਂ ਤੇਜ਼ੀ ਨਾਲ ਬਦਲਦੀਆਂ। ਇਸ ਕਾਲ ਵਿਚ ਨਾ ਸਿਰਫ਼ ਦੇਸ਼ ਵੰਡ ਹੋਈ ਸਗੋਂ ਪੰਜਾਬ ਦਾ ਵੀ ਪੁਨਰਗਠਨ ਹੋਇਆ। ਇਵੇਂ ਹੀ ਇਸ ਕਾਲ ਵਿਚ ਅੰਗ੍ਰੇਜ਼ੀ ਰਾਜ ਦੀ ਸਥਾਪਨਾ ਕਾਰਨ ਅੰਗ੍ਰੇਜ਼ੀ, ਫਰਾਂਸੀਸੀ, ਪੁਰਤਗਾਲੀ ਅਤੇ ਹੋਰ ਯੂਰਪੀਅਨ ਭਾਸ਼ਾਵਾਂ ਦੇ ਬਹੁਤ ਸਾਰੇ ਸ਼ਬਦ ਪੰਜਾਬੀ ਸ਼ਬਦ ਭੰਡਾਰ ਵਿਚ ਸ਼ਾਮਿਲ ਹੋ ਗਏ। ਇਸ ਤੋਂ ਇਲਾਵਾ ਪੰਜਾਬੀ ਦੇ ਵਿਕਾਸ ਲਈ ਕੁਝ ਕਦਮ ਵੀ ਚੁੱਕੇ ਗਏ ਜਿਵੇਂ ਕੀ ਵਿਦਿਅਕ ਪੱਧਰ ਤੇ ਪੰਜਾਬੀ ਨੂੰ ਵਿਦਿਆ ਦਾ ਮਾਧਿਅਮ ਬਣਾਉਣ ਲਈ ਇਸ ਨੂੰ ਯੂਨੀਵਰਸਿਟੀ ਲੈਵਲ ਤਕ ਪੜ੍ਹਾਉਣਾ ਸ਼ੁਰੂ ਕਰ ਦਿੱਤਾ, ਉੱਥੇ ਪੰਜਾਬੀ ਭਾਸ਼ਾ ਵਿਭਾਗ, ਸਾਹਿਤ ਅਕੈਡਮੀ ਦੀ ਵੀ ਸਥਾਪਨਾ ਕਰ ਦਿੱਤੀ। ਜਿਸ ਕਾਰਨ ਪੰਜਾਬੀ ਹੁਣ ਲੋਕ ਭਾਸ਼ਾ ਹੀ ਨਹੀਂ ਬਲਕਿ ਵਿਦਵਾਨਾਂ ਅਤੇ ਬੁੱਧੀਜੀਵੀਆਂ ਦੀ ਭਾਸ਼ਾ ਬਣ ਗਈ। ਸਰਕਾਰੀ/ਗ਼ੈਰ ਸਰਕਾਰੀ ਦਫ਼ਤਰੀ ਕੰਮਕਾਜ ਜਦ ਨਿਯਮ ਬੱਧ ਤੌਰ ਤੇ ਪੰਜਾਬੀ ਭਾਸ਼ਾ ਵਿਚ ਹੋਣ ਲਗੇ ਤਾਂ ਇਸਦਾ ਹੋਰ ਵਿਕਾਸ ਹੋਇਆ। ਸ਼ਬਦ ਕੋਸ਼ਾਂ, ਵਿਆਕਰਣ ਦੀ ਪ੍ਰਕਾਸ਼ਨਾ ਇਸੇ ਸੰਦਰਭ 'ਚ ਵਿਕਾਸ ਨਾਲ ਜੁੜੀ ਇਕ ਹੋਰ ਕੜੀ ਹੈ। ਲੇਖਕਾਂ ਕਵੀਆਂ ਨੇ ਜਦ ਵੱਖ-ਵੱਖ ਪੰਜਾਬੀ ਉਪ-ਬੋਲੀਆਂ ਦੀ ਸ਼ਬਦਾਵਲੀ ਨੂੰ ਖੁਲ੍ਹ ਕੇ ਅਪਣਾਇਆ ਤਾਂ ਸਿੱਟੇ ਵਜੋਂ ਕੇਂਦਰੀ ਪੰਜਾਬੀ ਵਿਚ ਉਪ ਭਾਸ਼ਾਈ ਮਿਸ਼ਰਣ ਉਭਰ ਕੇ ਸਾਹਮਣੇ ਆਇਆ। ਇਸ ਕਾਰਨ ਟਕਸਾਲੀ ਕੇਂਦਰੀ ਪੰਜਾਬੀ ਭਾਸ਼ਾ ਦੇ ਨਾਲ-ਨਾਲ ਇਸ ਦੀਆਂ ਉਪਭਾਸ਼ਾਵਾਂ (ਮਾਝੀ, ਮਲਵਈ, ਪੋਠੋਹਾਰੀ, ਮੁਲਤਾਨੀ, ਦੁਆਬੀ) ਆਦਿ ਵਿਚ ਵੀ ਤਕੜਾ ਸਾਹਿਤ ਉਭਰਨ ਲਗਾ। ਬੇਸ਼ੱਕ ਵਰਤਮਾਨ 'ਚ ਲਿਖਿਤ ਪੰਜਾਬੀ ਵਿਚ ਵਾਕਾਂ ਦਾ ਰੂਪ ਪੁਰਾਣੀਆਂ ਪੰਜਾਬੀ ਰਚਨਾਵਾਂ ਦੇ ਵਾਕਾਂ ਨਾਲੋਂ ਫ਼ਰਕ ਵਾਲਾ ਹੈ ਭਾਵ ਆਧੁਨਿਕ ਰਚਨਾਵਾਂ ਵਿਚ ਸੰਯੁਕਤ ਤੇ ਮਿਸ਼ਰਿਤ ਵਾਕਾਂ ਦੀ ਗਿਣਤੀ ਜਿੱਥੇ ਵੱਧ ਗਈ ਹੈ ਉੱਥੇ ਪੁਰਾਣੀ ਪੰਜਾਬੀ ਵਿਚ ਸਧਾਰਨ ਵਾਕ ਹੀ ਵਰਤੇ ਜਾਂਦੇ ਸਨ। ਪੰਜਾਬੀ ਵਿਚ ਜਿਹੜੀ ਪ੍ਰਵਿਰਤੀ ਅਜੋਕੇ ਯੁੱਗ ਵਿਚ ਵਧੇਰੇ ਜ਼ੋਰ ਪਕੜ ਗਈ ਹੈ। ਤਤਸਮ ਦੀ ਪ੍ਰਵਿਰਤੀ ਹੈ। ਭਾਵ ਦੂਜੀਆਂ ਭਾਸ਼ਾਵਾਂ ਦੀ ਸ਼ਬਦਾਵਲੀ ਨੂੰ ਇੰਨ ਬਿੰਨ ਅਪਣਾ ਲੈਣਾ। ਤਤਸਮਤਾ ਦੀ ਪ੍ਰਵਿਰਤੀ ਨੂੰ ਅਪਨਾਉਣ ਦਾ ਮੁੱਖ ਕਾਰਨ ਹੈ ਪੰਜਾਬੀ ਨੂੰ ਨਵੇਂ ਵਿਸ਼ਿਆਂ ਦੇ ਅਧਿਆਪਨ ਲਈ ਅਪਨਾਉਣਾ। ਪੰਜਾਬੀ ਦੇ ਉੱਚ ਪੱਧਰ ਦੀ ਸਿੱਖਿਆਂ ਵਿਚ ਦਫ਼ਤਰੀ ਕੰਮ ਕਾਜ ਵਿਚ ਵੱਖ-ਵੱਖ ਪ੍ਰੀਖਿਆ ਲਈ ਵਰਤੋਂ ਵਿਚ ਨਵੀਂ-ਨਵੀਂ ਸ਼ਬਦਾਵਲੀ ਦੀ ਲੋੜ ਸੀ। ਪੰਜਾਬੀ ਦੇ ਵਧੇਰੇ ਵਿਦਵਾਨਾਂ ਨੇ ਦੂਜੀਆਂ ਭਾਸ਼ਾਵਾਂ ਦੇ ਤਤਸਮ ਸ਼ਬਦ ਅਪਣਾਉਣ ਉੱਤੇ ਜ਼ੋਰ ਦਿੱਤਾ। ਸ਼ਬਦ ਕਿਹੜੀ ਭਾਸ਼ਾ ਦੇ ਲਏ ਜਾਣ, ਇਸ ਕੰਮ ਲਈ ਵਿਦਵਾਨਾਂ ਨੇ ਹਿੰਦੀ, ਸੰਸਕ੍ਰਿਤੀ, ਉਰਦੂ, ਫ਼ਾਰਸੀ ਅਤੇ ਅੰਗ੍ਰੇਜ਼ੀ ਨੂੰ ਪਹਿਲ ਦਿੱਤੀ। ਇਵੇਂ ਹੀ ਪਹਿਲਾ ਵਿਸ਼ੇਸ਼ਣ ਬਨਾਉਣ ਲਈ ਪੰਜਾਬੀ ਪਾਸ ਫ਼ਾਰਸੀ ਦੇ ਸੋਮੇ

ਤੇ ਬਿਹਾਰੀ ਜੋੜਨ ਦੀ ਪ੍ਰਥਾ ਸੀ, ਉੱਥੇ ਹੁਣ 'ਇਕ' ਜਾਂ 'ਕ' ਦੀ ਰੁਚੀ ਵੱਧ ਰਹੀ ਹੈ। ਉਦਾਹਰਨ ਵਜੋਂ 'ਸੂਬਾ' ਵਿਦੇਸੀ ਸ਼ਬਦ ਨਾਲ 'ਕ' ਜਾਂ ਇਕ ਜੋੜ ਕੇ ਸ਼ਬਦ ਪ੍ਰਚਲਤ ਸੀ। ਇਵੇਂ ਅਸਲ ਸ਼ਬਦ ਨਾਲ ਵਾਟ ਜੋੜ ਕੇ 'ਕ' ਲਗਾਉਣ ਦੀ ਰੁਚੀ ਅਨੁਸਾਰ 'ਅਸਲਵਾਦਿਕ' ਸ਼ਬਦ ਬਣਾ ਲਿਆ ਗਿਆ ਹੈ।

## 11.6 Summary/Conclusion/Let us sum up

**ਸਿੱਟਾ** : ਪੰਜਾਬੀ ਭਾਸ਼ਾ ਦੇ ਇਤਿਹਾਸਕ ਵਿਕਾਸ ਦਾ ਉਪਰੋਕਤ ਅਧਿਐਨ ਇਸ ਗਲ ਦੀ ਪ੍ਰਤੱਖ ਹਾਮੀ ਭਰਦਾ ਹੈ ਕਿ ਪੰਜਾਬੀ ਭਾਸ਼ਾ ਇਕ ਪ੍ਰਾਚੀਨ ਭਾਸ਼ਾ ਹੈ। ਨੌਵੀਂ ਦਸਵੀਂ ਸਦੀ ਤੋਂ ਪਹਿਲਾਂ ਬੇਸ਼ੱਕ ਸਾਨੂੰ ਇਸ ਭਾਸ਼ਾ 'ਚ ਰਚਿਆ ਕੋਈ ਸਾਹਿਤ ਪ੍ਰਾਪਤ ਨਹੀਂ ਹੁੰਦਾ ਅਤੇ ਇਹ ਭਾਸ਼ਾ ਇਸ ਸਮੇਂ ਤੱਕ ਕੇਵਲ ਬੋਲ ਚਾਲ ਲਈ ਹੀ ਵਰਤੀ ਜਾਂਦੀ ਰਹੀ ਪਰ ਨੌਵੀਂ ਦਸਵੀਂ ਸਦੀ ਤੋਂ ਲੈ ਕੇ ਹੁਣ ਤਕ ਜੋ ਵੀ ਸਾਹਿਤ ਵੱਖ-ਵੱਖ ਰੂਪਾਕਾਰਾਂ ਰਾਹੀਂ ਸਾਡ੍ਹੇ ਸਾਹਮਣੇ ਆਇਆ ਉਹ ਸਪੱਸ਼ਟ ਪ੍ਰਮਾਣ ਦਿੰਦਾ ਹੈ ਕਿ ਪੰਜਾਬੀ ਭਾਸ਼ਾ ਨੇ ਨਾ ਸਿਰਫ਼ ਹਰ ਚੁਣੌਤੀ ਨੂੰ ਕਬੂਲ ਕਰ ਵਿਕਾਸ ਦੇ ਹਰ ਪੜ੍ਹਾ ਨੂੰ ਪਾਰ ਕੀਤਾ ਹੈ ਬਲਕਿ ਇਸ ਕਾਰਨ ਇਸ ਦੇ ਭਵਿੱਖ ਸੰਬੰਧੀ ਇਹ ਕਿਹਾ ਜਾ ਸਕਦਾ ਹੈ ਕਿ ਇਸ ਦਾ ਭਵਿੱਖ ਸੁਰਖਿਅਤ ਹੈ।

## 1.7 Glossary

| | | | |
|---|---|---|---|
| 1. | Indo European | - | ਭਾਰਤ ਯੂਰਪੀ |
| 2. | Indo Aryan | - | ਭਾਰਤੀ ਆਰੀਆਈ |
| 3. | Indo Iranian | - | ਭਾਰਤ ਈਰਾਨੀ |
| 4. | Central Punjabi | - | ਕੇਂਦਰੀ ਪੰਜਾਬੀ |
| 5. | Grammer | - | ਵਿਆਕਰਨ |
| 6. | Official | - | ਦਫ਼ਤਰੀ |
| 7. | Subjects | - | ਵਿਸ਼ਿਆਂ |
| 8. | MiddleOf Punjab | - | ਮਾਂਝੀ |
| 9. | Case | - | ਕਾਰਕ |
| 10. | Compound Sentence- | | ਸੰਯੁਕਤ ਵਾਕ |

11. Complex Sentence - ਮਿਸ਼ਰਿਤ ਵਾਕ

## 11.8 SAQ/CYP/Possible Answer

1. ਪੰਜਾਬੀ ਭਾਸ਼ਾ ਦਾ ਪਿਛੋਕੜ ਭਾਰਤ ਦੀ ਪੁਰਾਤਨ ਭਾਸ਼ਾ ਵੈਦਿਕ ਭਾਸ਼ਾ ਨਾਲ ਜਾ ਜੁੜਦਾ ਹੈ।
2. ਇਹ ਵਿਚਾਰ ਸਰਵਪ੍ਰਮਾਣਿਤ ਹੈ ਕਿ ਪੰਜਾਬੀ ਭਾਸ਼ਾ ਦੀ ਵਿਆਕਰਣਕ ਬਣਤਰ ਆਪਣੀ ਹੈ।
3. ਪੰਜਾਬੀ ਭਾਸ਼ਾ ਵਿਚ ਦੱਸ ਸ੍ਵਰ ਹਨ।
4. ਪੰਜਾਬੀ ਭਾਸ਼ਾ ਵਿਚ ਕੁਲ ੩੨ ਵਿਅੰਜਨ ਹਨ। ਗੁਰਮੁੱਖੀ ਲਿੱਪੀ ੩੫ ਅੱਖਰੀ ਲਿੱਪੀ ਹੈ। ਇਸਦੇ ਪਹਿਲੇ ਤਿੰਨ੍ਹ ਅੱਖਰ ਸ੍ਵਰ ਵਾਹਕ ਹਨ (ੳ, ਅ, ੲ) ਅਤੇ ਬਾਕੀ ਬੱਚਦੇ 32 ਅੱਖਰ ਵਿਅੰਜਨ ਹਨ। ਇਸ ਤਰ੍ਹਾਂ 'ਸ' ਤੋਂ ਲੈ ਕੇ 'ੜ' ਤਕ ਅੱਖਰ ਵਿਅੰਜਨ ਹਨ।
5. ਪੰਜਾਬੀ ਭਾਸ਼ਾ ਵਿਚ ਆਮ ਤੌਰ ਤੇ ਦੋ ਸੰਧੀ-ਸ੍ਵਰ ਵਰਤੇ ਜਾਂਦੇ ਹਨ।
6. ਪੰਜਾਬੀ ਭਾਸ਼ਾ ਮੁੱਖ ਰੂਪ ਵਿਚ ਵਿਯੋਗਾਤਮਕ ਭਾਸ਼ਾ ਹੈ। ਪਰ ਇਸ ਵਿਚ ਸੰਜੋਗਾਤਮਕ ਭਾਸ਼ਾ ਦੇ ਵੀ ਲੱਛਣ ਮੌਜੂਦ ਹਨ।
7. ਪੰਜਾਬੀ ਭਾਸ਼ਾ ਦੀ ਅਖੰਡੀ ਧੁੰਨੀਆਂ ਹਨ ; ਸੁਰ, ਬਲ, ਨਾਸਿਕਤਾ ਅਤੇ ਤਾਨ।
8. ਲਿੰਗ ਇਕ ਵਿਆਕਰਨਕ ਸ਼੍ਰੇਣੀ ਹੈ। ਇਹ ਉਹ ਵਿਆਕਰਨਕ ਸ਼੍ਰੇਣੀ ਹੈ ਜੋ ਇਸਤਰੀ ਅਤੇ ਮਰਦ ਵਿਚਲੇ ਅੰਤਰ ਭਾਵ/ਫ਼ਰਕ ਨੂੰ ਦੱਸਦੀ ਹੈ। ਪੰਜਾਬੀ ਲਿੰਗ ਪ੍ਰਬੰਧ ਦਾ ਅਧਿਐਨ ਕਈ ਆਧਾਰਾਂ ਤੇ ਕੀਤਾ ਜਾਂਦਾ ਹੈ। ਜਿਨ੍ਹਾਂ ਵਿਚ ਪ੍ਰਕ੍ਰਿਤੀ, ਸ਼ਾਬਿਦਕ, ਲਗਾਮਾਤਰਾਵਾਂ, ਵਿਅੰਜਨ ਅੰਤਕ ਆਦਿ ਪ੍ਰਮੁੱਖ ਹਨ। ਲਗਾਮਾਤਰਾਵਾਂ ਦੇ ਆਧਾਰ ਤੇ ਪਰਖੀਏ ਤਾਂ ਲਿੰਗ ਦੀਆਂ ਕੁਝ ਉਦਾਹਰਣਾਂ ਇਵੇਂ ਪੇਸ਼ ਹਨ:-

    ਘੋੜਾ - ਘੋੜੀ

    ਖਤਰੀ -ਖਤਰਣੀ

    ਖੋਜੀ - ਖੋਜਣ

9. ਪੰਜਾਬੀ ਭਾਸ਼ਾ ਵਿਚ ਅੰਗ੍ਰੇਜ਼ੀ, ਉਰਦੂ, ਅਰਬੀ, ਫ਼ਾਰਸੀ, ਹਿੰਦੀ ਭਾਸ਼ਾ ਦੇ ਸ਼ਬਦ ਆਮ ਮਿਲਦੇ ਹਨ।

10. ਪੰਜਾਬੀ ਭਾਸ਼ਾ ਦੇ ਪਿਛੇਤਰਾਂ ਦੀਆਂ ਕੁਝ ਉਦਾਹਰਣਾਂ ਇਵੇਂ ਪੇਸ਼ ਹਨ :

| | | | | | | |
|---|---|---|---|---|---|---|
| 1. | ਪਿਛੇਤਰ | ਾ – | ਕਾਮ | = | ਕਾਮਾ |
| 2. | ਪਿਛੇਤਰ | ਦਾ – | ਪੜ੍ਹ | = | ਪੜ੍ਹਦਾ |
| 3. | ਪਿਛੇਤਰ | ਆ – | ਖਾਣੀ | = | ਖਾਣੀਆਂ |
| 4. | ਪਿਛੇਤਰ | ੀ – | ਜ਼ਿਦ | = | ਜ਼ਿਦੀ |
| 5. | ਪਿਛੇਤਰ | ਉਣਾ – | ਮਨਾ | = | ਮਨਾਉਣਾ |

## 11.9 Examination Oriented Questions

1. ਪੰਜਾਬੀ ਭਾਸ਼ਾ ਦਾ ਪਿਛੋਕੜ ਕਿਸ ਪੁਰਾਤਨ ਭਾਸ਼ਾ ਨਾਲ ਜੁੜਦਾ ਹੈ ?
2. ਪੰਜਾਬੀ ਭਾਸ਼ਾ ਦੀ ਵਿਆਕਰਣਕ ਬਣਤਰਕੀ ਆਪਣੀ ਹੈ ?
3. ਪੰਜਾਬੀ ਭਾਸ਼ਾ ਵਿਚ ਕਿੰਨ੍ਹੇ ਸ੍ਵਰ ਹਨ ?
4. ਪੰਜਾਬੀ ਭਾਸ਼ਾ ਵਿਚ ਕਿੰਨ੍ਹੇ ਵਿਅੰਜਨ ਹਨ ?
5. ਪੰਜਾਬੀ ਭਾਸ਼ਾ ਵਿਚ ਕਿੰਨ੍ਹੇ ਸੰਧੀ ਸ੍ਵਰ ਵਰਤੇ ਜਾਂਦੇ ਹਨ ?
6. ਪੰਜਾਬੀ ਭਾਸ਼ਾ ਕੀ ਵਿਯੋਗਾਤਮਿਕ ਭਾਸ਼ਾ ਹੈ ?
7. ਪੰਜਾਬੀ ਭਾਸ਼ਾ ਦੀਆਂ ਅਖੰਡੀ ਧੁਨੀਆਂ ਕਿਹੜੀਆਂ ਹਨ ?
8. ਲਗਾਮਾਤਰਾਵਾਂ ਦੇ ਆਧਾਰ ਤੇ ਲਿੰਗ ਦੀਆਂ ਉਦਾਹਰਣਾ ਦਿਓ ?
9. ਪੰਜਾਬੀ ਭਾਸ਼ਾ ਵਿਚ ਕਿਸ ਭਾਸ਼ਾ ਦਾ ਸ਼ਬਦ ਭੰਡਾਰ ਹੈ ?
10. ਪੰਜਾਬੀ ਭਾਸ਼ਾ ਦੇ ਪਿਛੇਤਰਾਂ ਦੀਆਂ ਉਦਾਹਰਣਾਂ ਦਿਓ ?

## 11.10 Suggested Reading

1. ਪ੍ਰੇਮ ਪ੍ਰਕਾਸ਼ ਸਿੰਘ : ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ, ਲਾਹੌਰ ਬੁਕ ਸ਼ਾਪ (1971)
2. ਅਰੁਣ, ਵਿਦਿਆ ਭਾਸਕਰ: ਪੰਜਾਬੀ ਭਾਸ਼ਾ ਦਾ ਇਤਿਹਾਸ, ਪੰਜਾਬੀ ਸਾਹਿਤ ਅਕੈਡਮੀ, ਲੁਧਿਆਣਾ (1976)
3. ਪ੍ਰੇਮ ਪ੍ਰਕਾਸ਼, ਡਾ. : ਸਿਧਾਂਤਿਕ ਭਾਸ਼ਾ ਵਿਗਿਆਨ, ਮਦਾਨ ਪਬਲਿਸ਼ਰਜ਼ ਪਟਿਆਲਾ ।
4. ਪ੍ਰੇਮ ਪ੍ਰਕਾਸ਼, ਡਾ, : ਪੰਜਾਬੀ ਭਾਸ਼ਾ ਦਾ ਸ੍ਰੋਤ ਤੇ ਬਣਤਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ।
5. ਪਦਮ, ਪਿਆਰਾ ਸਿੰਘ : ਪੰਜਾਬੀ ਬੋਲੀ ਦਾ ਇਤਿਹਾਸ, ਨਿਉ ਬੁਕ ਕੰਪਨੀ ਜਲੰਧਰ।
6. ਪ੍ਰੋ. ਸ਼ੈਰੀ ਸਿੰਘ : ਭਾਸ਼ਾ ਵਿਗਿਆਨ ਪੰਜਾਬੀ ਭਾਸ਼ਾ ਤੇ ਗੁਰਮੁੱਖੀ ਲਿਪੀ,
   ਪ੍ਰੋ. ਬ੍ਰਹਮ ਜਗਦੀਸ਼ ਸਿੰਘ ਵਾਰਿਸ ਸ਼ਾਹਫਾਉਂਡੇਸ਼ਨ, ਅੰਮ੍ਰਿਤਸਰ।
7. ਸੰਘਾ ਸੁਖਵਿੰਦਰ ਸਿੰਘ : ਪੰਜਾਬੀ ਭਾਸ਼ਾ ਵਿਗਿਆਨ, ਪੰਜਾਬੀ ਭਾਸ਼ਾ ਅਕੈਡਮੀ ਜਲੰਧਰ ।

## 11.11 References

1. ਪ੍ਰੋ. ਸ਼ੈਰੀ ਸਿੰਘ : ਭਾਸ਼ਾ ਵਿਗਿਆਨ ਪੰਜਾਬੀ ਭਾਸ਼ਾ ਤੇ ਗੁਰਮੁੱਖੀ ਲਿਪੀ, ਪੰਨਾ-13
2. ਡਾ. ਪ੍ਰੇਮ ਪ੍ਰਕਾਸ਼ ਸਿੰਘ : ਸਿਧਾਂਤਕ ਭਾਸ਼ਾ ਵਿਗਿਆਨ, ਪੰਨਾ-15
3. ਪ੍ਰੋ. ਸ਼ੈਰੀ ਸਿੰਘ : ਭਾਸ਼ਾ ਵਿਗਿਆਨ ਪੰਜਾਬੀ ਭਾਸ਼ਾ ਤੇ ਗੁਰਮੁੱਖੀ ਲਿਪੀ, ਪੰਨਾ-13

4. ਡਾ. ਸੁਖਵਿੰਦਰ ਸਿੰਘ ਸੰਘਾ : ਪੰਜਾਬੀ ਭਾਸ਼ਾ ਵਿਗਿਆਨ, ਪੰਨਾ-74

5. ਪ੍ਰੋ. ਸ਼ੈਰੀ ਸਿੰਘ : ਭਾਸ਼ਾ ਵਿਗਿਆਨ ਪੰਜਾਬੀ ਭਾਸ਼ਾ ਤੇ ਗੁਰਮੁੱਖੀ ਲਿਪੀ, ਪੰਨਾ-12

-----o-----

**Unit -III ( ਭਾਸ਼ਾ ਵਿਗਿਆਨ)** **Lesson No. : 12**

## Title : ਪ੍ਰਸ਼ਨ :- ਪੰਜਾਬੀ ਭਾਸ਼ਾ ਦੀ ਬਣਤਰ ਅਤੇ ਵਿਸ਼ੇਸ਼ਤਾਵਾਂ

## 12.1 INTRODUCTION

"ਵਿਸ਼ਵ ਵਿਚ ਜਿੰਨੀਆ ਵੀ ਮਨੁੱਖੀ ਭਾਸ਼ਾਵਾਂ ਹਨ (ਹਾਕੇਟ ਅਨੁਸਾਰ ਇਨ੍ਹਾਂ ਦੀ ਗਿਣਤੀ ਤਿੰਨ੍ਹ ਤੋਂ ਚਾਰ ਹਜ਼ਾਰ ਤਕ ਹੈ) ਉਨ੍ਹਾਂ ਸਾਰੀਆਂ ਵਿਚ ਕੁਝ ਵਿਸੇਸ਼ਤਾਵਾਂ ਸਰਬ ਸਾਂਝੀਆਂ ਹਨ।"[1] ਜਿਵੇਂ ਕਿ ਭਾਸ਼ਾ ਸੰਚਾਰ ਪ੍ਰਣਾਲੀ ਹੋਣ ਦੇ ਨਾਲ-ਨਾਲ ਸੰਕੇਤਿਕ ਅਤੇ ਭਾਵੁਕ ਪ੍ਰਣਾਲੀ ਵੀ ਹੈ। ਇਹ ਜਿੱਥੇ ਆਪਹੁਦਰੀ ਹੁੰਦੀ ਹੈ ਉੱਥੇ ਇਹ ਪਰੰਪਰਾ ਦੁਆਰਾ ਪ੍ਰਾਪਤ ਹੁੰਦੀ ਹੈ। ਸਿਸਟਮਬਧਤਾ ਜਿੱਥੇ ਇਸ ਦਾ ਪ੍ਰਮੁੱਖ ਨਿਯਮ ਹੈ ਉੱਥੇ ਭਾਸ਼ਾ ਉਚਾਰਮੁੱਖ, ਮਾਨਵ ਕੇਂਦ੍ਰਿਤ, ਮੁੱਖਤਾਂਤਕ ਅਤੇ ਪਰਿਵਰਤਨਸ਼ੀਲ ਵੀ ਹੈ। ਬੇਸ਼ੱਕ ਇਸ ਦੀ ਸੰਰਚਨਾ ਜਟਿਲ, ਦੁੱਪਖਤਾਮੂਲਕ ਹੈ ਪਰ ਸਿਰਜਣਸ਼ੀਲਤਾ ਅਤੇ ਵਿਸਥਾਪਨ ਦੀ ਪ੍ਰਵਿਰਤੀ ਵੀ ਇਸ ਵਿਚ ਆਮ ਮਿਲਦੀ ਹੈ। ਇਸ ਦਾ ਚਰਿੱਤਰ ਜਿੱਥੇ ਮੌਖਿਕ ਹੈ ਭਾਵ ਮਾਨਵੀ ਭਾਸ਼ਾ ਦੇ ਚਿੰਨ੍ਹ ਪ੍ਰਮੁੱਖ ਤੇ ਜਿੱਥੇ ਮੋਖਿਕ ਹੁੰਦੇ ਹਨ, ਉੱਥੇ ਇਸ ਦੀ ਗੋਂਦ ਦੋਹਰੀ ਹੁੰਦੀ ਹੈ। ਆਂਦ੍ਰੇ ਮਾਰਤੀਨੇ ਨੇ ਭਾਸ਼ਾਈ ਪ੍ਰਬੰਧ ਨੂੰ ਦੋਹਰਾ ਉਚਾਰ ਕਿਹਾ ਹੈ ਪਹਿਲੀ ਗੋਂਦ ਨੂੰ ਉਸ ਧੁਨੀਆਂ, ਰੂਪਾਂ ਅਤੇ ਵਾਕਾਂ ਵਿਚ ਵਿਭਾਜਿਤ ਕੀਤਾ ਹੈ ਅਤੇ ਦੂਸਰੀ ਨੂੰ ਫੋਨੀਮਾਂ ਆਦਿ 'ਚ ਵਰਗੀਕ੍ਰਿਤ ਕੀਤਾ ਹੈ।

## 12.2 Objectives

ਪੰਜਾਬੀ ਭਾਸ਼ਾ ਦੀ ਬਣਤਰ ਅਤੇ ਵਿਸ਼ੇਸ਼ਤਾਵਾਂ ਸਾਨੂੰ ਸਪੱਸ਼ਟ ਦਸਦੀਆਂ ਹਨ ਕਿ ਕਿਵੇਂ ਪੰਜਾਬੀ ਭਾਸ਼ਾ ਦਾ ਇਤਿਹਾਸ ਲਗਭਗ ਇਕ ਹਜ਼ਾਰ ਸਾਲ ਤੋਂ ਵੀ ਜ਼ਿਆਦਾ ਪੁਰਾਣਾ ਹੈ। ਖੰਡੀ ਅਤੇ ਅਖੰਡੀ ਧੁਨੀਆਂ ਨਾਲ ਸੁਸਜਿਤ ਇਹ ਭਾਸ਼ਾ ਨਾ ਸਿਰਫ਼ ਵਿਆਕਰਣ ਪੱਖੋਂ ਸੰਪੂਰਨ ਹੈ ਬਲਕਿ ਵਿਆਕਰਣਕ ਇਕਾਈਆਂ ਪੱਖੋਂ ਵੀ ਮੁੱਕੰਮਲ ਹੈ। ਅਮੁੱਖ ਸ਼ਬਦ ਭੰਡਾਰ ਅਤੇ ਵਿਜੋਗਾਤਮਿਕਤਾ ਦਾ ਲੱਛਣ ਜਿੱਥੇ ਇਸ ਦੀਆਂ ਪ੍ਰਮੁੱਖ ਖ਼ੂਬੀਆਂ ਨੂੰ ਦਰਸ਼ਾਉਂਦਾ ਹੈ ਉੱਥੇ ਸੰਜੋਗਾਤਮਿਕਤਾ ਦਾ ਪ੍ਰਭਾਵ ਇਸ ਨੂੰ ਹੋਰ ਪ੍ਰੋਢ ਬਣਾਉਂਦਾ ਹੈ। ਸ਼ਾਇਦ ਇਸੇ ਕਾਰਨ ਇਸ ਦਾ ਭਵਿੱਖ ਵੀ ਸੁਰੱਖਿਅਤ ਹੈ। ਯੂਨੈਸਕੋ ਦੀ ਰਿਪੋਰਟ ਦੇ ਮੁਤਾਬਿਕ ਇਹ ਸੰਸਾਰ ਦੀ ਸਭ ਤੋਂ ਵੱਧ ਬੋਲੇ ਜਾਣ ਵਾਲੀ ਬਾਰ੍ਹਵੀਂ ਭਾਸ਼ਾ ਹੈ। ਬੇਸ਼ੱਕ ਇਕ ਅੰਤਰਰਾਸ਼ਟਰੀ ਸੰਸਥਾ ਵਲੋਂ ਇਸ ਭਾਸ਼ਾ ਸੰਬੰਧੀ ਇਹ ਵੀ ਭਵਿੱਖਵਾਣੀ ਕੀਤੀ ਹੈ ਕਿ ਇਹ ਭਾਸ਼ਾ ਅਗਲੇ ਪੰਜਾਹ ਸੱਠ

ਵਰ੍ਹਿਆਂ 'ਚ ਸਮਾਪਤ ਹੋ ਜਾਵੇਗੀ ਜੋ ਕਿ ਵਰਤਮਾਨ 'ਚ ਇਸ ਦੀ ਸਥਿਤੀ ਦੇਖਦੇ ਹੋਏ ਅਪ੍ਰਵਾਨਯੋਗ ਗੱਲ ਹੈ। ਸਪੱਸ਼ਟ ਹੈ ਆਪਣੀ ਬਣਤਰ ਅਤੇ ਵਿਸ਼ੇਸ਼ਤਾਵਾਂ ਕਾਰਨ ਇਹ ਭਾਸ਼ਾ ਸੰਜੀਵ ਬਣੀ ਰਹੇਗੀ।

**12.3 (First Content Section)**

ਉੱਤਰ :ਪੰਜਾਬੀ ਭਾਸ਼ਾ ਦੀ ਬਣਤਰ ਦੀਆਂ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਹਨ, ਜੋ ਹੇਠ ਲਿਖੇ ਅਨੁਸਾਰ ਇਸ ਪ੍ਰਕਾਰ ਹਨ :

* ਪੰਜਾਬੀ ਇਕ ਪ੍ਰਾਚੀਨ ਭਾਸ਼ਾ ਹੈ ਇਹ ਲਗਭਗ ਇਕ ਹਜ਼ਾਰ ਸਾਲ ਤੋਂ ਵੀ ਵੱਧ ਪੁਰਾਣੀ ਭਾਸ਼ਾ ਹੈ। ਇਸ ਦਾ ਪਿਛੋਕੜ ਭਾਰਤ ਦੀ ਪੁਰਾਤਨ ਭਾਸ਼ਾ ਵੈਦਿਕ ਭਾਸ਼ਾ ਨਾਲ ਜਾ ਜੁੜਦਾ ਹੈ।
* ਪੰਜਾਬੀ ਭਾਸ਼ਾ ਦੀ ਵਿਆਕਰਣ ਬਣਤਰ ਵੀ ਆਪਣੀ ਹੈ। ਇਨ੍ਹਾਂ ਵਿਚ ਲਿੰਗ, ਵਚਨ ਅਤੇ ਕਿਰਿਆਵੀ ਬਣਤਰ ਦੇ ਸੁਤੰਤਰ ਨੇਮ ਹਨ।
* ਪੰਜਾਬੀ ਭਾਸ਼ਾ ਲਗਭਗ 88 ਮੁਲੀਅਨ (Million) ਲੋਕਾਂ ਦੀ ਮਾਤ ਭਾਸ਼ਾ ਹੈ। ਇਹ ਭਾਰਤ ਦੀ ਵਿਧਾਨਕ ਮਾਨਤਾ ਪ੍ਰਾਪਤ ਭਾਸ਼ਾ ਹੈ ਅਤੇ ਵਿਸ਼ਵ ਦੇ ਸਭ ਤੋਂ ਵੱਡੇ ਭਾਸ਼ਾ ਪਰਿਵਾਰ ਆਰੀਆ ਭਾਸ਼ਾ ਪਰਿਵਾਰ ਨਾਲ ਸੰਬੰਧਿਤ ਹੈ।
* ਪੰਜਾਬੀ ਭਾਸ਼ਾ ਦੀ ਇਕ ਵਿਸੇਸ਼ਤਾ ਇਹ ਹੈ ਕਿ ਇਸ ਦਾ ਸ਼ਬਦ ਭੰਡਾਰ ਬਹੁਤ ਵਿਸ਼ਾਲ ਹੈ। ਸੈਂਕੜੇ ਸ਼ਬਦ ਅਜਿਹੇ ਹਨ ਜੋ ਕਿਸੇ ਬੋਲੀ ਵਿਚ ਨਹੀਂ ਮਿਲਦੇ। ਇਸ ਤੋਂ ਇਲਾਵਾ ਸੈਂਕੜੇ ਸ਼ਬਦ ਅਜਿਹੇ ਵੀ ਹਨ ਜੋ ਕੇਵਲ ਤਾਂ ਕੇਵਲ ਪੰਜਾਬੀ ਵਿਚ ਹੀ ਉਚਾਰੇ ਜਾ ਸਕਦੇ ਹਨ ਜਿਵੇਂ ਕਿ ਧੀ, ਭਜਨ, ਧੁਨੀ, ਆਦਿ।
* ਪੰਜਾਬੀ ਭਾਸ਼ਾ ਦੀ ਵਾਕ ਬਣਤਰ ਵੀ ਆਪਣੇ ਆਪ ਵਿਚ ਨਿਵੇਕਲੀ ਹੈ। ਇਸ ਵਿਚਲਾ ਇਹ ਭਾਵ ਉਸ ਵੇਲੇ ਦ੍ਰਿਸ਼ਟਮਾਨ ਹੁੰਦਾ ਹੈ ਜਦੋਂ ਵਾਕ ਦੀ ਤਰਤੀਬ ਬਦਲਦਿਆ ਹੀ ਉਸ ਦੇ ਅਰਥ ਵੀ ਬਦਲ ਜਾਂਦੇ ਹਨ ਜਿਵੇਂ ਕੀ :-

  1. ਮੈਂ ਤੈਨੂੰ ਦਸਾਂਗਾ।
  2. ਤੈਨੂੰ ਮੈਂ ਦਸਾਂਗਾ।
  3. ਦਸਾਂਗਾ ਤੈਨੂੰ ਮੈਂ

4. ਦਸਾਂਗਾ ਮੈਂ ਤੈਨੂੰ

ਇਨ੍ਹਾਂ ਉਪਰੋਕਤ ਚਾਰ ਵਾਕਾਂ ਨੂੰ ਧਿਆਨ ਨਾਲ ਪੜ੍ਹਨ ਤੇ ਸਪੱਸ਼ਟ ਪਤਾ ਲੱਗਦਾ ਹੈ ਕਿ ਅਰਥਾਂ ਵਿਚ ਵੀ ਅੰਤਰ ਆ ਗਿਆ ਹੈ ਭਾਵੇਂ ਸ਼ਬਦ ਉਹੀ ਹਨ ਅਤੇ ਕੇਵਲ ਤਰਤੀਬ ਹੀ ਬਦਲੀ ਹੈ।

* "ਇਸ ਵਿਚ 10 ਸ੍ਵਰ 29 ਵਿਅੰਜਨ ਤੇ 2 ਅੱਧ ਸ੍ਵਰ ਹਨ।"[1] ਇਨ੍ਹਾਂ ਤੋਂ ਇਲਾਵਾ ਨਾਸਿਕਤਾ, ਸੁਰ, ਬਲ ਤੇ ਤਾਨ ਪੰਜਾਬੀ ਦੀਆਂ ਅਖੰਡੀ ਧੁਨੀਆਂ ਹਨ।

## 12.4 (Second Content Section)

* "ਪੰਜਾਬੀ ਵਿਚ ਸੰਜੁਗਤ ਵਿਅੰਜਨਾਂ ਦੀ ਵਰਤੋਂ ਬਹੁਤ ਘੱਟ ਹੁੰਦੀ ਹੈ।"[3] ਸੰਜੁਗਤ ਸ੍ਵਰਾਂ ਵਿੱਚੋਂ ਸਿਰਫ਼ ਦੋਸੰਧੀ ਸ੍ਵਰ ਵਰਤੇ ਜਾਂਦੇ ਹਨ। ਸੁਰ ਦੀ ਵਰਤੋਂ ਪੰਜਾਬੀ ਦੀ ਉਘੀ ਵਿਸੇਸ਼ਤਾ ਹੈ ਜੋ ਭਾਰਤ ਦੀ ਕਿਸੇ ਹੋਰ ਮੁੱਖ ਭਾਸ਼ਾ ਵਿਚ ਨਹੀਂ ਮਿਲਦੀ।
* "ਪੰਜਾਬੀ ਮੁੱਖ ਰੂਪ ਵਿਚ ਵਿਯੋਗਾਤਮਿਕ ਭਾਸ਼ਾ ਹੈ ਪਰ ਇਸ ਵਿਚ ਸੰਜੋਗਾਤਮਿਕਤਾ ਦੇ ਵੀ ਅਜੇ ਕਈ ਲੱਛਣ ਮੌਜੂਦ ਹਨ।"੪ ਪੰਜਾਬੀ ਵਿਚ ਅਜੇ ਵੀ ਕਈ ਪਿਛੇਤਰ ਵਰਤੇ ਜਾਂਦੇ ਹਨ ਜੋ ਭਾਸ਼ਾ ਨੂੰ ਸੰਜੋਗਾਤਮਿਕ ਬਣਾਉਂਦੇ ਹਨ ਜਿਵੇਂ ਸ਼ਬਦ ਘਰੋਂ, ਸ਼ਹਿਰੋਂ, ਏਥੋਂ, ਹੱਥੋਂ, ਆਦਿ ਵਿਚ ੳ ਅਪਾਦਾਨ ਕਾਰਕ ਪਿਛੇਤਰ ਹੈ।
* ਸ਼ਬਦਾਵਲੀ ਦੇ ਪੱਖ ਤੋਂ ਵੀ ਪੰਜਾਬੀ ਭਾਸ਼ਾ ਦੀਆ ਕਈ ਵਿਸੇਸ਼ਤਾਵਾਂ ਹਨ। ਸਾਕਾਚਾਰੀ ਦੇ ਜਿਨ੍ਹੇ ਨਾਂਵ ਪੰਜਾਬੀ ਭਾਸ਼ਾ ਵਿਚ ਮਿਲਦੇ ਹਨ ਸ਼ਾਇਦ ਹੀ ਸੰਸਾਰ ਦੀ ਕਿਸੇ ਹੋਰ ਭਾਸ਼ਾ ਵਿਚ ਮਿਲਦੇ ਹਨ। ਤਾਇਆ, ਚਾਚਾ, ਮਾਮਾ, ਫੁਫੜ, ਮਾਸੜ ਆਦਿ ਪ੍ਰਮੁੱਖ ਹੈ। ਇਸ ਤੋਂ ਇਲਾਵਾ ਸੰਸਕ੍ਰਿਤ ਭਾਸ਼ਾ, ਮੁੰਡਾ ਭਾਸ਼ਾ, ਅਰਬੀ ਭਾਸ਼ਾ, ਫ਼ਾਰਸੀ ਭਾਸ਼ਾ ਅੰਗਰੇਜ਼ੀ ਭਾਸ਼ਾ ਮੂਲ ਦੇ ਹਜ਼ਾਰਾਂ ਸ਼ਬਦ ਪੰਜਾਬੀ ਵਿਚ ਰਚ-ਮਿਚ ਕੇ ਇਸ ਦੇ ਅੰਗ ਬਣ ਗਏ ਹਨ।
* ਪੰਜਾਬੀ ਵਿਚ ਵਧੇਰੇ ਨਾਵਾਂ ਦੇ ਰੂਪ ਲਿੰਗ, ਵਚਨ ਅਨੁਸਾਰ ਬਦਲਦੇ ਹਨ ਜਿਵੇਂ ਘੋੜਾ, ਘੋੜੀ, ਘੋੜੇ, ਘੋੜੀਆਂ। ਭਾਵੇਂ ਹੱਥ, ਲੱਤ, ਕੰਨ, ਹਾਥੀ, ਪਾਣੀ ਆਦਿ ਨਾਵਾਂ ਨਾਲ ਲਿੰਗ ਵਚਨ ਦਾ ਚਿੰਨ੍ਹ ਨਹੀਂ ਲਗਾ, ਪਰ ਇਨ੍ਹਾਂ ਵਿਚ ਵੀ ਲਿੰਗ ਵਚਨ ਦੋਹਾਂ ਦਾ ਹੀ ਸੰਕਲਪ ਆਉਂਦਾ ਹੈ ।

## 12.5 (Third Content Section)

* ਪੰਜਾਬੀ ਵਿਚ ਪੜਨਾਂਵ ਦੇ ਰੂਪ ਵਿਚ ਲਿੰਗ ਦਾ ਚਿੰਨ੍ਹ ਨਹੀਂ ਮਿਲਦਾ- ਮੈਂ ਜਾਵਾਂਗਾ, ਮੈਂ

ਜਾਵਾਂਗੀ ਵਿਚ ਪੁਲਿੰਗ ਤੇ ਇਸਤਰੀ-ਲਿੰਗ ਲਈ ਮੈਂ ਹੀ ਆਇਆ ਹੈ। ਤੀਜੇ ਪੁਰਖ ਦੇ ਪੜਨਾਵ ਦੇ ਰੂਪ ਵਿੱਚੋਂ ਵਚਨ ਦਾ ਸੰਕੇਤ ਵੀ ਨਹੀਂ ਮਿਲਦਾ। ਭਾਵ ਇਸ 'ਚ ਇਕ ਤੇ ਬਹੁਵਚਨ ਲਈ ਉਹ ਜਾਂ ਇਹ ਵਰਤਿਆ ਜਾਂਦਾ ਹੈ।

* ਪੰਜਾਬੀ ਵਿਚ ਕਿਰਿਆ ਰੂਪ ਕਾਫ਼ੀ ਗੁੰਝਲਦਾਰ ਹੈ। ਮੈਂ ਲਿਖਾਂਗਾ/ਗੀ, ਅਸੀਂ ਲਿਖਾਂਗੇ/ਗੀਆਂ, ਤੂੰ ਲਿਖੇਂਗਾ/ਗੀ, ਤੁਸੀਂ ਲਿਖੋਗੇ/ਗੀਆਂ, ਉਹ ਲਿਖੇਗਾ/ਗੀ, ਉਹ ਲਿਖਣਗੇ/ਗੀਆਂ ਵਿਚ ਕਿਰਿਆ ਰੂਪ ਦਾ ਪਹਿਲਾ ਭਾਗ ਲਿਖਾਂ, ਲਿਖੋ, ਲਿਖੇ ਆਦਿ ਪੁਰਖ ਵਚਨ ਅਨੁਸਾਰ ਬਦਲਦਾ ਹੈ ਅਤੇ ਦੂਜਾ ਹਿੱਸਾ ਗਾ, ਗੀ, ਗੇ, ਗੀਆਂ ਲਿੰਗ ਵਚਨ ਅਨੁਸਾਰ ਬਦਲਦਾ ਹੈ। ਇੰਝ ਇੱਕੋ ਸ਼੍ਰੇਣੀ ਦੇ ਕਿਰਿਆ ਰੂਪਾਂ ਵਿਚ ਦੂਹਰੇ-ਦੂਹਰੇ ਨਿਯਮ ਲਾਗੂ ਹੁੰਦੇ ਹਨ। ਇਸ ਤੋਂ ਇਲਾਵਾ ਪਹਿਲਾ ਹਿੱਸਾ ਲਿੰਗ ਵਚਨ ਅਨੁਸਾਰ ਬਦਲਿਆ ਜਾਂਦਾ ਹੈ ਤੇ ਦੂਜਾ ਹਿੱਸਾ ਪੁਰਖ ਵਚਨ ਅਨੁਸਾਰ ਬਦਲਿਆ ਜਾਂਦਾ ਹੈ।

* "ਪੰਜਾਬੀ ਵਿਚ ਪੁਲਿੰਗ ਲਈ ਆ ਜਾਂ ਅ ਪਿਛੇਤਰ ਵਰਤਿਆ ਜਾਂਦਾ ਹੈ। ਜਿਵੇਂ ਘੋੜਾ-ਘੋੜੀ" ਪਇਵੇਂ ਅਣ ਅਤੇ ਆਣੀ ਪਿਛੇਤਰ ਇਸਤਰੀ ਲਿੰਗ ਲਈ ਵਰਤੇ ਜਾਂਦੇ ਹਨ ਜਿਵੇਂ ਖੋਜੀ-ਖੋਜਣ, ਪੰਡਤ-ਪੰਡਤਾਣੀ ਆਦਿ।

## 12.6 Summary /Conclusion/Let us sum up

**ਸਿੱਟਾ**: ਪੰਜਾਬੀ ਭਾਸ਼ਾ ਦੀ ਬਣਤਰ ਅਤੇ ਵਿਸ਼ੇਸਤਾਵਾਂ ਦੇ ਅਧਿਐਨ ਉਪ੍ਰੰਤ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਭਾਸ਼ਾ ਦੀ ਬਣਤਰ ਅਤੇ ਵਿਸ਼ੇਸ਼ਤਾਵਾਂ ਵਿਲੱਖਣ ਹਨ। ਇਹ ਜਿੱਥੇ ਪੰਜਾਬੀ ਮਾਨਸਿਕਤਾ ਦਾ ਪ੍ਰਤਿਬੰਬ ਹਨ। ਉੱਥੇ ਕ੍ਰਿਆਤਮਕ ਰੂਪ 'ਚ ਇਸ 'ਚ ਉਹ ਸਾਰੇ ਵਿਹਾਰ ਪ੍ਰਗਟ ਹੁੰਦੇ ਹਨ ਜਿਸ ਦੀ ਲੋੜ ਇਕ ਪੰਜਾਬੀ ਮਾਨਸਿਕਤਾ ਵਾਲੇ ਵਿਅਕਤੀ ਵਿਸ਼ੇਸ਼ ਨੂੰ ਕਿਸੇ ਕੰਮ ਕਰਨ ਸਮੇਂ ਪੈਂਦੀ ਹੈ। ਭਾਵ ਇਸ ਵਿਚ ਉਹ ਸਾਰੇ ਭਾਵ ਨਿਰੂਪਣ ਹੁੰਦੇ ਹਨ ਜੋ ਪੰਜਾਬੀ ਸਮਾਜ ਅਤੇ ਸਭਿਆਚਾਰ ਦੇ ਵਰਤੋਂ ਵਿਉਂਤ ਵਿਚ ਆਉਂਦੇ ਹਨ।

## 12.7 Glossary

| | | | |
|---|---|---|---|
| 1. | Language | - | ਭਾਸ਼ਾ |
| 2. | Old | - | ਪ੍ਰਚੀਨ |
| 3. | Grammer | - | ਵਿਆਕਰਣ |

4. Sentence - ਵਾਕ

5. Vowels - ਸ੍ਵਰ

6. Consonents - ਵਿਅੰਜਨ

7. Nasals - ਨਾਸਕੀ

8. Compound consonents - ਸੰਯੁਕਤ ਵਿਅੰਜਨ

9. Pronoun - ਪੜਨਾਂਵ

10. Person - ਪੁਰਖ

## 12.8 SAQ/CYP/Possible Answers

1. ਪੰਜਾਬੀ ਭਾਸ਼ਾ ਭਾਰਤੀ ਆਰੀਆਈ ਪਰਿਵਾਰ ਦੀ ਭਾਸ਼ਾ ਹੈ ਜੋ ਅੱਗੇ ਭਾਰਤੀ ਯੁਰਪੀ ਪਰਿਵਾਰ ਦੀ ਭਾਰਤੀ ਈਰਾਨੀ ਸ਼ਾਖਾ ਨਾਲ ਸੰਬੰਧਿਤ ਹੈ।

2. ਪੰਜਾਬੀ ਭਾਸ਼ਾ ਦਾ ਮੁੱਢਲਾ ਦੌਰ ਅਠ੍ਹਵੀਂ ਨੌਵੀਂ ਈਸਵੀ ਤੋਂ ਲੈ ਕੇ 1400 ਈਸਵੀ ਤੱਕ ਦਾ ਹੈ।

3. ਮੁੱਢਲੇ ਦੌਰ ਭਾਵ ਅੱਠਵੀਂ ਨੌਵੀਂ ਸਦੀ ਤੋਂ ਲੈ ਕੇ 1400 ਈਸਵੀ ਤੱਕ ਨਾਥ ਸਿੱਧ ਸਾਹਿਤ, ਸੂਫ਼ੀ ਸਾਹਿਤ, ਭਗਤੀ ਸਾਹਿਤ ਆਦਿ ਵਨੰਗੀਆ ਦੇ ਰੂਪ ਵਜੋਂ ਸਾਡ੍ਹੇ ਸਾਹਮਣੇ ਆਇਆ ਹੈ।

4. ਮੱਧਕਾਲ ਦਾ ਸਮਾਂ 1400 ਈਸਵੀ ਤੋਂ ਲੈ ਕੇ 1900 ਈਸਵੀ ਤੱਕ ਦਾ ਹੈ। ਵਿਦਵਾਨਾਂ ਨੇ ਮੱਧਕਾਲ ਦੇ ਸਾਹਿਤ ਨੂੰ ਅਧਿਐਨ ਕਰਨ ਲਈ ਇਸਨੂੰ ਅੱਗੇ ਹੋਰ ਭਾਗਾਂ 1400 ਤੋਂ 1700 ਅਤੇ 1700 ਤੋਂ ਲੈ ਕੇ 1900 ਈਸਵੀ ਵਿਚ ਵੰਡਿਆ ਹੈ।

5. ਮੱਧਕਾਲ ਵਿਚ ਗੁਰਮਤਿ ਕਾਵਿ ਧਾਰਾ ਸ਼ਿਖ਼ਰਾਂ ਤੇ ਸੀ। ਇਸ ਕਾਲ ਦੇ ਪ੍ਰਮੁੱਖ ਕਵੀ ਹਨ, ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ਼ ਬਹਾਦਰ ਜੀ ਅਤੇ ਭਾਈ ਗੁਰਦਾਸ ਜੀ।

6. ਮੱਧਕਾਲ ਦੇ ਪ੍ਰਮੁੱਖ ਕਿੱਸਾ ਕਵੀ ਹਨ ਦਮੋਦਰ, ਪੀਲੂ, ਹਫ਼ਿਜ ਬਰਖੁਰਦਾਰ, ਅਹਿਮਦ

ਗੁੱਜਰ, ਸਦੀਕ ਲਾਲੀ, ਮੁੱਖਬਲ, ਵਾਰਿਸ ਸ਼ਾਹ, ਹਾਸ਼ਮ, ਅਹਿਮਦਯਾਰ, ਇਮਾਮ ਬਖ਼ਸ਼, ਕਾਦਰਯਾਰ ਆਦਿ।

7. ਵਾਰਿਸ ਸ਼ਾਹ 18ਵੀਂ ਸਦੀ ਦਾ ਪ੍ਰਮੁੱਖ ਕਵੀ ਹੈ।

8. ਆਧੁਨਿਕ ਦੌਰ ਦਾ ਸਮਾਂ 1900 ਤੋਂ ਲੈ ਕੇ ਹੁਣ ਤੱਕ ਦਾ ਹੈ।

9. ਆਧੁਨਿਕ ਦੌਰ ਦੇ ਪ੍ਰਮੁੱਖ ਸਾਹਿਤ ਰੂਪਾਂ ਵਿਚ ਨਾਵਲ, ਨਾਟਕ, ਕਹਾਣੀ, ਸਵੈ-ਜੀਵਨੀ, ਨਿਬੰਧ, ਛੋਟੀ ਕਵਿਤਾ ਆਦਿ ਪ੍ਰਮੁੱਖ ਹਨ।

10. ਆਧੁਨਿਕ ਦੌਰ 'ਚ ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਬਹੁਤ ਸਾਰੀਆਂ ਸਰਕਾਰੀ/ਗ਼ੈਰ ਸਰਕਾਰੀ ਸੰਸਥਾਵਾਂ ਯੋਗਦਾਨ ਪਾ ਰਹੀਆਂ ਹਨ ਜਿਨ੍ਹਾਂ ਵਿਚ ਸਾਹਿਤ ਅਕੈਡਮੀ ਦਿੱਲੀ, ਭਾਸ਼ਾ ਵਿਭਾਗ ਪੰਜਾਬ, ਜੇ. ਕੇ ਅ ਅ ਕ ਐਂ.ਲੈਂ. (JKAACL) ਜੰਮੂ ਯੂਨੀਵਰਸਿਟੀ ਪੰਜਾਬੀ ਭਾਸ਼ਾ ਵਿਭਾਗ, ਪੰ.ਯੂ.ਚੰਡੀਗੜ੍ਹ ਗੁਰੂ ਨਾਨਕ ਦੇਵ ਯੂਨੀਵਰਸਿਟੀ, ਪੀ.ਯੂ.ਪੀ., ਪੰਜਾਬੀ ਭਾਸ਼ਾ ਅਕੈਡਮੀ, ਜਲੰਧਰ ।

**Lesson End Exercise**

**12.9 Examination Oriented Questions**

1. ਪੰਜਾਬੀ ਭਾਸ਼ਾ ਕਿਸ ਪਰਿਵਾਰ ਦੀ ਭਾਸ਼ਾ ਹੈ ?

2. ਪੰਜਾਬੀ ਭਾਸ਼ਾ ਦੇ ਵਿਕਾਸ ਦਾ ਮੁੱਢਲਾ ਦੌਰ ਕਿਹੜਾ ਹੈ ?

3. ਮੁੱਢਲੇ ਦੌਰ ਵਿਚ ਕਿਹੜੀਆਂ-ਕਿਹੜੀਆਂ ਸਾਹਿਤ ਵੰਨਗੀਆਂ ਸਾਹਮਣੇ ਆਈਆਂ ਹਨ।

4. ਮੱਧਕਾਲ ਦਾ ਸਮਾਂ ਨਿਸ਼ਚਿਤ ਕਰੋ।

5. ਮੱਧਕਾਲ ਵਿਚਲੇ ਗੁਰਮਤਿ ਕਵੀਆਂ ਬਾਰੇ ਦਸੋ।

6. ਮੱਧਕਾਲ ਦੇ ਪ੍ਰਮੁੱਖ ਕਿੱਸਾ ਕਵੀਆਂ ਬਾਰੇ ਗਲ ਕਰੋ।

7. ਵਾਰਿਸ ਸ਼ਾਹ ਕਿਸ ਕਾਲ ਦਾ ਕਵੀ ਹੈ।

8. ਆਧੁਨਿਕ ਦੌਰ ਦਾ ਸਮਾਂ ਨਿਸਚਿਤ ਕਰੋ।

9. ਆਧੁਨਿਕ ਦੌਰ ਦੇ ਪ੍ਰਮੁੱਖ ਰੂਪਾਂ ਬਾਰੇ ਦਸੋ।

10. ਆਧੁਨਿਕ ਦੌਰ 'ਚ ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਕਿਨ੍ਹਾਂ-ਕਿਨ੍ਹਾਂ ਗ਼ੈਰ ਸਰਕਾਰੀ/ ਸਰਕਾਰੀ ਸੰਸਥਾਵਾਂ ਨੇ ਯੋਗਦਾਨ ਪਾਇਆ ਹੈ।

## 12.10 Suggested Reading

### ਪੜ੍ਹਨ ਦੀ ਸਲਾਹ


1. ਹਰਕੀਰਤ ਸਿੰਘ : ਭਾਸ਼ਾ ਵਿਗਿਆਨ ਤੇ ਪੰਜਾਬੀ ਭਾਸ਼ਾ, ਬਾਹਰੀ ਪਬਲੀਕੇਸ਼ਨ।
2. ਸੰਘਾ, ਸੁਖਵਿੰਦਰ ਸਿੰਘ : ਪੰਜਾਬੀ ਭਾਸ਼ਾ ਵਿਗਿਆਨ, ਪੰਜਾਬੀ ਭਾਸ਼ਾ ਅਕੈਡਮੀ ਜਲੰਧਰ ।
3. ਪ੍ਰੋ. ਸ਼ੈਰੀ ਸਿੰਘ : ਭਾਸ਼ਾ ਵਿਗਿਆਨ ਪੰਜਾਬੀ ਭਾਸ਼ਾ ਤੇ ਗੁਰਮੁੱਖੀ ਲਿਪੀ
   ਪ੍ਰੋ. ਬ੍ਰਹਮ ਜਗਦੀਸ਼ ਸਿੰਘ
4. ਪ੍ਰੇਮ ਪ੍ਰਕਾਸ਼, ਡਾ. : ਪੰਜਾਬੀ ਭਾਸ਼ਾ ਦਾ ਸ੍ਰੋਤ ਤੇ ਬਣਤਰ, ਪਬਲੀਕੇਸ਼ਨ ਬਿਊਰੋ,
   ਪੰਜਾਬੀ ਯੂਨੀਵਰਸਿਟੀ, ਪਟਿਆਲਾ ।


## 12.11 References


1. ਪ੍ਰੋ. ਸ਼ੈਰੀ ਸਿੰਘ, ਭਾਸ਼ਾ ਵਿਗਿਆਨ ਪੰਜਾਬੀ ਭਾਸ਼ਾ ਤੇ ਗੁਰਮੁੱਖੀ ਲਿਪੀ, ਪੰਨਾ-17
2. ਡਾ. ਹਰਕੀਰਤ ਸਿੰਘ, ਭਾਸ਼ਾ ਤੇ ਭਾਸ਼ਾ ਵਿਗਿਆਨ, ਪੰਨਾ-119
3. ਉਹੀ, ਪੰਨਾ-119
4. ਉਹੀ, ਪੰਨਾ-119
5. ਪ੍ਰੋ. ਸ਼ੈਰੀ ਸਿੰਘ, ਭਾਸ਼ਾ ਵਿਗਿਆਨ ਪੰਜਾਬੀ ਭਾਸ਼ਾ ਤੇ ਗੁਰਮੁੱਖੀ ਲਿਪੀ, ਪੰਨਾ-227


-----o-----

**UNIT-III (ਭਾਸ਼ਾ ਵਿਗਿਆਨ)** **Lessson No. -13**

## Title : ਪ੍ਰਸ਼ਨ : ਪੰਜਾਬੀ ਸ੍ਵਰ ਪਰਿਭਾਸ਼ਾ ਅਤੇ ਵਰਗੀਕਰਨ

### 13.1 Introduction

"ਭਾਸ਼ਾ ਦੇ ਵਿਸ਼ਲੇਸ਼ਣ ਲਈ ਜਿਹੜੇ ਅੰਗ ਅਧਿਐਨ ਦਾ ਵਿਸ਼ਾ ਬਣਦੇ ਹਨ, ਧੁਨੀ ਵਿਗਿਆਨ ਉਨ੍ਹਾਂ ਵਿੱਚੋਂ ਪ੍ਰਮੁੱਖ ਹੈ। ਧੁਨੀ ਭਾਸ਼ਿਕ ਸੰਰਚਨਾ ਦੀ ਸਭ ਤੋਂ ਛੋਟੀ ਇਕਾਈ ਹੈ। ਭਾਸ਼ਾ ਦੀ ਸੰਗਠਣਕਾਰੀ ਪ੍ਰਕ੍ਰਿਆ ਵਿਚ ਛੋਟੀਆਂ ਇਕਾਈਆਂ ਤੋਂ ਵੱਡੀਆਂ ਅਤੇ ਜਟਿਲ ਇਕਾਈਆਂ ਦਾ ਨਿਰਮਾਣ ਹੁੰਦਾ ਹੈ ਭਾਵ ਧੁਨੀਆਂ ਤੋਂ ਸ਼ਬਦ ਬਣਦੇ ਹਨ, ਸ਼ਬਦਾਂ ਤੋਂ ਵਾਕਾਂਸ਼, ਵਾਕਾਸ਼ਾਂ ਤੋਂ ਉਪਵਾਕ ਅਤੇ ਵਾਕ ਆਦਿ ਬਣਾਏ ਜਾਂਦੇ ਹਨ।"[1] ਇਵੇਂ "ਧੁਨੀ ਵਿਗਿਆਨ ਦੀ ਸਭ ਤੋਂ ਮੁੱਢਲੀ ਇਕਾਈ ਧੁਨੀ ਹੈ।"[2] "ਜਿਸ ਨੂੰ ਕੇਵਲ ਇਕ ਇਕਹਿਰੇ ਭਾਗ ਤਕ ਘਟਾ ਕੇ ਵੱਖ ਕਰ ਲਿਆ ਜਾਂਦਾ ਹੈ।"[3] ਸੱਪਸ਼ਟ ਹੈ "ਧੁਨੀ ਵਿਗਿਆਨ ਇਕ ਅਜਿਹਾ ਵਿਗਿਆਨ ਹੈ ਜੋ ਮਾਨਵੀ ਧੁਨੀਆਂ ਦੇ ਵਿਸ਼ੇਸ਼ ਲੱਛਣਾਂ ਦਾ ਅਧਿਐਨ ਕਰਦਾ ਹੈ ਵਿਸ਼ੇਸ਼ ਤੌਰ ਤੇ ਅਜਿਹੀਆਂ ਧੁਨੀਆਂ ਜੋ ਬੋਲਣ ਸਮੇਂ ਵਰਤੀਆਂ ਜਾਂਦੀਆਂ ਹਨ।"[4] ਇਹ ਵਿਗਿਆਨ ਅਜਿਹੀਆਂ ਧੁਨੀਆਂ ਦੇ ਵਿਵਰਣ, ਵਰਗੀਕਰਣ ਅਤੇ ਅੰਕਣ ਸੰਬੰਧੀ ਵਿਧੀਆਂ ਮੁਹੱਈਆ ਕਰਦਾ ਹੈ। ਧੁਨੀ ਵਿਗਿਆਨ ਦਾ ਵਰਗੀਕਰਨ ਦੋ ਆਧਾਰ ਤੇ ਕੀਤਾ ਜਾਂਦਾ ਹੈ ਅਖੰਡੀ (ਸੁਰ, ਬਲ, ਨਾਸਿਕਤਾ, ਤਾਨ) ਅਤੇ ਖੰਡੀ (ਸ੍ਵਰ ਅਤੇ ਵਿਅੰਜਨ)।

### 1.3.2 Objectives

ਸ੍ਵਰ ਪ੍ਰਬੰਧ ਉਪਰ ਅਧਿਐਨ ਕਰਨ ਉਪ੍ਰੰਤ ਸ੍ਵਰਾਂ ਦੇ ਕਈ ਉਦੇਸ਼ ਸਾਡ੍ਹੇ ਸਾਹਮਣੇ ਆਉਂਦੇ ਹਨ ਜਿਵੇਂ ਕੀ :

1. "ਸ੍ਵਰਾਂ ਦੇ ਅਧਿਐਨ ਉਪ੍ਰੰਤ ਸਾਨੂੰ ਪਤਾ ਲਗਦਾ ਹੈ ਕਿ ਸ੍ਵਰ ਇਕਲੇ/ਇਕਹਿਰੇ ਉਚਾਰੇ ਜਾ ਸਕਦੇ ਹਨ।"[5].
2. ਸ੍ਵਰ ਸਵਾਧੀਨ ਧੁਨੀਆਂ ਹਨ।
3. ਸ੍ਵਰਾਂ ਦੇ ਉਚਾਰਨ ਸਮੇਂ ਸਾਹ ਦੀ ਹਵਾ ਬੇਰੋਕ ਗਤੀ ਨਾਲ ਬਾਹਰ ਨਿਕਲਦੀ ਹੈ।

4. ਸ੍ਵਰ ਵੱਧ ਗੂੰਜਦੇ ਹੁੰਦੇ ਹਨ।

5. ਸ੍ਵਰ ਮੂੰਹ ਦੇ ਕਿਸੇ ਖ਼ਾਸ ਥਾਂ ਤੋਂ ਨਹੀਂ ਉਚਾਰੇ ਜਾਂਦੇ ਹਨ।

6. ਸ੍ਵਰ ਗੋਲ ਅਗੋਲ ਰੂਪ 'ਚ ਉਚਾਰੇ ਜਾਂਦੇ ਹਨ।

7. ਸ੍ਵਰ ਉਚੇ ਨੀਵੇਂ ਰੂਪ 'ਚ ਉਚਾਰੇ ਜਾਂਦੇ ਹਨ।

8. ਸ੍ਵਰ ਅਗੇ ਪਿੱਛੇ ਅਤੇ ਮੱਧ ਦੀ ਸਥਿਤੀ ਵਿਚ ਵਿਦਮਾਨ ਹੁੰਦੇ ਹਨ।

9. ਕੁਝ ਸ੍ਵਰ ਸ਼ਬਦਾਂ ਦੀਆਂ ਦੋ ਅਤੇ ਕੁਝ ਤਿੰਨਾਂ ਸਥਿਤੀਆਂ ਵਿਚ ਮਿਲਦੇ ਹਨ।

10. ਸ੍ਵਰ ਕਿਥੋਂ ਅਤੇ ਕਿਵੇਂ ਉਚਾਰੇ ਜਾਂਦੇ ਹਨ ਸਾਨੂੰ ਇਹ ਵੀ ਪਤਾ ਚਲਦਾ ਹੈ। ਭਾਵ ਸ੍ਵਰਾਂ ਦੀ ਉਚਾਰਣ ਪ੍ਰਕ੍ਰਿਆ ਬਾਰੇ ਵੀ ਗਿਆਨ ਹੁੰਦਾ ਹੈ।

## 13.3 (First Content section)

ਉੱਤਰ : ਪਰਿਭਾਸ਼ਾ : ਪੰਜਾਬੀ ਵਿਚ ਸ੍ਵਰ (Vowels) ਦੀ ਪਰਿਭਾਸ਼ਾ ਜੇਕਰ ਨਿਸ਼ਚਿਤ ਕਰੀਏ ਤਾਂ ਇਹ ਇਸ ਤਰ੍ਹਾਂ ਨਿਸ਼ਚਿਤ ਕੀਤੀ ਜਾ ਸਕਦੀ ਹੈ ਕਿ ਸ੍ਵਰ ਉਹ ਧੁਨੀਆਂ ਹਨ ਜਿਨ੍ਹਾਂ ਦੇ ਉਚਾਰਨ (on the basis of Articulation) ਸਮੇਂ ਹਵਾ ਬਿਨਾਂ ਰੋਕ ਮੂੰਹ ਚੋਂ ਬਾਹਰ ਆਉਂਦੀ ਹੈ। ਸਪੱਸ਼ਟ ਹੈ ਸ੍ਵਰ ਅਰੋਕ ਅਵਸਧ ਉਚਾਰੇ ਜਾਂਦੇ ਹਨ। ਪੰਜਾਬੀ ਵਿਚ ਤਿੰਨ੍ਹ ਸ੍ਵਰ ਵਾਹਕ ਹਨ ੳ, ਅ, ੲ ਅਤੇ ਇਨ੍ਹਾਂ ਨਾਲ ਲਗਾਂ-ਮਾਤਰਾਵਾਂ ਲਗਾ ਕੇ ਸ੍ਵਰਾਂ ਦੀ ਗਿਣਤੀ ਦਸ ਹੋ ਜਾਂਦੀ ਹੈ ਜਿਵੇਂ ਕੀ; ਈ, ਇ, ਐ, ਏ, ਅ ਆ, ਊ, ਉ, ਔ, ਓ।

ਸ੍ਵਰਾਂ ਦਾ ਵਰਗੀਕਰਨ ਕਈ ਆਧਾਰ ਤੇ ਕੀਤਾ ਜਾ ਸਕਦਾ ਹੈ ਜਿਵੇਂ ਕਿ :

## 13.4 (Second Content Section)

* ਮਾਤਰਾ (quantity) ਦੇ ਆਧਾਰ ਤੇ ਪੰਜਾਬੀ ਸ੍ਵਰਾਂ ਨੂੰ ਵਿਚ ਭਾਗਾਂ ਦੇ ਵੰਡਿਆ ਜਾ ਸਕਦਾ ਹੈ

    ੳ) ਦੀਰਘ ਸ੍ਵਰ (Long vowels) ਆ, ਈ, ਏ, ਐ, ਊ ਓ, ਔ

    ਅ) ਹ੍ਰਸਵ ਸ੍ਵਰ (Vowels) ਅ, ਇ, ਉ

* ਉਚਾਰਨ ਦੇ ਆਧਾਰ ਤੇ ਸ੍ਵਰਾਂ ਨੂੰ ਮੂੰਹ ਪੋਲ, ਜੀਭ ਤੇ ਹੋਠਾਂ ਦੇ ਆਧਾਰ ਤੇ ਵੰਡਿਆ ਜਾ ਸਕਦਾ ਹੈ ਜਿਵੇਂ ਕਿ :-

ੳ)  ਮੂੰਹ ਪੋਲ ਦੇ ਆਧਾਰ ਤੇ ਸੂਰ ਬੰਦ ਈ,ਊ, ਅੱਧ ਬੰਦ ਇ, ਏ, ਉ, ਓ, ਅੱਧ ਖੁਲ੍ਹੇ ਅ, ਐ, ਔ ਅਤੇ ਖੁਲ੍ਹੇ ਦੇ ਆਧਾਰ ਤੇ 'ਆ' ਕੇ ਰੂਪ 'ਚ ਸਾਡ੍ਹੇ ਸਾਹਮਣੇ ਆਉਂਦੇ ਹਨ।

ਅ)  ਜੀਭ ਦੇ ਅਧਾਰ ਤੇ ਸੂਰ ਜੀਭ ਦੀ ਖੜ੍ਹਵੀਂ ਸਥਿਤੀ ਜਿਵੇਂ ਕੀ ਉੱਚੇ ਈ, ਊ, ਅੱਧ ਉੱਚੇ ਇ, ਉ ਮੱਧਵਰਤੀ ਏ, ਓ ਮੱਧ ਨੀਵੇਂ ਅ ਉੱਚੇ ਨੀਵੇਂ ਐ, ਔ ਅਤੇ ਨੀਵੇਂ ਆ ਦੇ ਰੂਪ 'ਚ ਸਾਹਮਣੇ ਆਉਂਦੇ ਹਨ।

ੲ)  ਜੀਭ ਦੀ ਲੇਟਵੀਂ ਸਥਿਤੀ ਦੇ ਆਧਾਰ ਤੇ ਸੂਰ ਅਗਲੇ ਈ, ਏ, ਇ ਅਧ ਅਗਲੇ ਐ ਵਿਚਕਾਰਲੇ ਅ ਅੱਧ ਪਿਛਲਾ ਆ ਅਤੇ ਪਿਛਲੇ ਉ, ਊ, ਓ, ਔ ਦੇ ਰੂਪ 'ਚ ਸਾਹਮਣੇ ਆਉਂਦੇ ਹਨ।

## 13.5 (Third Content Section)

ਹੋਠਾਂ ਦੇ ਆਧਾਰ ਤੇ ਸੂਰ ਗੋਲ ਉ, ਊ, ਘਟ ਗੋਲ ਓ ਔ, ਅਗੋਲ ਇ, ਈ, ਏ ਐ, ਅ, ਆ ਦੇ ਰੂਪ 'ਚ ਸਾਡ੍ਹੇ ਸਾਹਮਣੇ ਆਉਂਦੇ ਹਨ। ਇਸ ਤੋਂ ਇਲਾਵਾ ਸੂਰ ਦਾ ਵਰਗੀਕਰਨ ਸਥਿਤੀ ਦੇ ਅਧਾਰ ਤੇ ਵੀ ਕੀਤਾ ਜਾਂਦਾ ਹੈ ਹਰ ਸੂਰ ਦਾ ਵਰਗੀਕਰਨ ਅਸੀਂ ਇਸ ਤਰ੍ਹਾਂ ਕਰ ਸਕਦੇ ਹਾਂ :

1/ਈ/ ਸੂਰਦੇ ਉਚਾਰਨ ਸਮੇਂ ਜੀਭ ਦਾ ਅਗਲਾ ਹਿੱਸਾ ਸਖਤ ਤਾਲੂ ਨੂੰ ਛੂੰਹਦਾ ਅਤੇ ਰਗੜ ਪੈਦਾ ਕਰਦਾ ਹਵਾ ਨੂੰ ਕੰਬਣ ਰਾਹੀਂ ਬਾਹਰ ਕਢਦਾ ਹੈ ਇਹ ਉੱਚਾ, ਅਗਲਾ, ਬੰਦ ਅਗੋਲ ਅਤੇ ਸਬਦਾਂ ਦੀਆਂ ਤਿੰਨ੍ਹਾਂ ਸਥਿਤੀਆਂ ਵਿਚ ਮਿਲਦਾ ਸੂਰ ਹੈ ਜਿਵੇਂ :-

| ਆਦਿ ਸਥਿਤੀ | ਮੱਧ ਸਥਿਤੀ | ਅੰਤਿਮ ਸਥਿਤੀ |
|---|---|---|
| ਈਸਾ | ਕੀਤਾ | ਪਤੀ |

2/ ਇ ਸੂਰ ਦੇ ਉਚਾਰਨ ਸਮੇਂ ਜੀਭ ਦਾ ਅਗਲਾ ਹਿੱਸਾ ਸਖਤ ਤਾਲੂ ਵੱਲ ਉਠਦਾ ਹੈ, ਹੋਠ ਖੁੱਲੇ ਹਵਾ ਸੂਰਤੰਤਰੀਆਂ ਵਿਚ ਕਬੰਣੀ ਪੈਦਾ ਕਰਦੀ ਬਾਹਰ ਨਿਕਲਦੀ ਹੈ ਇਹ ਅੱਧ ਉਚਾ, ਅਗੋਲ, ਅਗਲਾ ਤੇ ਸ਼ਬਦਾਂ ਦੀਆਂ ਤਿੰਨ੍ਹਾਂ ਸਥਿਤੀਆਂ ਵਿਚ ਮਿਲਦਾ ਸੂਰ ਹੈ। ਜਿਵੇਂ :

| ਆਦਿ ਸਥਿਤੀ | ਮੱਧ ਸਥਿਤੀ | ਅੰਤਿਮ ਸਥਿਤੀ |
|---|---|---|
| ਇਨ੍ਹਾਂ | ਕਿੱਸਾ | ਕਿ |

3 /ਏ ਸ੍ਵਰਦੇ ਉਚਾਰਨ ਸਮੇਂ ਜੀਭ ਦਾ ਅਗਲਾ ਹਿੱਸਾ ਸਖ਼ਤ ਤਾਲੂ ਵਲ ਉਠਦਾ ਹੈ, ਹੋਂਠ ਫੈਲੇ, ਸ੍ਵਰ ਤੰਤਰੀਆਂ ਵਿਚ ਕੰਬਣੀ ਪੈਦਾ ਕਰਦੀ ਹਵਾ ਬਾਹਰ ਨਿਕਲਦੀ ਹੈ। ਇਹ ਅਗਲਾ, ਅੱਧ ਬੰਦ, ਮੱਧ ਉੱਚਾ, ਅਗੋਲ ਸ੍ਵਰ ਅਤੇ ਸਬਦਾਂ ਦੀਆਂਤਿੰਨ੍ਹਾਂ ਸਥਿਤੀਆਂ ਵਿਚ ਮਿਲਣ ਵਾਲਾ ਸ੍ਵਰ ਹੈ :-

| ਆਦਿ ਸਥਿਤੀ | ਮੱਧ ਸਥਿਤੀ | ਅੰਤਿਮ ਸਥਿਤੀ |
|---|---|---|
| ਏਕਤਾ | ਖੇਤ | ਸੱਚੇ |

4/ਐ ਸ੍ਵਰਦੇ ਉਚਾਰਨ ਸਮੇਂ ਜੀਭ ਦਾ ਅਗਲਾ ਹਿੱਸਾ ਥੋੜਾ ਜਿਹਾ ਸਖਤ ਤਾਲੂ ਵਲ ਉਠਦਾ ਹੈ। ਜੀਭ ਦੀ ਉਚਾਈ ਘਟ ਹੁੰਦੀ ਹੈ, ਹੋਠ ਖੁੱਲੇ ਰਹਿੰਦੇ ਹਨ। ਇਹ ਅਗਲਾ, ਖੁਲਾ, ਦੀਰਘ, ਅਗੋਲ, ਸ੍ਵਰ ਹੈ। ਇਹ ਸ਼ਬਦਾ ਦੀਆਂ ਤਿੰਨ੍ਹਾਂ ਸਥਿਤੀਆਂ ਵਿਚ ਮਿਲਦਾ ਹੈ। ਜਿਵੇਂ :-

| ਆਦਿ ਸਥਿਤੀ | ਮੱਧ ਸਥਿਤੀ | ਅੰਤਿਮ ਸਥਿਤੀ |
|---|---|---|
| ਐਸਾ | ਖੈਰ | ਹੈ |

5/ਅ ਸ੍ਵਰ ਦੇ ਉਚਾਰਨ ਸਮੇਂ ਜੀਭ ਦਾ ਮੱਧਲਾ ਹਿੱਸਾ ਉਪਰ ਵਲ ਉਠਦਾ ਹੈ। ਹਵਾ ਬਰੋਕ ਬਾਹਰ ਆਉਂਦੀ ਹੈ। ਇਹ ਮੱਧਲਾ, ਅਗੋਲ, ਮੱਧ ਨੀਵਾਂ ਤੇ ਸ਼ਬਦਾਂ ਦੀਆਂ ਤਿੰਨ੍ਹਾਂ ਸਥਿਤੀਆਂ ਵਿਚ ਮਿਲਣ ਵਾਲਾ ਸ੍ਵਰ ਹੈ ਜਿਵੇਂ :-

| ਆਦਿ ਸਥਿਤੀ | ਮੱਧ ਸਥਿਤੀ | ਅੰਤਿਮ ਸਥਿਤੀ |
|---|---|---|
| ਅਰਸ਼ | ਜਨ | ‘ਚ |

6/ਆ ਸ੍ਵਰਦੇ ਉਚਾਰਨ ਸਮੇਂ ਜੀਭ ਹੇਠਾਂ ਟਿਕੀ ਰਹਿੰਦੀ ਹੈ ਹੋਂਠ ਖੁਲ੍ਹੇ, ਹਵਾ ਬੇਰੋਕ ਬਾਹਰ ਆਉਂਦੀ ਹੈ ।ਇਹ ਨੀਵਾਂ ਅਗੋਲ ਮਧਲਾ ਸ੍ਵਰ ਹੈ ਅਤੇ ਸ਼ਬਦਾਂ ਦੀਆਂ ਤਿੰਨ੍ਹ ਸਥਿਤੀਆਂ ਵਿਚ ਮਿਲਦਾ ਹੈ, ਜਿਵੇਂ :-

| ਆਦਿ ਸਥਿਤੀ | ਮੱਧ ਸਥਿਤੀ | ਅੰਤਿਮ ਸਥਿਤੀ |
|---|---|---|
| ਆਨ | ਕਾਲ | ਕਲਾ |

7/ਊ ਸ੍ਵਰ ਦੇ ਉਚਾਰਨ ਸਮੇਂ ਜੀਭ ਦਾ ਪਿਛਲਾ ਹਿੱਸਾ ਕੋਮਲ ਤਾਲੂ ਵਲ ਉੱਠਦਾ ਹੈ। ਹੋਂਠ ਗੋਲ, ਹਵਾ ਬਿਨਾਂ ਰੁਕਾਵਟ ਬਾਹਰ ਆਉਂਦੀ ਹੈ । ਇਹ ਉਚਾ, ਬੰਦ, ਪਿਛਲਾ, ਗੋਲ ਸ੍ਵਰ ਹੈ ਅਤੇ ਸ਼ਬਦਾਂ ਦੀਆਂ ਤਿੰਨ੍ਹਾਂ ਸਥਿਤੀਆਂ ਵਿਚ ਮਿਲਦਾ ਹੈ, ਜਿਵੇਂ :-

| ਆਦਿ ਸਥਿਤੀ | ਮੱਧ ਸਥਿਤੀ | ਅੰਤਿਮ ਸਥਿਤੀ |
|---|---|---|
| ਊਂਠ | ਪੂੰਜੀ | ਆੜੂ |

8/ਉ ਸ੍ਵਰ ਦੇ ਉਚਾਰਨ ਸਮੇਂ ਜੀਭ ਦਾ ਪਿੱਛਲਾ ਹਿੱਸਾ ਕੋਮਲ ਤਾਲੂ ਵਲ ਉੱਠਦਾ ਹੈ ਹੋਠ ਗੋਲ, ਹਵਾ ਸੁਰਤੰਤਰੀਆ ਵਿਚ ਕੰਬਣੀ ਪੈਦਾ ਕਰਦੀ ਹੋਈ ਬਾਹਰ ਆਉਂਦੀ ਹੈ। ਇਹ ਅੱਧ ਉੱਚਾ, ਅੱਧ ਬੰਦ, ਗੋਲ ਸ੍ਵਰ ਹੈ ਅਤੇ ਸ਼ਬਦਾਂ ਦੀਆਂ ਦੋ ਸਥਿਤੀਆਂ (ਪਹਿਲੀ ਤੇ ਦੂਜੀ) ਵਿਚ ਮਿਲਦਾ ਹੈ, ਜਿਵੇਂ :-

| ਆਦਿ ਸਥਿਤੀ | ਮੱਧ ਸਥਿਤੀ | ਅੰਤਿਮ ਸਥਿਤੀ |
|---|---|---|
| ਉਸ | ਪੁਤਰ | - |

9/ਓ ਸ੍ਵਰ ਦੇ ਉਚਾਰਨ ਸਮੇਂ ਜੀਭ ਦਾ ਪਿਛਲਾ ਹਿੱਸਾ ਕੋਮਲ ਤਾਲੂ ਵਲ ਉੱਠਦਾ ਹੈ ਮੂੰਹ ਅੱਧ ਖੁਲ੍ਹਾ ਤੇ ਹਵਾ ਬਿਨਾਂ ਰੁਕਾਵਟ ਬਾਹਰ ਨਿਕਲਦੀ ਹੈ । ਇਹ ਪਿਛਲਾ, ਅੱਧ ਖੁਲ੍ਹਾ ਅਤੇ ਗੋਲ ਸ੍ਵਰ ਹੈ ਅਤੇ ਸ਼ਬਦਾਂ ਦੀਆਂ ਤਿੰਨ੍ਹਾਂ ਸਥਿਤੀਆਂ ਵਿਚ ਮਿਲਦਾ ਹੈ, ਜਿਵੇਂ :-

| ਆਦਿ ਸਥਿਤੀ | ਮੱਧ ਸਥਿਤੀ | ਅੰਤਿਮ ਸਥਿਤੀ |
|---|---|---|
| ਓਟ | ਜ਼ੋਰ | ਕਰੋ |

10/ਔ ਸ੍ਵਰ ਦੇ ਉਚਾਰਨ ਸਮੇਂ ਜੀਭ ਦਾ ਪਿਛਲਾ ਹਿੱਸਾ ਕੋਮਲ ਤਾਲੂ ਵਲ ਉੱਠਦਾ ਹੈ। ਹੋਠ ਗੋਲ ਤੇ ਮੂੰਹ ਖੁਲ੍ਹਾ ਰਹਿੰਦਾ ਹੈ। ਹਵਾ ਬੇਰੋਕ ਟੋਕ ਬਾਹਰ ਆਉਂਦੀ ਹੈ। ਇਹ ਪਿਛਲਾ, ਗੋਲ ਤੇ ਸ਼ਬਦਾਂ ਦੀਆਂ ਤਿੰਨ੍ਹਾਂ ਸਥਿਤੀਆਂ ਵਿਚ ਮਿਲਣ ਵਾਲਾ ਸ੍ਵਰ ਹੈ :-

| ਆਦਿ ਸਥਿਤੀ | ਮੱਧ ਸਥਿਤੀ | ਅੰਤਿਮ ਸਥਿਤੀ |
|---|---|---|
| ਔਰਤ | ਦੌੜ | ਸੌ |

## 13.6 (Summary/ Conclusion/Let us sum up)

ਸਿੱਟਾ :- ਸ੍ਵਰਾਂ ਦੀ ਉਪਰੋਕਤ ਚਰਚਾ ਉਪ੍ਰੰਤ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਧੁਨੀ ਵਿਗਿਆਨ ਵਿਚ ਹਰ ਸ੍ਵਰ ਧੁਨੀ ਮਹੱਤਵਪੂਰਣ ਹੈ। ਇਸ ਰਾਹੀਂ ਹਰਸ੍ਵਰ ਧੁਨੀ ਦਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ ਅਤੇ ਇਸ ਤੋਂ ਅਸੀਂ ਹਰ ਸ੍ਵਰ ਧੁਨੀ ਦੇ ਉਚਾਰਨ ਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ। ਇਵੇਂ ਹੀ ਅਸੀਂ ਇਹ ਵੀ ਵੇਖ ਸਕਦੇ ਹਾਂ ਕਿ ਜਦੋਂ ਸ੍ਵਰ ਧੁਨੀਆਂ ਸ਼ਬਦਾਂ ਵਿਚ ਜੁੜ ਕੇ ਆਉਂਦੀਆਂ ਹਨ ਤਾਂ ਕਿਵੇਂ ਅਰਥਾਂ ਨੂੰ ਜਨਮ ਦਿੰਦੀਆਂ ਹਨ ।

## 13.7 (Glossary)

1) Vowels - ਸ੍ਵਰ

2) Quantity - ਮਾਤਰਾ

3) Long Vowels - ਦੀਰਘ ਸਵਰ

4) Short Vowels - ਹ੍ਰਸਵ ਸਵਰ

5) On the basis of Articulation- ਉਚਾਰਨ

6) Plane - ਜੀਭ

## 13.8 SAQ /CYP/ Possible Answers

1) ਪੰਜਾਬੀ ਭਾਸ਼ਾ ਵਿਚ ਤਿੰਨ੍ਹਸ੍ਵਰਵਾਹਕ ਹਨ। ੳ, ਅ, ਤੇ ੲ ਜਦੋਂ ਲਗਾਂ-ਮਾਤਰਾਵਾਂ ਇਨ੍ਹਾਂ ਨਾਲ ਲਗਦੀਆਂ ਹਨ ਤਾਂ ਸ੍ਵਰਾਂ ਦੀ ਗਿਣਤੀ ੧੦ ਹੋ ਜਾਂਦੀ ਹੈ ।

2) ਪੰਜਾਬੀ ਵਿਚ ਕੁਲ ੧੦ ਲਗਾਂ-ਮਾਤਰਾਵਾਂ ਹਨ -, ਾ, ਿ, ੀ, ੇ, ੈ, ੁ, ੂ, ੋ, ੌ, । ਇਹ ਲੱਗਾਂ ਮਾਤਰਾਵਾਂ ਕੇਵਲ ਸ੍ਵਰਾਂ ਨਾਲ ਹੀ ਲਗਦੀਆਂ ਹਨ ।

3) ਪੰਜਾਬੀ ਵਿਚ ਕੁਲ ਸਤ ਦੀਰਘ ਸ੍ਵਰ ਹਨ ਜਿਵੇਂ ਕੀ, ਆ, ਈ, ਏ, ਐ, ਊ, ਓ, ਔ ।

4) ਪੰਜਾਬੀ ਵਿਚ ਤਿੰਨ੍ਹ ਹ੍ਰਸਵ ਸ੍ਵਰ ਹਨ ਅਤੇ ਇਹ ਸ੍ਵਰ (ਹ੍ਰਸਵ) ਹਨ :- ਅ, ਇ, ਉ ।

5) ਅਗੋਲ ਸ੍ਵਰਾਂ ਦੀ ਗੱਲ ਕਰੀਏ ਤਾਂ ਅਸੀਂ ਇਹ ਕਹਿ ਸਕਦੇ ਹਾਂ ਕਿ ਪੰਜਾਬੀ ਵਿਚ ਕੁਲ

ਛੇ ਅਗੋਲ ਸ੍ਵਰ ਹਨ। ਇਨ੍ਹਾਂ ਦੀ ਉਦਾਹਰਣ ਇਸ ਤਰ੍ਹਾਂ ਹੈ :- ਈ, ਇ, ਏ, ਐ, ਅ, ਆ ।

6) ਗੋਲਸ੍ਵਰਾਂ ਦੀ ਗੱਲ ਕਰੀਏ ਤਾਂ ਇਸ ਸੰਬੰਧ ਵਿਚ ਸਾਡ੍ਹੇ ਸਾਹਮਣੇ ਚਾਰ ਗੋਲ ਸ੍ਵਰ ਦ੍ਰਿਸ਼ਟੀਗੋਚਰ ਹੁੰਦੇ ਹਨ। ਇਹ ਚਾਰ ਗੋਲ ਸ੍ਵਰ ਹਨ :- ਊ, ਉ, ਓ, ਔ ।

7) ਉਚਾਰਨ ਦੇ ਆਧਾਰ ਤੇ ਪੰਜਾਬੀ ਸ੍ਵਰਾਂ ਦਾ ਵਰਗੀਕਰਨ ਤਿੰਨ੍ਹ ਆਧਾਰ ਤੇ ਕੀਤਾ ਜਾਂਦਾ ਹੈ । ਇਹ ਤਿੰਨ੍ਹ ਆਧਾਰ ਹਨ :- ਮੂੰਹ ਪੋਲ ਦੇ ਆਧਾਰ ਤੇ, ਜੀਭ ਦੇ ਆਧਾਰ ਤੇ ਅਤੇ ਹੋਠਾਂ ਦੇ ਆਧਾਰ ਤੇ।

8) ਉੱਚੇ ਸ੍ਵਰ ਹਨ :- ਈ ਅਤੇ ਊ ।

9) ਮੱਧਲੇ ਸ੍ਵਰ ਹਨ :- ਅ ਅਤੇ ਆ।

10) ਪੰਜਾਬੀ ਵਿਚ ਤਿੰਨ੍ਹ ਨੀਵੇਂ ਸ੍ਵਰ ਹਨ ਅਤੇ ਇਹ ਸ੍ਵਰਹਨ :- ਐ, ਆ ਅਤੇ ਔ ।

## 13.9 Examination Oriented Questions

1) ਪੰਜਾਬੀ ਵਿਚ ਕਿੰਨ੍ਹੇ ਸ੍ਵਰ ਹਨ ?

2) ਪੰਜਾਬੀ ਵਿਚ ਕਿੰਨੀਆਂ ਲਗਾਂ ਮਾਤਰਾਵਾਂ ਹਨ ?

3) ਦੀਰਘਸ੍ਵਰ ਕਿੰਨ੍ਹੇ ਹਨ?

4) ਹ੍ਰਸਵਸ੍ਵਰ ਕਿੰਨ੍ਹੇ ਹਨ ?

5) ਅਗੋਲਸ੍ਵਰਕਿੰਨ੍ਹੇ ਹਨ ?

6) ਗੋਲ ਸ੍ਵਰ ਕਿੰਨ੍ਹੇ ਹਨ ?

7) ਉਚਾਰਨ ਦੇ ਆਧਾਰ ਤੇ ਪੰਜਾਬੀ ਸ੍ਵਰਾਂ ਦਾ ਵਰਗੀਕਰਨ ਕਿੰਨ੍ਹਾਂ ਆਧਾਰਾਂ ਤੇ ਕੀਤਾ ਜਾਂਦਾ ਹੈ ?

8) ਉੱਚੇ ਸ੍ਵਰ ਕਿਹੜੇ ਹਨ ?

9) ਮੱਧਲੇ ਸ੍ਵਰ ਕਿਹੜੇ ਹਨ ?

10) ਨੀਵੇਂ ਸੁਰ ਕਿਹੜੇ ਹਨ ?

## 13.10 Suggested Reading

ਪੜ੍ਹਨ ਦੀ ਸਲਾਹ

1) ਅਗਨੀਹੋਤਰੀ, ਵੇਦ :- ਪਰਿਚਾਇਕ ਭਾਸ਼ਾ ਵਿਗਿਆਨ, ਦੀਪਕ ਪਬਲੀਸ਼ਰਜ਼, ਜਲੰਧਰ। (1981)

2) ਹਰਕੀਰਤ ਸਿੰਘ :- ਭਾਸ਼ਾ ਵਿਗਿਆਨ ਤੇ ਪੰਜਾਬੀ ਭਾਸ਼ਾ, ਬਾਹਰੀ ਪਬਲੀਕੇਸ਼ਨ (1973)

3) ਪਦਮ, ਪਿਆਰਾ ਸਿੰਘ :- ਪੰਜਾਬੀ ਬੋਲੀ ਦਾ ਇਤਿਹਾਸ, ਨਿਊ ਬੁਕ ਕੰਪਨੀ, ਜਲੰਧਰ। (1968)

4) ਪੁਆਰ, ਜੋਗਿੰਦਰ ਸਿੰਘ :- ਭਾਸ਼ਾ ਵਿਗਿਆਨ ਸਕੰਲਪ ਦਿਸ਼ਾਵਾਂ, ਪੰਜਾਬੀ ਭਾਸ਼ਾ ਅਕੈਡਮੀ। (1988)

5) ਪ੍ਰੇਮ ਪ੍ਰਕਾਸ਼ ਸਿੰਘ :- ਪੰਜਾਬੀ ਬੋਲੀ ਦਾ ਨਿਕਾਸ ਅਤੇ ਵਿਕਾਸ, ਲਾਹੌਰ ਬੁਕ ਸ਼ਾਪ। ਲੁਧਿਆਣਾ (1971)

6) ਉਪਦੇਸ਼ ਕੌਰ, ਡਾ: :- ਪੰਜਾਬੀ ਧੁਨੀ ਜਗਤ, ਦੀਪਕ ਪਬਲੀਸ਼ਰਜ, ਜਲੰਧਰ ।

7) ਪ੍ਰੋ: ਸ਼ੈਰੀ ਸਿੰਘ :- ਭਾਸ਼ਾ ਵਿਗਿਆਨ, ਪੰਜਾਬੀ ਭਾਸ਼ਾ ਤੇ

ਪ੍ਰੋ: ਬ੍ਰਹਮ ਜਗਦੀਸ਼ ਸਿੰਘ ਗੁਰਮੁੱਖੀ ਲਿਪੀ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ। (2007)

8) ਸੰਘਾ, ਸੁਖਵਿੰਦਰ ਸਿੰਘ :- ਪੰਜਾਬੀ ਭਾਸ਼ਾ ਵਿਗਿਆਨ, ਪੰਜਾਬੀ ਭਾਸ਼ਾ ਅਕੈਡਮੀ, ਜਲੰਧਰ।

## 13.11 References

1) ਪ੍ਰੋ: ਸ਼ੈਰੀ ਸਿੰਘ, ਭਾਸ਼ਾ ਵਿਗਿਆਨ ਪੰਜਾਬੀ ਭਾਸ਼ਾ ਤੇ ਗੁਰਮੁੱਖੀ ਲਿਪੀ, ਪੰਨਾ-165.

2) Mario Pei, Invitation to Linguistics, Page-13.

3) K. L. Pike, Phonetics, Page -116.

4) ਡੇਵਿਡ ਕ੍ਰਿਸਟਲ, 'ਏ ਡਿਕਸ਼ਨਰੀ ਆਫ਼ ਲਿੰਗੁਏਸਟਿਕ ਐਂਡ ਫੋਨੈਟਿਕਸ, ਪੰਨਾ-229.

5) ਪ੍ਰੋ: ਸ਼ੈਰੀ ਸਿੰਘ, ਭਾਸ਼ਾ ਵਿਗਿਆਨ ਪੰਜਾਬੀ ਭਾਸ਼ਾ ਤੇ ਗੁਰਮੁੱਖੀ ਲਿਪੀ ਪੰਨਾ-169.

6) ਡਾ: ਉਪਦੇਸ਼ ਕੌਰ, ਪੰਜਾਬੀ ਧੁਨੀ ਜਗਤ, ਪੰਨਾ-19.

-----o-----

**Unit -III ( ਭਾਸ਼ਾ ਵਿਗਿਆਨ)** **Lesson No. : 14**

## Title : ਪ੍ਰਸ਼ਨ-ਪੰਜਾਬੀ ਵਿਅੰਜਨ : ਪਰਿਭਾਸ਼ਾ ਅਤੇ ਵਰਗੀਕਰਨ

### 14.1 Introduction

ਕਿਸੇ ਭਾਸ਼ਾ ਦਾ ਵਿਗਿਆਨਕ ਅਧਿਐਨ ਕਰਨ ਲਈ ਉਸ ਭਾਸ਼ਾ ਦੇ ਧੁਨੀ ਪ੍ਰਬੰਧ ਨੂੰ ਜਾਣਨਾ ਬਹੁਤ ਜ਼ਰੂਰੀ ਹੈ। ਧੁਨੀਆਂ ਦਾ ਦੋ ਪੱਖਾਂ ਤੋਂ ਅਧਿਐਨ ਕੀਤਾ ਜਾਂਦਾ ਹੈ। ਇਕ ਹੈ ਧੁਨੀ ਬਣਤਰ ਅਤੇ ਦੂਜਾ ਹੈ ਉਨ੍ਹਾਂ ਧੁਨੀਆਂ ਦੀ ਵਿਉਂਤਬੰਦੀ ਭਾਵ ਉਨ੍ਹਾਂ ਦੀ ਵਰਤੋਂ ਜਦੋਂ ਵੀ ਭਾਸ਼ਾ ਦਾ ਅਧਿਐਨ ਕਿਸੇ ਵੀ ਪੱਖ ਤੋਂ ਜਾਂ ਧੁਨੀਆਂ ਦੇ ਪੱਖ ਤੋਂ ਕਰਨਾ ਹੋਵੇ। ਪਰ ਕਿਸੇ ਭਾਸ਼ਾ ਦੇ ਸੰਬੰਧ ਵਿਚ ਧੁਨੀਆਤਮਕ ਅਧਿਐਨ ਕਰਨ ਤੋਂ ਪਹਿਲਾਂ ਕੁਝ ਪੱਖ ਚੇਤੇ ਕਰਨੇ ਜ਼ਰੂਰੀ ਹਨ ਜਿਵੇਂ : ਭਾਸ਼ਾ ਆਪਣੇ ਆਪ ਵਿਚ ਮੌਖਿਕ ਹੈ। ਇਹ ਬੁਲਾਰਿਆਂ ਦੇ ਬੁਲ੍ਹਾਂ ਨਾਲ ਜੀਵਤ ਹੈ ਅਤੇ ਲਿਖਤ ਆਪਣੇ ਆਪ ਵਿਚ ਭਾਸ਼ਾ ਦਾ ਪ੍ਰਤੱਖ ਚਿੰਨ੍ਹਾਤਮਕ ਰੂਪ ਹੈ ਅਤੇ ਇਨ੍ਹਾਂ ਬਾਰੇ ਸਾਡੀ ਜਾਣਕਾਰੀ ਪੂਰੀ ਵੀ ਨਹੀਂ ਹੈ। ਸੋ ਧੁਨੀ ਵਿਗਿਆਨ ਧੁਨੀਆਂ ਦੀ ਬਣਤਰ ਭਾਵ ਧੁਨੀਆਂ ਕਿਵੇਂ ਪੈਦਾ ਹੁੰਦੀਆ ਹਨ ਦਾ ਅਧਿਐਨ ਕਰਦਾ ਹੈ।

### 14.2 Objectives

ਵਿਅੰਜਨਾਂ ਦੇ ਅਧਿਐਨ ਉਪ੍ਰੰਤ ਵਿਅੰਜਨਾਂ ਦੇ ਕਈ ਉਦੇਸ਼/ਲਕਸ਼ ਸਾਡ੍ਹੇ ਸਾਹਮਣੇ ਆਉਂਦੇ ਹਨ ਜਿਵੇਂ ਕਿ :

1. ਵਿਅੰਜਨਾਂ ਦੇ ਅਧਿਐਨ ਉਪ੍ਰੰਤ ਸਾਨੂੰ ਪਤਾ ਚਲਦਾ ਹੈ ਕਿ ਵਿਅੰਜਨ ਸ੍ਵਰਾਂ ਦੀ ਮਦਦ ਨਾਲ ਹੀ ਉਚਾਰੇ ਜਾਂਦੇ ਹਨ।
2. ਵਿਅੰਜਨ ਪਰਾਧੀਨ ਧੁਨੀਆਂ ਹੁੰਦੇ ਹਨ।
3. ਵਿਅੰਜਨ ਉਚਾਰਨ ਸਮੇਂ ਹਵਾ ਰੁਕ ਕੇ ਬਾਹਰ ਨਿਕਲਦੀ ਹੈ।
4. ਵਿਅੰਜਨ ਘੱਟ ਗੂੰਜਵੇਂ ਹੁੰਦੇ ਹਨ।
5. ਵਿਅੰਜਨ ਖ਼ਾਸ-ਖ਼ਾਸ ਥਾਵਾਂ ਤੋਂ ਉਚਾਰੇ ਜਾਂਦੇ ਹਨ।

6. ਕਈ ਵਿਅੰਜਨ ਸ਼ਬਦਾਂ ਦੀਆਂ ਦੋ ਅਤੇ ਕਈ ਤਿੰਨ੍ਹ ਸਥਿਤੀਆਂ ਵਿਚ ਉਚਾਰੇ ਜਾਂਦੇ ਹਨ।

7. ਵਿਅੰਜਨ ਕਿਵੇਂ ਅਤੇ ਕਿਥੋਂ ਉਚਾਰਣ ਹੁੰਦੇ ਹਨ ਇਸ ਬਾਰੇ ਵੀ ਪਤਾ ਚਲਦਾ ਹੈ।

8. ਵਿਅੰਜਨਾਂ ਦੀ ਉਚਾਰਣ ਪ੍ਰਕ੍ਰਿਆ ਬਾਰੇ ਪਤਾ ਚਲਦਾ ਹੈ।

9. ਘੋਸ਼ਤਾ, ਪ੍ਰਾਣਤਾ, ਧੁਨੀਆਂ ਦੇ ਅਮਲ ਬਾਰੇ ਗਿਆਨ ਹੁੰਦਾ ਹੈ।

10. ਉਚਾਰਨ ਪ੍ਰਯਤਨ ਨਾਲ ਸੰਬੰਧਿਤ ਧੁਨੀਆਂ ਸੰਬੰਧੀ ਗਿਆਨ ਹੁੰਦਾ ਹੈ।

## 14.3 (First Content Section)

ਉੱਤਰ: "ਵਿਅੰਜਨ (Consonants) ਧੁਨੀਆਂ ਸੰਬੰਧੀ ਇਹ ਗਲ ਪ੍ਰਤੱਖ ਕਹੀ ਜਾ ਸਕਦੀ ਹੈ ਕਿ ਵਿਅੰਜਨ ਉਹ ਧੁਨੀ ਹੈ ਜਿਸਦੇ ਉਚਾਰਨ ਸਮੇਂ ਹਵਾ ਅਰੋਕ ਗਤੀ ਨਾਲ ਨਹੀਂ ਨਿਕਲ ਸਕਦੀ; ਜਾਂ ਤਾਂ ਹਵਾ ਪੂਰੀ ਤਰ੍ਹਾਂ ਰੁਕਦੀ ਹੈ, ਜਾਂ ਕੰਬਣੀ ਖਾਂਦੀ ਹੈ ਅਤੇ ਘਸਰ ਕੇ ਬਾਹਰ ਨਿਕਲਦੀ ਹੈ।"[1] ਇਵੇਂ "ਵਿਅੰਜਨ ਉਦੋਂ ਪੈਦਾ ਹੁੰਦੇ ਹਨ ਜਦੋਂ ਸਾਹ ਦੀ ਹਵਾ (ਵਾਯੁ-ਧਾਰਾ) ਮੂੰਹ-ਪੋਲ ਚੋਂ ਗੁਜ਼ਰਦੀ ਹੋਈ ਝੱਟ ਬਿੰਦ ਲਈ ਰੁਕਦੀ ਹੈ ਜਾ ਰਗੜ ਖਾ ਕੇ ਨਿਕਲਦੀ ਹੈ।"[2] ਵਿਅੰਜਨ ਵਰਗੀਕਰਨ ਕਈ ਅਧਾਰਾਂ ਤੇ ਕੀਤਾ ਜਾ ਸਕਦਾ ਹੈ ਜਿਵੇਂ ਕਿ ਘੋਸ਼ਤਾ, ਪ੍ਰਾਣਤਾ, ਸਥਾਨ ਅਤੇ ਪ੍ਰਯਤਨ। ਕ੍ਰਮਵਾਰ ਇਨ੍ਹਾਂ ਦਾ ਅਧਿਐਨ ਇਵੇਂ ਪੇਸ਼ ਹੈ :

## 14.4 (Second content section)

<u>ਸਥਾਨ</u>

- ਕੰਠੀ (Velar) - ਕ, ਖ, ਗ,
- ਤਾਲਵੀ (Palatal) - ਚ, ਛ, ਜ
- ਮੂਰਧਨੀ (Retroflex) - ਟ, ਠ, ਡ
- ਦੰਤੀ (Dental) - ਤ, ਥ, ਦ
- ਦੁਹੋਠੀ (Bilabial) - ਪ. ਫ. ਬ

<u>ਘੋਸ਼ਤਾ</u>

ਘੋਸ਼ਤਾ ਧੁਨੀਆਂ ਨੂੰ ਅਸੀਂ ਦੋ ਆਧਾਰ ਤੇ ਵੰਡ ਸਕਦੇ ਹਾਂ। ਇਨ੍ਹਾਂ ਵਿੱਚੋਂ ਇਕ ਆਧਾਰ ਘੋਸ਼ ਅਤੇ ਦੂਜਾ ਅਘੋਸ਼ ਹੈ। ਘੋਸ਼ ਧੁਨੀਆਂ ਉਹ ਧੁਨੀਆਂ ਹਨ ਜਿਨ੍ਹਾਂ ਨੂੰ ਉਚਾਰਨ ਵੇਲੇ ਸਾਡੀਆਂ ਸੁਰਤੰਦਾਂ ਵਿਚ ਕੰਬਣੀ ਜ਼ਿਆਦਾ ਹੁੰਦੀ ਹੈ ਤੇ ਇਸ ਦੇ ਵਿਪਰੀਤ ਅਘੋਸ਼ ਧੁਨੀਆਂ ਵਿਚ ਘੱਟ ਕੰਬਣੀ ਪੈਦਾ ਹੁੰਦੀ ਹੈ ਜਿਵੇਂ ਪੰਜਾਬੀ ਵਿਚ ਗ, ਘ, ਜ ਝ, ਡ ਢ, ਦ, ਧ, ਧੁਨੀਆਂ ਘੋਸ਼ ਤੇ ਕ, ਖ, ਚ ਛ, ਟ, ਠ, ਤ ਥ ਧੁਨੀਆਂ ਅਘੋਸ਼ ਧੁਨੀਆਂ ਹਨ।

<u>ਪ੍ਰਾਣਤਾ</u>

ਪ੍ਰਾਣਤਾ ਧੁਨੀਆਂ ਨੂੰ ਵੀ ਅਸੀਂ ਦੋ ਆਧਾਰਾਂ ਤੇ ਵੰਡ ਸਕਦੇ ਹਾਂ। ਇਵੇਂ ਇਕ ਆਧਾਰ ਅਲਪ੍ਰਾਣ ਤੇ ਦੂਜਾ ਆਧਾਰ ਮਹਾਪ੍ਰਾਣ ਦੇ ਆਧਾਰ ਤੇ ਸਾਡ੍ਹੇ ਸਾਹਮਣੇ ਆਉਂਦਾ ਹੈ। ਵਿਚਾਰਯੋਗ ਹੈ ਕਿ ਇਨ੍ਹਾਂ ਦੋਨਾਂ ਆਧਾਰਾਂ ਦਾ ਸੰਬੰਧ ਸਾਹ ਦੀ ਮਾਤਰਾ ਨਾਲ ਹੈ। ਜਿਵੇਂ ਕੀ ਮਹਾਪ੍ਰਾਣ ਧੁਨੀਆਂ ਉਹ ਧੁਨੀਆਂ ਹਨ ਜਿਨ੍ਹਾਂ ਦੇ ਉਚਾਰਨ ਸਮੇਂ ਹਵਾ ਦੀ ਬਹੁਤਾਂਤ ਵਰਤੋਂ ਹੁੰਦੀ ਹੈ ਅਤੇ ਇਸ ਦੇ ਵਿਪਰੀਤ ਅਲਪ੍ਰਾਣ ਧੁਨੀਆਂ ਵਿਚ ਹਵਾ ਦੀ ਵਰਤੋਂ ਘੱਟ ਹੁੰਦੀ ਹੈ। "ਪ੍ਰਾਣਤਾ ਦੇ ਆਧਾਰ ਤੇ ਪੰਜਾਬੀ ਦੇ ਇਹ ਵਿਅੰਜਨ ਹਨ- ਅਲਪ੍ਰਾਣ -(ਕ, ਗ, ਚ, ਜ, ਟ, ਡ, ਤ, ਦ, ਪ, ਬ) ਮਹਾਪ੍ਰਾਣ-(ਖ, ਘ, ਛ,ਝ, ਠ,ਢ, ਫ, ਭ)।"[3]

## 14.5 ਪ੍ਰਯਤਨ ਦੇ ਆਧਾਰ ਤੇ ਪੰਜਾਬੀ ਧੁਨੀਆਂ ਦਾ ਵਰਗੀਕਰਨ

**ਸਪਰਸ਼ੀ ਧੁਨੀਆਂ** (Stops): "ਸਪਰਸ਼ੀ ਧੁਨੀਆਂ ਉਹ ਧੁਨੀਆਂ ਹਨ ਜਿਨ੍ਹਾਂ ਦੇ ਉਚਾਰਨ ਸਮੇਂ ਉਚਾਰਕ ਉਚਾਰਨ ਸਥਾਨ ਨੂੰ ਛੂੰਹਦਾ ਹੈ ਅਤੇ ਹਵਾ ਦਾ ਰਾਹ ਪਲ ਭਰ ਲਈ ਬੰਦ ਹੋ ਜਾਂਦਾ ਹੈ ਅੰਦਰੋਂ ਆ ਰਹੀ ਹਵਾ ਵਿਚ ਰੁਕਾਵਟ ਪੈਦਾ ਹੁੰਦੀ ਹੈ ਪਰ ਜਿਉਂ ਹੀ ਉਚਾਰਕ ਉਚਾਰਨ ਸਥਾਨ ਨੂੰ ਛੂਹ ਕੇ ਪਰ੍ਹਾਂ ਹਟਦਾ ਹੈ ਹਵਾ ਇਕਦਮ ਸਫ਼ੋਟ ਕਰਦੀ ਹੋਈ ਬਾਹਰ ਨਿਕਲਦੀ ਹੈ।"[4] ਪੰਜਾਬੀ ਵਿਚ 15 ਸਪਰਸ਼ੀ ਧੁਨੀਆਂ ਹਨ ਜਿਵੇਂ ਕੀ : ਕ, ਖ, ਗ, ਚ, ਛ, ਜ, ਟ, ਠ, ਡ, ਤ, ਥ, ਦ, ਪ, ਫ, ਬ,

**ਸਪਰਸ਼ ਸੰਘਰਸ਼ੀ** (Affricated Stops) : ਧੁਨੀਆਂ ਦੇ ਉਚਾਰਨ ਸਮੇਂ ਉਚਾਰਕ ਉਚਾਰਨ ਸਥਾਨ ਨੂੰ ਛੂੰਹਦਾ ਹੈ ਉਚਾਰਕ ਉਚਾਰਨ ਸਥਾਨ ਨਾਲੋਂ ਹੌਲੀ-ਹੌਲੀ ਪਰ੍ਹਾਂ ਹਟਦਾ ਹੈ ਇਵੇਂ ਹਵਾ ਸੋੜੇ ਰਾਹ ਨਾਲ ਰਘੜ ਖਾ ਕੇ ਬਾਹਰ ਆਉਂਦੀ ਹੈ ਚ, ਛ, ਜ, ਸਪਰਸ਼ ਸੰਘਰਸ਼ੀ ਧੁਨੀਆਂ ਹਨ।

**ਸੰਘਰਸ਼ੀ ਧੁਨੀਆਂ** : (Fricatives) ਨੂੰ ਉਚਾਰਨ ਸਮੇਂ ਉਚਾਰਕ ਉਚਾਰਨ ਸਥਾਨ ਤਕ ਜਾਂਦਾ ਹੈ ਪਰ ਉਚਾਰਕ ਦਾ ਉਚਾਰਨ ਸਥਾਨ ਨਾਲ ਕਿਧਰੇ ਵੀ ਸਪਰਸ਼ ਨਹੀਂ ਹੁੰਦਾ ਹਵਾ ਤੰਗ

ਰਾਹ ਰਾਹੀਂ ਰਗੜ ਖਾ ਕੇ ਬਾਹਰ ਆਉਂਦੀ ਹੈ। "ਪੰਜਾਬੀ ਵਿਚ ਸ, ਸ਼, ਹ, ਜ਼, ਫ਼, ਖ਼, ਤੇ ਗ਼ ਸ਼ੰਘਰਸ਼ੀ ਧੁਨੀਆਂ ਹਨ। "[5]

**ਲੁੰਠਿਤ/ਰੋਲਦਾਰ** (Trillor rolled) ਉਹ ਧੁਨੀ ਹੁੰਦੀ ਹੈ ਜਿਸ ਦੇ ਉਚਾਰਨ ਸਮੇਂ ਜੀਭ ਦੀ ਨੋਕ ਥੋੜ੍ਹਾ ਜਿਹਾ ਪਲੇਸਟਾ ਖਾ ਕੇ ਵਰਤਸ ਨੂੰ ਝਟਪਟ ਛੂੰਹਦਾ ਹੋਈ ਵਾਪਸ ਆਉਂਦੀ ਹੈ। ਪੰਜਾਬੀ ਵਿਚ ਇਕੋ-ਇਕ ਧੁਨੀ ਲੁੰਠਿਤ/ਰੋਲਦਾਰ ਹੈ ਤੇ ਉਹ ਧੁਨੀ 'ਰ' ਹੈ।

**ਉਤਖਿਪਤ** : ਪੰਜਾਬੀ ਵਿਚ 'ੜ' ਧੁਨੀ ਉਤਖਿਪਤ ਧੁਨੀ ਹੈ। ਇਸ ਧੁਨੀ ਦੇ ਉਚਾਰਨ ਸਮੇਂ ਜੀਭ ਦੀ ਨੋਕ ਪਲੇਸਟਾ ਖਾ ਕੇ ਸ਼ਖਤ ਤਾਲੂ ਨੂੰ ਝਟਕੇ ਨਾਲ ਛੂਹੰਦੀ ਹੋਈ ਤੇਜ਼ੀ ਨਾਲ ਵਾਪਸ ਆਉਂਦੀ ਹੈ।

**ਪਾਰਸ਼ਵਿਕ/ਪਾਸੇਦਾਰ (Laterals)** : ਪੰਜਾਬੀ ਵਿਚ 'ਲ' ਧੁਨੀ ਪਾਰਸ਼ਵਿਕ ਧੁਨੀ ਹੈ। ਇਸ ਧੁਨੀ ਦੇ ਉਚਾਰਨ ਸਮੇਂ ਜੀਭ ਦੀ ਨੋਕ ਪੁਠੀ ਹੋ ਕੇ ਵਰਤਸ ਨੂੰ ਛੂੰਹਦੀ ਹੈ। ਹਵਾ ਸ੍ਵਰ ਤੰਤਰੀਆਂ ਵਿਚ ਕੰਬਣੀ ਪੈਦਾ ਕਰਦੀ ਜੀਭ ਦੀ ਨੋਕ ਦਾ ਮਸੂੜਿਆਂ ਵਲ ਜਾਣ ਕਾਰਨ ਪਾਸਿਆਂ ਰਾਹੀਂ ਬਾਹਰ ਨਿਕਲਦੀ ਹੈ।

**ਅਰਧ ਵਿਅੰਜਨ/ਸ੍ਵਰ** : ਇਨ੍ਹਾਂ ਧੁਨੀਆਂ ਦੇ ਉਚਾਰਨ ਸਮੇਂ ਹਵਾ ਸ੍ਵਰ ਵਾਂਗ ਬਿਨਾਂ ਕਿਸੇ ਰੁਕਾਵਟ ਬਾਹਰ ਆਉਂਦੀ ਹੈ ਇਸ ਸੰਬੰਧ 'ਚ, 'ਯ' ਧੁਨੀ ਦੇ ਉਚਾਰਨ ਸੰਬੰਧੀ ਗਲ ਕਰੀਏ ਤਾਂ ਇਹ ਕਿਹਾ ਜਾ ਸਕਦਾ ਹੈ 'ਯ' ਧੁਨੀ ਦੇ ਉਚਾਰਨ ਸਮੇਂ ਜੀਭ ਦਾ ਅਗਲਾ ਹਿੱਸਾ ਸਖ਼ਤ ਤਾਲੂ ਵਲ ਉੱਠਦਾ ਹੈ ਇਵੇਂ ਹਵਾ ਸ੍ਵਰ ਤੰਤਰੀਆਂ ਵਿਚ ਕੰਬਣੀ ਪੈਦਾ ਕਰਦੀ ਹੋਈ ਬਾਹਰ ਆਉਂਦੀ ਹੈ ਇਹ ਅਗੋਲ, ਤਾਲਵੀ ਧੁਨੀ ਹੈ ਇਸੇ ਤਰ੍ਹਾਂ 'ਵ' ਧੁਨੀ ਦੇ ਉਚਾਰਨ ਸਮੇਂ ਹੇਠਲਾ ਹੋਠ ਉਪਰਲੇ ਦੰਦ ਨੂੰ ਛੂੰਹਦਾ ਹੈ ਹਵਾ ਕੰਬਣੀ ਪੈਦਾ ਕਰਦੀ ਹੋਈ ਬਾਹਰ ਆਉਂਦੀ ਹੈ। ਇਹ ਦੰਤੀ, ਹੋਠੀ, ਘੋਸ਼ ਧੁਨੀ ਹੈ।

**ਨਾਸਿਕ ਧੁਨੀਆਂ : (Nasals)** : ਨਾਸਿਕ ਧੁਨੀਆਂ ਦੇ ਉਚਾਰਨ ਸਮੇਂ ਹਵਾ ਨੱਕ ਰਾਹੀਂ ਬਾਹਰ ਆਉਂਦੀ ਹੈ। ਪੰਜਾਬੀ ਵਿਚ ਨ, ਣ, ਮ, ਙ, ਞ ਨਾਸਿਕ ਧੁਨੀਆਂ ਹਨ। ਇਨ੍ਹਾਂ ਧੁਨੀਆਂ ਦੇ ਉਚਾਰਨ ਸਮੇਂ ਕੋਮਲ ਤਾਲੂ ਹੇਠਾਂ ਡਿਗ ਪੈਂਦਾ ਹੈ, ਜਿਸ ਨਾਲ ਮੂੰਹ ਪੋਲ ਦਾ ਰਸਤਾ ਬੰਦ ਹੋ ਜਾਂਦਾ ਹੈ ਅਤੇ ਹਵਾ ਨੱਕ ਰਾਹੀਂ ਬਾਹਰ ਆਉਂਦੀ ਹੈ। ਇਵੇਂ ਇਸ ਸਥਿਤੀ ਅਧੀਨ ਉਚਾਰੀਆਂ ਗਈਆਂ ਧੁਨੀਆਂ ਨੂੰ ਨਾਸਕੀ ਕਿਹਾ ਜਾਂਦਾ ਹੈ।

## 14.6 (Summary/Conclusion/Let us sum up)

ਸਿੱਟਾ : ਵਿਅੰਜਨਾਂ ਦੀ ਉਪਰੋਕਤ ਚਰਚਾ ਉਪ੍ਰੰਤ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਧੁਨੀ ਵਿਗਿਆਨ ਵਿਚ ਹਰ ਸ੍ਵਰ ਧੁਨੀ ਵਾਂਗ ਹਰ ਵਿਅੰਜਨ ਧੁਨੀ ਵੀ ਮਹੱਤਵਪੂਰਨ ਹੈ। ਇਸ ਰਾਹੀਂ ਹਰ ਵਿਅੰਜਨ ਧੁਨੀ ਦਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਇਸ ਤੋਂ ਅਸੀਂ ਹਰ ਵਿਅੰਜਨ ਧੁਨੀ ਦੇ ਉਚਾਰਨ ਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ। ਇਵੇਂ ਹੀ ਇਸ ਵਿਚ ਅਸੀਂ ਇਹ ਵੀ ਵੇਖ ਸਕਦੇ ਹਾਂ ਕਿ ਜਦੋਂ ਵਿਅੰਜਨ ਧੁਨੀਆਂ ਸ਼ਬਦਾਂ ਵਿਚ ਜੁੜ ਕੇ ਆਉਂਦੀਆਂ ਹਨ ਤਾਂ ਕਿਵੇਂ ਅਰਥਾਂ ਨੂੰ ਜਨਮ ਦਿੰਦੀਆਂ ਹਨ।

## 14.7 (Glossary)

1. Consonants - ਵਿਅੰਜਨ
2. Stops - ਸਪਰਸ਼ੀ ਧੁਨੀਆਂ
3. Affricated stops - ਸਪਰਸ਼ ਸੰਘਰਸ਼ੀ
4. Fricatives - ਸੰਘਰਸ਼ੀ ਧੁਨੀਆਂ
5. Laterals - ਪਾਰਸ਼ਵਿਕ ਧੁਨੀਆਂ
6. TrillOr rolled - ਲੁਠਿੰਤ/ਰੋਲਦਾਰ ਧੁਨੀਆਂ
7. Nasals - ਨਾਸਿਕ ਧੁਨੀਆਂ
8. Velar - ਕੰਠੀ ਧੁਨੀਆਂ
9. Palatel - ਤਾਲਵੀ ਧੁਨੀਆਂ
10. Retroflex - ਮੂਰਧਨੀ ਧੁਨੀਆਂ
11. Dental - ਦੰਤੀ ਧੁਨੀਆਂ
12. Bilabial - ਦੁ ਹੋਠੀ

## 14.8 SAQ/CYP/Possible Answer

1. ਵਿਅੰਜਨ ਧੁਨੀਆਂ ਉਹ ਧੁਨੀਆਂ ਹਨ ਜਿਨ੍ਹਾਂ ਨੂੰ ਉਚਾਰਨ ਸਮੇਂ ਸਾਡੇ ਮੂੰਹ ਵਿੱਚੋਂ

ਨਿਕਲਦੀ ਹਵਾ ਵਿਚ ਰੋਕ ਪੈਦਾ ਹੁੰਦੀ ਹੈ। ਕ, ਖ, ਗ, ਚ, ਛ, ਜ, ਟ, ਠ, ਡ, ਪ, ਫ, ਬ ਆਦਿ ਵਿਅੰਜਨ ਧੁਨੀਆਂ ਹਨ।

2. ਪੰਜਾਬੀ ਵਿਚ ਕੁਲ 32 ਵਿਅੰਜਨ ਧੁਨੀਆਂ ਹਨ। ਗੁਰਮੁੱਖੀ ਲਿਪੀ 35 ਅੱਖਰੀ ਲਿਪੀ ਹੈ। ਇਸ ਵਿਚਲੇ ਪਹਿਲੇ ਤਿੰਨ੍ਹ ਅੱਖਰ ੳ, ਅ, ੲ, ਨੂੰ ਛੱਡ ਕੇ ਬਾਕੀ ਸਾਰੇ ਰਹਿੰਦੇ 32 ਅੱਖਰ ਵਿਅੰਜਨ ਧੁਨੀਆਂ ਹਨ। ਸਪੱਸ਼ਟ ਹੈ ਸ ਤੋਂ ਲੈ ਕੇ ੜ ਤੱਕ ਸਾਰੀਆਂ ਧੁਨੀਆਂ ਵਿਅੰਜਨ ਧੁਨੀਆਂ ਹਨ।

3. ਕੰਠੀ ਧੁਨੀਆਂ ਉਹ ਧੁਨੀਆਂ ਹੁੰਦੀਆਂ ਹਨ ਜੋ ਜੀਭ ਪਿੱਛਲਾ ਭਾਵ ਜੋ ਕੰਠ ਤੂੰ ਉਚਾਰੀਆਂ ਜਾਂਦੀਆਂ ਹਨ। ਇਸ ਤਰ੍ਹਾਂ ਕ, ਖ, ਗ, ਘ, ਆਦਿ ਧੁਨੀਆਂ ਕੰਠੀ ਧੁਨੀਆਂ ਹਨ।

4. ਚ, ਛ, ਜ, ਧੁਨੀਆਂ ਤਾਲਵੀ ਧੁਨੀਆਂ ਹਨ।

5. ਪੰਜਾਬੀ ਵਿਚ ਟ, ਠ, ਡ ਧੁਨੀਆਂ ਮੂਰਧਨੀ ਧੁਨੀਆਂ ਹਨ।

6. ਪੰਜਾਬੀ ਵਿਚ ਅਘੋਸ਼ ਧੁਨੀਆਂ ਉਨ੍ਹਾਂ ਧੁਨੀਆਂ ਨੂੰ ਕਿਹਾ ਜਾਂਦਾ ਹੈ ਜਿਨ੍ਹਾਂ ਦੇ ਉਚਾਰਨ ਸਮੇਂ ਸੁਰਤੰਦਾਂ ਦੀ ਕੰਬਣ ਗਤੀ ਘਟ ਹੋਵੇ। ਇਸ ਤਰ੍ਹਾਂ ਹਰ ਪਹਿਲੀ ਦੂਜੀ ਧੁਨੀ ਨੂੰ ਅਘੋਸ਼ ਧੁਨੀ ਕਿਹਾ ਜਾਂਦਾ ਹੈ ਜਿਵੇਂ ਕ, ਖ, ਚ, ਛ, ਠ, ਟ, ਤ, ਥ ਆਦਿ ਪ੍ਰਮੁੱਖ ਅਘੋਸ਼ ਦੁਨੀਆਂ ਹਨ।

7. ਸਘੋਸ਼ ਧੁਨੀਆਂ ਉਹ ਧੁਨੀਆਂ ਹਨ ਜਿਨ੍ਹਾਂ ਨੂੰ ਉਚਾਰਨ ਸਮੇਂ ਸੁਰਤੰਦਾਂ ਦੀ ਕੰਬਣ ਗਤੀ ਜ਼ਿਆਦਾ ਹੋਵੇ। ਇਸ ਆਧਾਰ ਤੇ ਹਰ ਤੀਜੀ ਚੌਥੀ ਧੁਨੀ ਸਘੋਸ਼ ਧੁਨੀ ਹੈ ਜਿਵੇਂ ਗ, ਘ, ਜ, ਝ, ਡ, ਢ, ਦ, ਧ ਆਦਿ ਪ੍ਰਮੁੱਖ ਸਘੋਸ਼ ਧੁਨੀਆਂ ਹਨ।

8. ਕ, ਗ, ਚ, ਜ, ਟ, ਡ, ਤ, ਦ, ਪ, ਬ ਆਦਿ ਅਲਪ੍ਰਾਣ ਧੁਨੀਆਂ ਹਨ।

9. ਖ, ਘ, ਛ, ਝ, ਠ, ਢ, ਥ, ਧ, ਫ, ਭ ਆਦਿ ਮਹਾਪ੍ਰਾਣ ਧੁਨੀਆਂ ਹਨ।

10. ਪ੍ਰਯਤਨ ਦੇ ਆਧਾਰ ਤੇ ਅਸੀਂ ਧੁਨੀਆਂ ਨੂੰ ਕਈ ਭਾਗਾਂ ਵਿਚ ਵੰਡ ਸਕਦੇ ਹਾਂ ਜਿਵੇਂ ਕੀ, ਸਪਰਸ਼ੀ ਧੁਨੀਆਂ, ਸਪਰਸ਼ ਸੰਘਰਸ਼ੀ ਧੁਨੀਆਂ, ਸੰਘਰਸ਼ੀ ਧੁਨੀਆਂ, ਲੁਠਿੰਤ/ਰੋਲਦਾਰ ਧੁਨੀਆਂ, ਉਤਖਿਪਤ ਧੁਨੀਆਂ, ਪਾਰਸ਼ਵਿਕ/ਪਾਸੇਦਾਰ ਧੁਨੀਆਂ, ਅਰਧ-ਵਿਅੰਜਨ/ ਸ੍ਵਰ ਧੁਨੀਆਂ, ਨਾਸਿਕ ਧੁਨੀਆਂ ਆਦਿ

## 14.9 ExaminationOriented Question

1. ਵਿਅੰਜਨ ਧੁਨੀਆਂ ਕਿਨ੍ਹਾਂ ਧੁਨੀਆਂ ਨੂੰ ਕਿਹਾ ਜਾਂਦਾ ਹੈ ?

2. ਪੰਜਾਬੀ ਵਿਚ ਕਿੰਨੀਆਂ ਵਿਅੰਜਨ ਧੁਨੀਆਂ ਹਨ ?

3. ਕੰਠੀ ਧੁਨੀਆਂ ਬਾਰੇ ਦਸੋ ?

4. ਤਾਲਵੀ ਧੁਨੀਆਂ ਦੀਆਂ ਉਦਾਹਰਣਾਂ ਦਿਓ ।

5. ਮੂਰਧਨੀ ਧੁਨੀਆਂ ਦਸੋ।

6. ਅਘੋਸ਼ ਧੁਨੀਆਂ ਕਿਹੜੀਆਂ ਹਨ ?

7. ਸਘੋਸ਼ ਧੁਨੀਆਂ ਦਸੋ ।

8. ਅਲਪ੍ਰਾਣ ਧੁਨੀਆਂ ਦੀਆਂ ਉਦਾਹਰਣਾਂ ਦਸੋ ।

9. ਮਹਾਪ੍ਰਾਣ ਧੁਨੀਆਂ ਦਸੋ।

10. ਪ੍ਰਯਤਨ ਦੇ ਪ੍ਰਮੁੱਖ ਵਰਗੀਕਰਨ ਆਧਾਰ ਦਸੋ।

## 14.10 Suggested Reading

ਪੜ੍ਹਨ ਦੀ ਸਲਾਹ


1. ਅਗਨੀਹੋਤਰੀ, ਵੇਦ : ਪਰਿਚਾਇਕ ਭਾਸ਼ਾ ਵਿਗਿਆਨ, ਦੀਪਕ ਪਬਲੀਕੇਸ਼ਨ, ਜਲੰਧਰ। (1981)

2. ਹਰਕੀਰਤ ਸਿੰਘ : ਭਾਸ਼ਾ ਵਿਗਿਆਨ ਤੇ ਪੰਜਾਬੀ ਭਾਸ਼ਾ, ਬਾਹਰੀ ਪਬਲੀਕੇਸ਼ਨ, (1973)

3. ਸੰਘਾ ਸੁਖਵਿੰਦਰ ਸਿੰਘ : ਪੰਜਾਬੀ ਭਾਸ਼ਾ ਵਿਗਿਆਨ, ਪੰਜਾਬੀ ਭਾਸ਼ਾ ਅਕੈਡਮੀ ਜਲੰਧਰ ।

4. ਉਪਦੇਸ਼ ਕੌਰ, ਡਾ. : ਪੰਜਾਬੀ ਧੁਨੀ ਜਗਤ, ਦੀਪਕ ਪਬਲੀਕੇਸ਼ਨਜ਼, ਜਲੰਧਰ ।

5. ਪ੍ਰੋ. ਸ਼ੈਰੀ ਸਿੰਘ : ਭਾਸ਼ਾ ਵਿਗਿਆਨ, ਪੰਜਾਬੀ ਭਾਸ਼ਾ ਤੇ ਗੁਰਮੁੱਖੀ ਲਿਪੀ ।

## 14.11 References


1. Mario Pei, DictionaryOf Linguistics, Page-46
2. John Lyons, Language and Linguistics, Page-1981
3. ਡਾ. ਪ੍ਰੇਮ ਪ੍ਰਕਾਸ਼ ਸਿੰਘ, ਸਿਧਾਂਤਕ ਭਾਸ਼ਾ ਵਿਗਿਆਨ, ਪੰਨਾ-317
4. ਡਾ. ਉਪਦੇਸ਼ ਕੌਰ, ਪੰਜਾਬੀ ਧੁਨੀ ਜਗਤ, ਪੰਨਾ-34
5. ਉਹੀ, ਪੰਨਾ 40


-----o-----